# ਅਨੋਖਾ
# ਰਜਬ ਅਲੀ



ਕਵੀਸ਼ਰ

ਸੁਖਵਿੰਦਰ ਸਿੰਘ ਸੁਤੰਤਰ

# ਅਨੋਖਾ ਰਜਬ ਅਲੀ

## ਕਿੱਸੇ

### ਸੰਗਮ ਵਿੱਚ ਪ੍ਰਕਾਸ਼ਿਤ ਬਾਬੂ ਰਜਬ ਅਲੀ ਦੀਆਂ ਪੁਸਤਕਾਂ

1. ਰੰਗੀਲਾ ਰਜਬ ਅਲੀ
2. ਬਾਬੂ ਰਜਬ ਅਲੀ ਦੇ ਕਿੱਸੇ
3. ਦਸਮੇਸ਼ ਮਹਿਮਾ
4. ਜੋਸ਼ੀਲਾ ਰਜਬ ਅਲੀ
5. ਅਣਖੀਲਾ ਰਜਬ ਅਲੀ
6. ਅਨਮੋਲ ਰਜਬ ਅਲੀ
7. ਅਨੋਖਾ ਰਜਬ ਅਲੀ
8. ਅਨੂਠਾ ਰਜਬ ਅਲੀ
9. ਅਲਬੇਲਾ ਰਜਬ ਅਲੀ

# ਅਨੋਖਾ ਰਜਬ ਅਲੀ

ਸੰਪਾਦਕ
ਪ੍ਰੋਫੈਸਰ ਸੁਖਵਿੰਦਰ ਸਿੰਘ ਸੁਤੰਤਰ

ਸੰਗਮ ਪਬਲੀਕੇਸ਼ਨਜ਼, ਸਮਾਣਾ

**Anokha Rajab Ali**
a book of poetry
Edited by
Sukhwinder Singh Suttantar

ਕਵੀਸ਼ਰ ਸੁਖਵਿੰਦਰ ਸਿੰਘ 'ਸੁਤੰਤਰ'
ਪੱਖਾ ਕਲਾਂ, ਬਠਿੰਡਾ-151401
ਫੋਨ ਨੰ: 9876816866
www.suttanter.com
e.mail:info@suttanter.com

© ਸੰਪਾਦਕ

ਪਹਿਲੀ ਵਾਰ: 400 ਕਾਪੀਆਂ
2010

ISBN-978-93-80085-62-3

ਪ੍ਰਕਾਸ਼ਕ : ਸੰਗਮ ਪਬਲੀਕੇਸ਼ਨਜ਼,
ਸੇਖੋਂ ਕਲੋਨੀ, ਪਿੱਛੇ ਬੱਸ ਸਟੈਂਡ,
ਸਮਾਣਾ-147101, ਜ਼ਿਲ੍ਹਾ: ਪਟਿਆਲਾ
ਫੋਨ : 01764-223047 , 222347
ਮੋਬਾਇਲ 98152-43917

ਟਾਈਪ : ਸੰਗਮ ਟਾਈਪ ਸੈਂਟਰਜ਼, ਸਮਾਣਾ
ਪ੍ਰਿੰਟਰਜ਼ : ਸ਼ਿਵ ਸ਼ਕਤੀ ਪ੍ਰਿੰਟਰਜ਼, ਦਿੱਲੀ

ਮੁੱਲ : **250/- ਰੁਪਏ**

ਸਮਰਪਣ !

ਬਹੁਤ ਹੀ ਸਤਿਕਾਰਯੋਗ
ਪਿਤਾ ਸਰਦਾਰ ਦਰਬਾਰਾ ਸਿੰਘ ਜੀ ਨੂੰ
ਅਤਿ ਅਦਬ ਸਹਿਤ

## ਤਤਕਰਾ


- ਗੁਰੂ ਨਾਨਕ ਸਾਂਝੇ ਕੁੱਲ ਦੇ ਐ/15
- ਮਹਿਮਾ ਸ੍ਰੀ ਹਰਿਮੰਦਰ ਸਾਹਿਬ/18
- ਬਹਾਦਰ ਬਾਬਾ ਦੀਪ ਸਿੰਘ ਜੀ/20
- ਮਾਲਕ ਭਲੇ ਪੁਰਸ਼ ਦੇ ਹੱਥ ਫੜੇਂ/29
- ਰਮਾਇਣ ਰੰਜਬਅਲੀ/32
- ਮਿਹਰ ਦੀ ਨਜ਼ਰ/87
- ਕਿੱਸਾ ਸੁੱਖਾ ਸਿੰਘ ਸੂਰਮਾ/89
- ਰੱਬ ਵੇਖੀ ਚੀਜ਼ ਨਾ ਲੁਕੋਂਦੀ ਇਹ ਭੌਂ/169
- ਰਾਜਾ ਰਤਨ ਸੈਨ ਅਤੇ ਰਾਣੀ ਪਦਮਣੀ/171
- ਹਾਸਰਸ ਛੰਦ:ਮੇਰੇ ਸਹੁਰੇ ਜੈਸੀ ਕੋਹੜੇਂ ਕਰਤੂਤ ਕਰਦੀ/221

TARLOCHAN SINGH
Member of Parliament
(Rajya Sabha)

6 S. Dr. Zakir Hussain Marg
New Delhi - 110 003
Ph: 23384564
E-mail: tarlochan@sansad.nic.in



ਕਦੇ ਪਿੰਡਾਂ ਦੇ ਮੇਲੇ ਜਾਂ ਜਲਸੇ ਕਵੀਸ਼ਰ ਹੀ ਸਜਾਉਂਦੇ ਹੁੰਦੇ ਸੀ। ਇਹ ਇੱਕ ਕੌੜਾ ਸੱਚ ਹੈ ਸਮੇਂ ਦੇ ਪੱਛਮੀ ਪ੍ਰਭਾਵ ਕਾਰਨ ਲੋਕ ਕਲਾਵਾਂ ਦਾ ਘਾਣ ਹੋਇਆ। ਜਿਨ੍ਹਾਂ 'ਚੋਂ ਕਵੀਸ਼ਰੀ ਗਾਇਨ ਜੋ ਸਾਡੇ ਦੇ ਸਭ ਤੋਂ ਨੇੜੇ ਸੀ ਓਹੀ ਸਾਥੋਂ ਸਭ ਤੋਂ ਦੂਰ ਹੋ ਗਿਆ।

ਇਸ ਕਵੀਸ਼ਰੀ ਗਾਇਨ ਰਾਹੀਂ ਠੇਠ ਲੋਕ ਬੋਲੀ ਵਿਚ ਸ਼ਾਇਦ ਹੀ ਕਿਸੇ ਸ਼ਾਇਰ ਨੇ ਇਤਿਹਾਸ, ਮਿਥਿਹਾਸ ਤੇ ਹਰ ਮਜ਼੍ਹਬ ਦੇ ਦਰਵੇਸ਼ਾਂ ਤੋਂ ਲੈ ਕੇ ਲੋਕ ਨਾਇਕਾਂ ਨੂੰ ਆਪਣੀ ਕਲਮ ਜ਼ਰੀਏ ਆਪਣੇ ਲੋਕਾਂ ਦੇ ਰੂਬਰੂ ਕੀਤਾ ਹੋਵੇ, ਜੋ ਬਾਬੂ ਰਜਬ ਅਲੀ ਖਾਂ ਨੇ ਕੀਤਾ। ਸਮੇਂ ਦੇ ਪਾਰਖੂ ਲੋਕਾਂ 'ਚ ਰੂਹਾਨੀ ਸ਼ਾਇਰ ਦਾ ਰੁਤਬਾ ਹਾਸਿਲ ਕਰਨ ਵਾਲੇ ਇਸ ਸ਼ਾਇਰ ਦਾ, ਸ੍ਰਿਸ਼ਟੀ ਦੀ ਅਸੀਮ ਪ੍ਰੇਮ ਕਰਕੇ ਨੇ ਵੀ ਵਕਤੀ ਵੰਡ ਸੰਤਾਲੀ ਦੀ ਆਫ਼ਤ ਪਾਕੇ ਪਰਖ ਕੀਤੀ ਤੇ ਉਸਨੂੰ ਜਨਮ ਭੂਮੀ 'ਚੋਂ ਕੱਢ ਪਾਕਿਸਤਾਨ ਦੇ ਵੱਲ ਤੋਰ ਦਿੱਤਾ। ਉਸ ਕਸੌਟੀ ਤੇ ਵੀ ਰਜਬ ਅਲੀ ਖਾਂ ਨੇ ਪੂਰਨ ਇਨਸਾਨ ਤੇ ਨਿਰਪੱਖ ਸ਼ਾਇਰ ਦਾ ਸਬੂਤ ਦਿੱਤਾ, ਹਿੰਦੂ ਧਰਮ ਦੇ ਮਹਾਂ-ਕਾਵਿ ਰਾਮਾਇਣ ਨੂੰ ਪਹਿਲੀ ਵਾਰ ਪੰਜਾਬੀ ਵਿੱਚ ਲਿਖ ਲੋਕਾਂ ਦੀ ਝੋਲੀ ਪਾਇਆ। ਜੋ ਇਸ ਸੰਗਲੀ ਕਿਤਾਬ ਵਿਚ ਦਰਜ ਹੈ।

'ਅਨੋਖਾ ਰਜਬ ਅਲੀ' ਬਾਬੂ ਜੀ ਦੀ ਅਨੋਖੀ ਪ੍ਰਤਿਭਾ ਨੂੰ ਪਾਠਕਾਂ ਦੇ ਸਨਮੁੱਖ ਕਰਦੀ ਹੈ। ਇਸ ਵਿਚ ਕਲੀ ਰੂਪਕ ਵਿੱਚ 'ਸ਼ਹੀਦ ਬਾਬਾ ਦੀਪ ਸਿੰਘ' ਸਾਰੰਗੀ ਤੇ ਗਾਇਣ ਲਈ ਗਵੰਤਰੀਆਂ ਵਾਸਤੇ ਵਿਸ਼ੇਸ਼ ਕਵੀਸ਼ਰੀ ਤੋਂ ਬਾਹਰ ਦਾ ਕਾਵਿਕ ਰੂਪ ਹੈ। ਜੋ ਅਸਲੀ ਪੰਜਾਬੀ ਲੋਕ ਸਭਿਆਚਾਰ ਦੀ 'ਕਲੀ' ਦਾ ਖਾਲਿਸ ਰੂਪ ਹੈ। ਸੁੱਚਾ ਸੂਰਮਾ ਸਮਾਜਿਕ ਲੋਕ ਨਾਇਕ, ਰਾਜਾ ਰਤਨ ਸੈਣ ਇਤਿਹਾਸਕ ਰੁਮਾਂਸੀ ਘਟਨਾ ਤੇ ਅਧਾਰਿਤ ਕਵੀਸ਼ਰੀ ਗਾਇਨ ਸ਼ਾਮਲ ਹਨ। ਇਹਨਾਂ ਸਾਰੇ ਹੀ ਪ੍ਰਸੰਗਾਂ ਵਿੱਚ ਉਹਨਾਂ ਦਾ ਕਿਤੇ ਵੀ ਆਪਣੇ ਮੁਸਲਿਮ ਮਜ਼੍ਹਬ ਦਾ ਉਲਾਰ ਰੱਤਾ ਭਰ ਵੀ ਨਹੀਂ ਆਇਆ। ਕੋਈ ਵੀ ਪਾਠਕ ਪੜ੍ਹਕੇ ਇਹ ਨਹੀਂ ਕਹਿ ਸਕਦਾ ਕਿ ਇਹ ਪ੍ਰਸੰਗ ਇਕ ਮੁਸਲਮਾਨ ਸ਼ਾਇਰ ਦੇ ਲਿਖੇ ਹੋਏ ਹਨ।

ਉਨ੍ਹਾਂ ਦੇ ਬਹੁਤ ਹੀ ਪਿਆਰੇ ਸ਼ਾਗਿਰਦ ਜਥੇਦਾਰ ਜਗਮੇਲ ਸਿੰਘ ਜੀ ਨੇ ਸਾਰੀ ਉਮਰ ਉਨ੍ਹਾਂ ਦੀ ਰਚਨਾਂ ਨੂੰ ਸੁੱਚੇ ਮੋਤੀਆਂ ਵਾਂਗ ਸਾਂਭਿਆ ਅਤੇ ਹੁਣ ਕਵੀਸ਼ਰੀ ਲੋਕ ਸਾਹਿਤ ਦੇ ਆਸ਼ਕ ਸੁਖਵਿੰਦਰ ਸਿੰਘ ਸੁਤੰਤਰ ਨੂੰ ਸਾਰੀ ਰਚਨਾ ਲੋਕਾਂ ਲਈ ਕਿਤਾਬ ਦਰ ਕਿਤਾਬ ਭੇਟ ਕਰਨ ਦੇ ਅਧਿਕਾਰ ਦਿੱਤੇ ਹਨ। ਪੰਜਾਬੀ ਸਾਹਿਤ ਦੇ ਪਾਠਕ ਜਥੇਦਾਰ ਜੀ ਦੀ ਸਿਆਣਪ ਤੇ ਸੇਵਾ ਦੇ ਹਮੇਸ਼ਾ ਰਿਣੀ ਰਹਿਣਗੇ।

**CHARDIKLA TIME TV**

Ref. No. [illegible]

Date: [illegible]

# ਸੰਦੇਸ਼

[illegible]

[illegible]

[illegible]

[illegible]

[illegible]

[illegible]

[illegible]

ਪੰਜਾਬ ਅਤੇ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਬਾਬੂ ਰਜਬ ਅਲੀ ਖ਼ਾਨ ਜੀ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਲਿਖੇ ਜਾਣ ਦੇ ਯੋਗ ਹੈ। ਉਹ ਪੰਜਾਬੀ ਸਭਿਆਚਾਰ ਦੀ ਪੰਜਾਬੀ ਕਿਰਦਾਰ ਦੀ ਮੂੰਹ-ਬੋਲਦੀ ਤਸਵੀਰ ਸਨ। ਉਹ ਕਥਨੀ ਕਰਨੀ ਦੇ ਪੂਰੇ-ਸੂਰੇ ਇਨਸਾਨ ਸਨ। ਉਹ ਆਪਣੇ ਇਸਲਾਮੀ ਮਜ਼ਹਬ ਵਿੱਚ ਪਰਪੱਕ, ਇੱਕ ਪੂਰਨ ਸ਼ਰਈ ਮੁਸਲਮਾਨ ਸਨ। ਇੱਕ ਮਹਾਨ ਕ੍ਰਾਂਤੀਕਾਰੀ ਸ਼ਾਇਰ ਸਨ। ਉਨ੍ਹਾਂ ਸ਼ਾਇਰੀ ਵਿੱਚ ਪਾਠਕਾਂ ਤੇ ਸਰੋਤਿਆਂ ਨੂੰ ਐਂਜੀਸ਼ਨ ਦੀ ਸ਼ਕਤੀ ਸੀ—ਕੀਲਣ ਦੀ ਸਮਰੱਥਾ ਸੀ। ਉਨ੍ਹਾਂ ਦੇ ਲਿਖੇ ਛੰਦ-ਕਬਿੱਤ ਬੈਂਤਾ-ਪਉੜੀਆਂ ਵਾਰਾਂ ਅੱਜ ਤੱਕ ਲੋਕ ਸਿਮ੍ਰਤੀ ਦਾ ਅੰਗ ਹਨ ਅਤੇ ਪੰਜਾਬੀ ਦਾ ਅਨਮੋਲ ਖਜ਼ਾਨਾ ਹਨ। ਬਾਬੂ ਜੀ ਦਾ ਕਵੀ ਪਿਆਰ ਅਤੇ ਜਜ਼ਬਾ ਪਾਣੀ ਦੇ ੧੦੦ ਡਿਗਰੀ ਉੱਤੇ ਉਬਾਲ਼ੇ ਖਾਣ ਵਾਂਗ ਸੀ। ਉਹ ਪੰਜਾਬ ਦਾ ਨਿਰਮੋਲ ਹੀਰਾ ਸੀ।

ਮਾਨਯੋਗ ਕਵੀਸ਼ਰ ਬਾਬੂ ਰਜਬ ਅਲੀ ਖ਼ਾਨ ਜੀ ਵੀਹਵੀਂ ਸਦੀ ਦੇ ਮਹਾਨ ਹੋਏ ਹਨ। ਬਾਬੂ ਜੀ ਦੀ ਪ੍ਰਤਿਭਾ ਬੁੱਧੀ ਦੇ ਸੁਆਮੀ- ਉੱਚ ਉਡਾਰੀਆਂ ਲਾਉਣ ਵਾਲੇ ਯਥਾਰਥ ਨੂੰ ਬਿਆਨ ਕਰਨ ਵਾਲੇ ਵਿਦਵਾਨ-ਅਲਬੇਲੇ ਕਵੀ ਸਨ। ਬਾਬੂ ਰਜਬ ਅਲੀ ਖ਼ਾਨ ਜੀ ਦਾ ਪੰਜਾਬੀ ਸ਼ਾਇਰੀ ਭੰਡਾਰ ਵਿੱਚ ਅਜੇਹਾ ਨਾਂ ਹੈ। ਜਿਸ ਦੇ ਤੁੱਲ ਹੋਰ ਕੋਈ ਨਹੀਂ ਹੈ। ਬਾਬੂ ਰਜਬ ਅਲੀ, ਕੇਵਲ ਇੱਕ ਵਿਅਕਤੀ ਨਹੀਂ ਸਗੋਂ ਪੂਰੇ-ਸੂਰੇ ਅਮੁੱਲ ਅਟੁੱਟ ਮਲਵਈ ਕਾਵਿ ਸੋਮੇ ਦਾ ਨਾਂ ਰਜਬ ਅਲੀ ਹੈ। ਬਾਬੂ ਜੀ ਦੀ ਸ਼ਾਇਰੀ ਨੂੰ ਪੰਜਾਬੀ ਸ਼ਾਇਰੀ ਦੇ ਇਤਿਹਾਸ ਵਿਚ ਇੱਕ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਬਾਬੂ ਜੀ ਦੀ ਸ਼ਾਇਰੀ ਨੂੰ ਪੰਜਾਬੀ ਸਾਹਿਤ ਨੇ ਕਬੂਲਿਆ ਹੈ। ਬਾਬੂ ਜੀ ਦੀ ਜਿੰਨੀ ਵੀ ਕਵਿਤਾ ਲਿਖੀ ਸੀ ਉਹ ਧੁਰ ਅੰਦਰੋਂ ਲਿਖੀ ਸੀ। ਬਿਨਾਂ ਕਿਸੇ ਵਿਤਕਰੇ-ਦਵੈਸ਼ ਈਰਖਾ ਦੇ, ਬਿਨਾਂ ਕਿਸੇ ਧਰਮ ਨਸਲ-ਜਾਤ ਦੇ ਭੇਦ-ਭਾਵ ਤੋਂ ਲਿਖੀ ਸੀ। ਕਵੀ ਦਾ ਲੇਖਕ ਦਾ ਜੋ ਮੁੱਖ ਫ਼ਰਜ਼ ਹੁੰਦਾ ਹੈ। ਉਹ ਬਾਬੂ ਜੀ ਨੇ ਬਾਖ਼ੂਬੀ ਆਪਣੀ ਕਾਵਿ ਰਚਨਾ ਵਿਚ ਨਿਭਾਇਆ ਹੈ। ਮਾਲਵੇ ਦੀ ਬੋਲੀ ਦੇ ਅਹਿਸਾਸ ਪ੍ਰਗਟਾਈ ਨੂੰ ਕਵੀਸ਼ਰੀ ਵਿਚ ਕਰਨਾ ਬਾਬੂ ਜੀ ਦਾ ਕਮਾਲ ਸੀ। ਬਾਬੂ ਜੀ ਦੇ ਛੰਦਾਂ ਦੀ ਰਚਨਾ ਦੂਜੇ ਕਵੀਆਂ ਨਾਲੋਂ ਵਿਭਿੰਨ ਸੀ। ਬਾਬੂ ਜੀ ਨੇ ਅਧਿਆਤਮਕ, ਸਮਾਜਕ, ਭੂਗੋਲਿਕ ਸਭਿਆਚਾਰਕ ਅਣਗਿਣਤ ਛੰਦ ਲਿਖੇ ਹਨ। ਉਨ੍ਹਾਂ ਨੇ ਆਪਣੇ ਛੰਦਾਂ ਵਿੱਚ ਨੌਂ ਰਸ ਬੜੀ ਸੁਹਜ ਅਤੇ ਸਿਆਣਪ ਨਾਲ ਭਰੇ ਹਨ। ਬਹੱਤਰ ਕਲਾ ਛੰਦ ਅਤੇ ਬਾਬੂ ਤਰਜ਼ ਇਹ ਰਚਨਾ ਉਹਨਾਂ ਦੀ ਆਪਣੀ ਹੈ ਜੋ, ਦੂਜੇ ਸ਼ਾਇਰਾਂ ਨਾਲੋਂ ਵੱਖਰੀ ਹੈ।

ਬਾਬੂ ਜੀ ਨੇ ਅਲੱਗ-ਅਲੱਗ ਰਸਾਂ ਵਿਚ ਕਵਿਤਾਵਾਂ ਲਿਖੀਆਂ ਹਨ। ਦੇਸ਼ਮੱਸ਼ ਮਹਿਮਾ ਵਿੱਚ ਮਨੋਹਰ ਭਵਾਨੀ ਛੰਦ 'ਚ, ਸ਼ਿੰਗਾਰ ਰਸ ਭਰਿਆ ਹੈ।

### ਸ਼ਿੰਗਾਰ ਰਸ-2

1. ਲੱਗੇ ਗੁਰਦੁਆਰੇ ਭਾਗ, ਫੁੱਲ ਖੁਸ਼ੀਆਂ ਦੇ ਬਾਗ, ਹੋਣ ਲੱਗੇ ਰੰਗ ਰਾਗ
ਸੰਗਤਾਂ ਜੁੜਗੀਆਂ, ਮਿੱਠੀਆਂ ਜ਼ਬਾਨਾਂ ਦਿਲਾਂ ਨੂੰ ਪੜ੍ਹਗੀਆਂ।

**ਕਮਾਲੀ ਤਰਸ-3**

ਗੁਰੂ ਦਾਸ ਘਲੈਂਦੇ ਵਿਆਹ ਤੇ, ਬੜੇ ਉਮਦਾ ਥਾਨ ਮੰਗਾਤੇ, ਸੋਨ ਦਰਜੀ ਘਰੇ ਸਮਾਤੇ,
ਖਰਿਆ ਖਰਚ ਅਨੰਤ ਸੀ ਜਰਦੇ ਐ। ਫੁੱਲ ਬਰਮੱਲ–ਬਰਮੱਲ ਕਰਦੇ ਐ।

**2. ਰੌਦਰ ਰਸ -ਸੂਬਾ ਦੇਤਾਰਾ-4**

1. ਦੇਖ ਦਾਜ ਲਿਉਂਦੇ ਨੂੰ, ਸ਼ੀਮ ਦੇ ਸੂਲ ਕਾਲਜੇ ਪੈਂਦੇ, ਅਗਨ ਪਈ ਮੱਚਦੀ।
ਏਸ ਨਵੇਂ ਗੁਰੂ ਦੀ ਜੋ, ਅਸੀਂ ਜਦ ਠੀਕ ਖ਼ਬਰ ਨਹੀਂ ਲੈਂਦੇ, ਨਹੀਂ ਜਿੰਦ ਬਚਦੀ।
ਕੁਝ ਚੀਜ਼ਾਂ ਮੰਗੀਆਂ ਸੀ, ਦੁਆਨ ਵਿੱਚ ਕਰੀ ਬੇਇੱਜ਼ਤੀ ਮੇਰੀ, ਕੁਸਾਂ ਲਾਲ ਚੜ੍ਹਮਾਂ।
ਗੀਮ ਕਰੇ ਨਰਾਜ਼ਗੀਆਂ, ਫੋੜ ਦਿਆਂ ਤੇਲ ਭਰੀ ਘੀ ਬੋਰੀ, ਦੁਸ਼ਮਣਾ ਕੁਤਮਾਂ।

**ਕਰੁਣ ਰਸ-ਛੰਦ ਏਕ-5**

1. ਰਾਜਾ ਸੀ ਰੋ ਪਿਆ ਖੜ੍ਹਕੇ, ਰਾਣੀ ਦੇ ਕੋਲੇ ਜੀ
ਪਿੰਡ ਦੇ ਵਿੱਚ ਬਣਗੇ ਮੇਰੇ, ਫਿਕਰਾਂ ਦੇ ਗੋਲੇ ਜੀ
ਕਹਿੰਦੇ ਨਾਂ ਲੈਂਦੇ ਤੇਰੀ ਲੜਕੀ ਦੇ ਡੋਲੇ ਜੀ।
ਜਾਣੀ ਦੀ ਗਾਲ ਮਾਰ ਜਾਂ, ਖੜ੍ਹਕੇ ਤੇ ਖੂਹੇ ਤੇ।
ਆਪਣੀ ਪੀ ਤੇਲ ਭਰੀ ਦੀ ਛੱਡਦਾਗੀ ਖੂਹੇ ਤੇ।

**ਸ਼ਿਆਨਕ-ਰਸ-ਦੇ ਭਾਗ ਛੰਦ-6**

1. ਪਹਿਲਾਂ ਛੁੱਟੀ ਚਾਹੀਦੀ ਹਜ਼ੂਰ ਮਾਲਜਾ
ਮੇਰੇ ਗਵੇ ਤੋਂ ਮੁੱਨਣ ਬਹਾਉਣਾ ਭਾਣਜਾ।

**ਵੀਰ-ਰਸ-ਸੂਦਾ ਛੰਦ-9**

ਮਾਮਾ ਸੰਬੰਦਾਰ ਕ੍ਰਿਪਾਲ ਚੰਦ ਸੀ, ਗੁਰੂ ਗੋਬਿੰਦ ਸਿੰਘ ਦਾ।
ਮੰਨਣਾ ਨਾ ਦਾਬਾ ਹੌਸਲਾ ਬੁਲੰਦ ਸੀ, ਔਰੰਗਜ਼ੇਬ ਫਿਰਗ ਦਾ।
ਭੰਗਾਣੀ ਦਾ ਘਾਟ ਰੋਕ ਕੇ ਖੜ੍ਹਨਗੇ, ਮੱਲਣ ਨਾਲੇ ਗੱਭਰੂ।
ਗੁਰਾਂ ਦੀ ਮਦਦ ਲੜਨ ਚੜ੍ਹਨਗੇ, ਬੜੇ ਲੜਾਕੇ ਗੱਭਰੂ।

**ਬੀਭਤਸ ਰਸ-ਦੇ ਭਾਗ ਛੰਦ-ਗੀਮ ਚੰਦੀ**

1. ਜਦੋਂ ਰਾਜ ਹਿੰਦ ਦੇ ਫਰਮਸੀਰ ਦੇ,
ਸੁਣ ਖੜ੍ਹੇ ਹੋਗੇ ਰੋਂਗਟੇ ਸਰੀਰ ਦੇ,
ਜਾਲਮ ਸ਼ਹਿਜ਼ਾਦਾ ਮੁਗਲਾਂ ਦੀ ਨਸਲੋਂ,
ਉਦੋਂ ਪੈ ਗਿਆ ਰਾਜ ਮੇਂ ਅੰਧੇਰ ਅਸਲੋਂ।

**ਅਦਭੁਤ ਰਸ-ਏਕ ਦੂਪਹਰੀ-14**

1. ਜਿੰਨ ਨੂੰ ਜਾ ਆਖਣ ਲੱਗਾ ਪੰਡਤ ਘੀ ਨਿਆਲੀ ਨੂੰ,
ਸ਼ੇਰ ਦੀਆਂ ਮਿਨਤਾਂ ਕਰਕੇ, ਲਿਆਏਂਦਾ ਸੀ ਘਾਣੀ ਨੂੰ।
ਗਲ ਦੇ ਵਿੱਚ ਪੱਲੂ ਪਾ ਕੇ ਚਰਨੀ ਹੱਥ ਲਾਉਣਾ ਸੀ,
ਐਹੋ ਜੇ ਸੂਰਮੇ ਦਾ ਦਰਸ਼ਨ ਕਰਵੋਣਾ ਸੀ।

### ਸ਼ਾਂਤ ਰਸ-ਤਰਜ਼-22

1. ਚੰਦੀ ਸ਼ਾਪੀ ਗੱਭਰੂ ਦੇ ਚੇਹਰੇ, ਬੱਬਰ ਸ਼ੇਰ ਟਾਵੇਂ-ਟਾਵੇਂ ਐ
ਇਨ੍ਹਾਂ ਜੰਗਲਾਂ 'ਚ ਰਿੱਦੜ ਚਕੋਰ ਸੂਰਮਿਆਂ ਦੇ ਦਰਸ਼ ਨਾਵੇਂ ਐ।
ਫੁੱਲ ਨਾਲੋਂ ਬੁਲਬੁਲ ਜੋ ਵਿਛੋੜੀ, ਪੱਲੇ ਪੈਂਦੇ ਸੀਰੇ ਝੂਰਨੇ,
ਏਹਾਂ ਵਿੱਛੜਿਆਂ ਖੁਮਰਿਆਂ ਦੀ ਜੋੜੀ, ਮਿਲਾਤੀ ਮੇਰੇ ਸਤਗੁਰ ਨੇ।

### ਹਾਸ-ਰਸ- ਕਿੱਸਾ ਗੁਰਨਾਮ ਸਿੰਘ ਸ਼ਾਊ ਕੇ
### ਮਨੋਹਰ ਭਵਾਨੀ ਛੰਦ 75

ਘੀ ਦੇ ਪਿੰਡ 'ਚ ਜਨੌਮੇਂ, ਭੈ ਦੁੱਖਾ ਦੇ ਡ੍ਰੈਂਟੇ ਸ਼ੰਮੇ, ਗੀਤਾ ਖੱਲ੍ਹਵੀ ਪੁੱਜੇ,
ਤੇ ਸੁਨਾਉਣ ਬਹਿ ਗਿਆ। ਫਟੀ ਢੂੰਜ ਵਾਂਗ ਕੁਰਲਾਉਣ ਡਹਿ ਗਿਆ।
ਸਾਫ ਆਖੀ ਐ ਕੰਗਾਲ, ਮੈਂ ਸੁਣਾਵਾਂ ਗਿਣ ਮਾਲ, ਕੱਲੇ ਪੱਲੀ ਨਾ ਕਨਾਲ,
ਇਕ ਬਾਂ ਦਾ ਪੰਗਾ ਹੈ। ਗੁਜ਼ਾਰਾ ਤਾਂ ਪ੍ਰਾਹੁਣੇ ਦਾ ਚਕੋਰਾ ਚੰਗਾ ਹੈ।

ਬਾਬਾ ਰਜਬ ਅਲੀ ਖਾਨ ਜੀ ਅਮੋਲਕ ਰਚਨਾ ਬਾਰੇ ਮੈਂ ਨਾਚੀਜ਼ ਇੱਕ ਕਿਨਕਾ ਮਾਤ੍ਰ ਵੀ ਕੁਝ ਲਿਖ ਨਹੀਂ ਸਕਦਾ। ਕਿਉਂਕਿ ਇਸ ਮਹਾਨ ਸ਼ਾਇਰ ਬਾਰੇ ਕੁਝ ਸਿਫ਼ਤ ਸਲਾਹ ਲਿਖਣ ਦੀ ਮੇਰੇ 'ਚ ਸਮਰੱਥਾ ਨਹੀਂ। ਦਾਸ ਨੇ ਇਹ ਜੋ ਚੰਦ ਹਰਫ਼ ਲਿਖੇ ਹਨ, ਇਹ ਤਾਂ ਧੁਰ ਆਤਮਾ ਤੋਂ ਭੇਟ ਕੀਤੇ ਸ਼ਰਧਾ ਦੇ ਤੁੱਛ ਜਿਹੇ ਫੁੱਲ ਹਨ।

ਮੇਰੇ ਪਿਆਰੇ ਵੀਰ ਸੁਖਵਿੰਦਰ ਸਿੰਘ "ਸੁਤੰਤਰ" ਵੱਲੋਂ ਮਰਹੂਮ ਬਾਬਾ ਜੀ ਦੀ ਕਾਵਿ ਸ਼ਾਇਰੀ ਦੀ ਮਹੱਤਤਾ ਨੂੰ ਪਰਵਾਨਦਿਆਂ ਹੀ ਮਲਵਈ ਕਾਵਿ ਸ਼ਾਇਰੀ ਨੂੰ ਵਿਸਤ੍ਰਿਤ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਦਾਸ, ਵਾਹਿਗੁਰੂ ਅੱਗੇ ਦਿਲੋਂ ਅਰਦਾਸ ਹੈ ਪਿਆਰੇ ਵੀਰ ਸੁਖਵਿੰਦਰ ਸਿੰਘ 'ਸੁਤੰਤਰ' ਨੂੰ ਬਾਬੂ ਜੀ ਦੀ ਰਚਨਾ ਨੂੰ ਸੰਪਾਦਨ ਕਰਨ ਲਈ ਅਕਾਲ ਪੁਰਖ ਦਿਨ ਦੁੱਗਣੀ ਰਾਤ ਚੋਗੁਣੀ ਤਰੱਕੀ ਬਖਸ਼ੇ। ਪਿਆਰੇ ਵੀਰ ਦਾ ਪਰਮਾਤਮਾ ਹੌਂਸਲਾ ਬੁਲੰਦ ਰੱਖੇ।

ਸਦ ਆਮੀਨ

ਦਾਸਰਾ: ਬਾਬਾ ਕੁਲਦੀਪ ਸਿੰਘ 'ਸਖਤ'

# ਮੁੱਖ ਸ਼ਬਦ

## ਕਵੀਸ਼ਰੀ ਪਰੰਪਰਾ ਦੀ ਸੰਭਾਲ ਦਾ ਸਾਰਥਕ ਯਤਨ

ਸੂਬੇਦਾਰ ਹੰਸ ਸਿੰਘ ਕਵੀਸ਼ਰ ਦੇ ਸਿਸ਼ ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ ਆਮ ਤੌਰ ਤੇ ਕਵੀਸ਼ਰੀ ਅਖਾੜਿਆਂ ਵਿਚ ਬਾਬੂ ਰਜਬ ਅਲੀ ਜੀ ਦਾ ਕਲਾਮ ਹੀ ਸੁਣਾਉਂਦੇ ਹਨ। ਹੰਸ ਸਿੰਘ ਕਵੀਸ਼ਰ 'ਬਾਬੂ ਕਾਵਿ ਘਰਾਣੇ' ਦੇ ਮਹੱਤਵਪੂਰਨ ਕਵੀਸ਼ਰ ਹਨ। 'ਕਵੀਸ਼ਰ ਸ਼ਰੋਮਣੀ' ਦਾ ਰੁਤਬਾ 'ਪ੍ਰਾਪਤ ਬਾਬੂ ਰਜਬ ਅਲੀ ਜੀ ਨੇ ਆਪਣੀ ਕਲਮ ਤੋਂ ਕੋਈ 81 ਕਿੱਸਿਆਂ, ਪ੍ਰਸੰਗਾਂ ਦੀ ਰਚਨਾ ਕੀਤੀ ਆਪ ਜੀ ਦੀ ਬਹੁਤੀ ਰਚਨਾ ਅਣਪ੍ਰਕਾਸ਼ ਅਤੇ ਮੌਖਿਕ ਰੂਪ ਵਿਚ ਕਵੀਸ਼ਰਾਂ ਪਾਸ ਮੂੰਹੋਂ ਮੂੰਹੀ ਚੱਲ ਰਹੀ ਹੈ। ਸ. ਸੁਖਵਿੰਦਰ ਸਿੰਘ ਸੁਤੰਤਰ ਕਵੀਸ਼ਰ ਨੇ ਬਾਬੂ ਰਜਬ ਅਲੀ ਜੀ ਇਕ ਹੋਰ ਸ਼ਾਗਿਰਦ ਜੱਥੇਦਾਰ ਜਗਮੇਲ ਸਿੰਘ ਬਾਜਕ ਸਾਹਿਬ ਦੇ ਹੁਕਮ ਸਦਕਾ ਬਾਬੂ ਜੀ ਦੀਆਂ ਸਾਰੀਆਂ ਰਚਨਾਵਾਂ ਨੂੰ ਪ੍ਰਕਾਸ਼ਤ ਕਰਾਉਣ ਦਾ ਪ੍ਰੋਗਰਾਮ ਬਣਾਇਆ ਅਤੇ ਬਾਬੂ ਰਜਬ ਅਲੀ ਜੀ ਦੀ ਰਚਨਾ ਨੂੰ ਇਸ ਪੁਸਤਕ ਤੋਂ ਪਹਿਲਾਂ ਵੀ ਸੰਚੀਆਂ ਰੰਗੀਲਾ ਰਜਬ ਅਲੀ, ਬਾਬੂ ਰਜਬ ਅਲੀ ਦੇ ਕਿੱਸੇ, ਦਸਮੇਸ਼ ਮਹਿਮਾ, ਜੋਸ਼ੀਲਾ ਰਜਬ ਅਲੀ, ਅਣਖੀਲਾ ਰਜਬ ਅਲੀ, ਅਨਮੋਲ ਰਜਬ ਅਲੀ ਦੇ ਨਾਂ ਹੇਠਾਂ ਪ੍ਰਕਾਸ਼ਤ ਕਰਵਾ ਚੁੱਕੇ ਹਨ।

ਸੁਤੰਤਰ ਜੀ ਨੇ ਇਸ ਸਤਵੀਂ ਪੁਸਤਕ ਵਿਚ ਬਾਬੂ ਰਜਬ ਅਲੀ ਜੀ ਦੇ ਤਿੰਨ ਕਿੱਸੇ ਰੋਮਾਂਟਿਕ, ਕਿੱਸਾ, ਸੁੱਚਾ ਸਿੰਘ ਸੂਰਮਾ, ਕਿੱਸਾ ਰਾਜਾ ਰਤਨ ਸੈਨ ਅਤੇ ਰਾਣੀ ਪਦਮਣੀ, ਇਕ ਪ੍ਰਸੰਗ ਕਲੀ ਰੂਪਕ ਬਹਾਦਰ ਬਾਬਾ ਦੀਪ ਸਿੰਘ ਜੀ ਅਤੇ ਕੁਝ ਹੋਰ ਫੁਟਕਲ ਰਚਨਾਵਾਂ ਗੁਰੂ ਨਾਨਕ ਸਾਂਝੇ ਕੁਲ ਦੇ ਐ, ਮਾਲਕ ਕੁਲ ਪੁਰਸ਼ ਦੇ ਹੱਥ ਤੇ, ਮਿਹਰ ਦੀ ਨਜ਼ਰ, ਚੋਬ ਕੋਈ ਚੀਜ਼ ਨਾ ਲਕੋਈ ਹਿੰਦ ਤੋਂ, ਹਾਸ ਰਸ ਛੰਦ ਆਦਿ ਦਾ ਸੰਪਾਦਨ ਕੀਤਾ ਹੈ। ਲੋਕ ਸਿਮਰਤੀ ਵਿਚ ਸੰਭਾਲੀਆਂ ਲੋਕ ਕਥਾਵਾਂ ਦਾ ਵੱਡਮੁੱਲਾ ਖ਼ਜ਼ਾਨਾ ਸਾਨੂੰ ਵਿਰਸੇ ਵਿਚ ਹਾਸਲ ਹੈ। ਪੰਜਾਬੀ ਕਵਿਸ਼ਰੀ ਪਰੰਪਰਾ ਦੀਆਂ ਇਹ ਕਥਾਵਾਂ ਅਜੇ ਵੀ ਪੰਜਾਬੀ ਜੀਵਨ ਦਾ ਅਨਿੱਖੜਵਾਂ ਅੰਗ ਹੈ। ਇਹ ਕਥਾਵਾਂ ਦੇ ਪਾਤਰ ਪੰਜਾਬੀਆਂ ਦੇ ਆਦਰਸ਼ ਪਾਤਰ ਬਣੇ ਹੋਏ ਹਨ। ਇਹ ਲੋਕ ਗਾਥਾਵਾਂ ਉਨ੍ਹਾਂ ਦੇ ਮਨੋਰੰਜਨ ਦਾ ਸਾਧਨ ਮਾਤਰ ਹੀ ਨਹੀਂ ਸਗੋਂ ਜੀਵਨ ਦੀ ਭਰਪੂਰ ਅਗਵਾਈ ਕਰਦੀਆਂ ਹਨ। ਰਾਮ ਲਛਮਣ-ਭਰਤ ਸੀਤਾ, ਭਾਰਤੀ ਇਤਿਹਾਸਕ ਪਰੰਪਰਾ ਦੇ ਆਦਰਸ਼ ਨਾਇਕ ਸਾਡੀ ਮਾਨਸਿਕਤਾ ਵਿੱਚ ਇਕ ਮਹਾਤਮਾ ਦਾ ਸਥਾਨ ਰੱਖਦੇ ਹਨ। ਬਾਬਾ ਦੀਪ ਸਿੰਘ ਦੀ ਕੁਰਬਾਨੀ, ਸੁੱਚੇ ਸੂਰਮੇ ਦੀ ਬਹਾਦਰੀ ਪੰਜਾਬੀ ਸਭਿਆਚਾਰਕ ਉਸਾਰ ਦੇ ਮਹਾਨ ਆਦਰਸ਼ ਚਿੰਨ੍ਹ ਹਨ। ਰਾਜਾ ਰਤਨ ਸੈਨ ਅਤੇ ਰਾਣੀ ਪਦਮਣੀ ਦਾ ਅਥਾਹ-ਪਿਆਰ

ਰਾਜਪੂਤ ਵਿਰਸੇ ਦਾ ਆਦਰਸ਼ ਹੈ। ਵੀਹਵੀਂ ਸਦੀ ਦੇ ਸਾਡੇ ਇਹ ਕਿੱਸਾਕਾਰ ਕਵੀਸ਼ਰ ਉਪਰੋਕਤ ਭਾਂਤ ਦੀ ਸਦਾਚਾਰਕ ਲੋਕ ਕਥਾਵਾਂ ਨੂੰ ਆਪਣੀ ਕਵੀਸ਼ਰੀ ਦਾ ਆਧਾਰ ਬਣਾਉਂਦੇ ਹਨ।

ਕਵੀਸ਼ਰੀ ਹਮੇਸ਼ਾ ਲੋਕ ਭਾਵਨਾਵਾਂ ਦੀ ਪੂਰਤੀ ਲਈ ਕੀਤੀ ਜਾਂਦੀ ਹੈ। ਇਸ ਦਾ ਮੰਤਵ ਜਿੱਥੇ ਇਕ ਪਾਸੇ ਆਨੰਦ ਮਈ ਪਾਠ ਸਿਰਜਨਾ ਹੁੰਦਾ ਹੈ ਉੱਥੇ ਲੋਕ-ਸੰਸਕ੍ਰਿਤੀ ਦੇ ਕਿਸੇ ਮਾਨਵ ਹਿਤੈਸ਼ੀ ਪੱਖ ਦਾ ਪਾਸਾਰ ਅਤੇ ਪ੍ਰਚਾਰ ਵੀ ਕਰਨਾ ਹੁੰਦਾ ਹੈ। ਬਾਬੂ ਰਜਬ ਅਲੀ ਨੇ ਆਪਣੀਆਂ ਰਚਨਾਵਾਂ ਵਿਚ ਪੰਜਾਬੀ ਸਮਾਜਕ ਜੀਵਨ ਦੇ ਸੰਦਰਭ ਵਿਚ ਅਜਿਹੇ ਜੀਵਨ ਮੁੱਲਾਂ ਨੂੰ ਕੇਂਦਰ ਵਿਚ ਰੱਖਿਆ ਹੈ ਜੋ ਭਾਰਤੀ ਦਰਸ਼ਨ ਅਤੇ ਗੁਰਮਤਿ ਦੇ ਜੀਵਨ-ਮੁੱਲ ਹਨ।

ਬਾਬੂ ਰਜਬ ਅਲੀ ਜੀ ਦਾ ਜਨਮ 10 ਅਗਸਤ 1894 ਈ: ਨੂੰ ਪਿੰਡ ਸਾਹੋਕੇ (ਮੋਗਾ) ਵਿਖੇ ਧਮਾਲੀ ਖਾਂ ਕਵੀਸ਼ਰ ਦੇ ਘਰ ਮਾਤਾ ਜਿਉਣੀ ਦੀ ਕੁੱਖੋਂ ਹੋਇਆ ਉਨ੍ਹਾਂ ਨੇ 1914 ਈ: ਵਿਚ ਓਵਰਸੀਅਰ ਦੀ ਟ੍ਰੇਨਿੰਗ ਕਰਨ ਤੋਂ ਬਾਅਦ 1915 ਈ: ਤੋਂ 1943 ਈ: ਤੱਕ ਵੱਖ-ਵੱਖ ਥਾਵਾਂ ਤੇ ਨਹਿਰ ਦੇ ਮਹਿਕਮੇ ਵਿਚ ਨੌਕਰੀ ਕੀਤੀ। ਨਹਿਰੀ ਮਹਿਕਮੇ ਵਿਚ ਹੋਣ ਕਾਰਨ ਲੋਕ ਰਜਬ ਅਲੀ ਨੂੰ 'ਬਾਬੂ ਜੀ' ਕਹਿਣ ਲੱਗ ਪਏ। ਫੇਰ ਉਨ੍ਹਾਂ ਨੇ 'ਬਾਬੂ ਜੀ' ਹੀ ਆਪਣੀ ਕਾਵਿ ਛਾਪ ਬਣਾ ਲਈ ਭਾਵੇਂ ਪਹਿਲਾਂ ਕਿੱਸਾ 1916 ਈ: ਵਿਚ 'ਹੀਰ' ਲਿਖਿਆ। ਪਰ ਛੇਤੀ ਹੀ ਆਪ ਨੇ ਮਾਨ ਸਿੰਘ ਕਵੀਸ਼ਰ ਨੂੰ ਆਪਣਾ ਉਸਤਾਦ ਧਾਰ ਲਿਆ ਅਤੇ ਆਪਣੀ ਰਚਨਾ ਵਿਚ ਸਿਫਤੀ ਤਬਦੀਲੀ ਲਿਆਂਦੀ। ਪੰਡਤ ਰਾਮ ਨਿਵਾਸ ਅਤੇ ਮਾਨ ਸਿੰਘ ਕਵੀਸ਼ਰ ਦੇ ਪ੍ਰਭਾਵ ਅਧੀਨ ਬਾਬੂ ਜੀ ਨੇ, ਵੀਰ ਅਭਿਮੰਨੂ, ਬੈਰਾਗ ਪਰਬ, ਰਾਮਾਇਣ, ਊਧਾ ਅਹੱਲਿਆ, ਬਾਬਾ ਦੀਪ ਸਿੰਘ, ਗੁਰੂ ਅਰਜਨ ਦੇਵ, ਗੁਰੂ ਨਾਨਕ ਮੰਗਲ, ਹਸਨ-ਹੁਸੈਨ ਆਦਿ ਧਾਰਮਿਕ-ਨੈਤਿਕ ਰਚਨਾਵਾਂ ਦੀ ਰਚਨਾ ਕੀਤੀ। ਬਾਬੂ ਜੀ ਨੇ ਆਪਣੇ ਸਮੇਂ ਦੇ ਵਿਕਲੋਤਰੇ ਵਿਦਰੋਹੀ, ਸੂਰਬੀਰ, ਨਿਡਰ ਵਿਅਕਤੀਆਂ ਉੱਤੇ ਵੀ ਕਿੱਸੇ 'ਲਿਖੇ ਸੁੱਚਾ ਸਿੰਘ ਸੂਰਮਾ', ਜਿਉਣਾ ਮੌੜ, ਦੁੱਲਾ ਭੱਟੀ, ਜੈਮਲ ਫੱਤਾ, ਹਰਫੂਲ ਸਿੰਘ ਸੂਰਮਾ, ਰਾਮ ਸਿੰਘ ਡੋਚਕ, ਰਾਮਣ ਘੁਮਿਆਰ, ਸ਼ਾਮ ਸਿੰਘ ਗੁਰੂ ਸਰੀਆ, ਗੁਰਨਾਮ ਸਿੰਘ ਗਾੜ੍ਹਵੇਂ, ਹਰਨਾਮ ਕੌਰ, ਰਾਮ ਕੌਰ ਆਦਿ ਬਾਬੂ ਜੀ ਰਚਿਤ ਕਿੱਸੇ ਇਨ੍ਹਾਂ ਨਾਇਕਾਂ ਦੀ ਸੂਰਮਗਤੀ ਦਾ ਗਾਇਨ ਕਰਦੇ ਹਨ। ਬਾਬੂ ਰਜਬ ਅਲੀ ਨੇ ਰਾਜੇ ਮਹਾਰਾਜਿਆਂ ਦੀ ਸ਼ਾਨ ਵਿਚ ਸੋਹਲੇ ਨਹੀਂ ਗਾਏ ਸਗੋਂ ਉਨ੍ਹਾਂ ਨੇ ਮਾਲਵੇ ਆਮ ਕਿਰਤੀ ਕਿਰਸਾਨਾ ਦੇ ਨਾਇਕਾਂ ਦੀ ਮਹਿਮਾ ਕਰਦੀ ਲੋਕ-ਕਾਵਿ ਪੱਧਰ ਦੀ ਰਚਨਾ ਕੀਤੀ ਹੈ।

ਬਾਬੂ ਜੀ ਛੰਦ ਦੇ ਏਡੇ ਉਸਤਾਦ ਸਨ ਕਿ ਉਨ੍ਹਾਂ ਨੇ ਨਾ ਕੇਵਲ ਆਪਣੀਆਂ ਕਿੱਸਾ ਕਹਾਣੀਆਂ ਨੂੰ ਉਲਟਾ ਪੁਲਟਾ ਕੇ ਕਈ-ਕਈ ਛੰਦਾਂ ਵਿਚ ਲਿਖਿਆ ਸਗੋਂ ਉਨ੍ਹਾਂ ਨੇ ਆਪਣੇ ਕਈ ਛੰਦ ਮੌਲਿਕ ਰੂਪ ਵਿਚ ਵੀ ਬਣਾਏ ਬਾਬੂ ਚਾਲ, ਬਹੱਤਰ-ਕਲਾ, ਬਾਹਠ ਕਲਾ, ਪੇਂਦਰੀ, ਸਤਾਰੀ, ਕੌਲੀ, ਸੋਲਾਂ ਅੱਖਰਾ ਆਦਿ ਬਾਬੂ ਜੀ ਦੇ ਮੌਲਿਕ ਛੰਦ ਹਨ। ਬਾਬੂ ਜੀ ਨੇ ਆਪਣੀਆਂ ਰਚਨਾਵਾਂ ਵਿਚ ਦੋਹਰਾ, ਮੁਕੰਦ, ਬੈਂਤ, ਕਬਿੱਤ, ਮਨੋਹਰ, ਅਮੋਲਕ, ਕੋਰੜਾ, ਡਿਉਢ ਆਦਿ ਛੰਦਾਂ ਦੀ ਬਾ-ਕਮਾਲ ਵਰਤੋਂ ਕੀਤੀ ਹੈ।

ਬੜੇ ਦੁੱਖ ਦੀ ਗੱਲ ਹੈ ਕਿ ਅੱਜ ਵਿਸ਼ਵ-ਮੰਡੀ ਦੇ ਯੁਗ ਵਿਚ ਸਾਡੀਆਂ ਭਾਵਨਾਵਾਂ,

ਮਾਨਤਾਵਾਂ ਅਤੇ ਕਲਾਵਾਂ ਦਾ ਵੀ ਮੰਡੀਕਰਨ ਹੋ ਗਿਆ ਹੈ। ਅੱਜ ਦੀ ਸਟੇਜੀ ਗਾਇਕੀ, ਗੀਤਕਾਰੀ ਅਤੇ ਕਾਵਿ-ਰਚਨਾ ਭੈੜੀ ਰੁਚੀਆਂ ਦੀ ਮਾਰ ਹੇਠ ਆਕੇ ਬਜਾਰੂ ਕਿਸਮ ਦੀ ਸ਼ੈਲੀ ਅਤੇ ਭੜਕਾਊ ਹੋ ਗਈ ਹੈ। ਅਜਿਹੇ ਨਾਜ਼ੁਕ ਦੌਰ ਵਿਚ ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ ਹੁਰਾਂ ਦਾ ਇਹ ਉਪਰਾਲਾ ਬੜਾ ਹੀ ਸਲਾਘਾ ਯੋਗ ਹੈ। ਉਨ੍ਹਾਂ ਨੇ ਜੱਥੇਦਾਰ ਜਗਮੇਲ ਸਿੰਘ ਬਾਜਕ ਸਾਹਿਬ ਜੀ ਦੀ ਪ੍ਰੇਰਨਾ ਸਦਕਾ ਬਾਜਕ ਜੀ ਕੋਲ ਸੰਭਾਲਿਆ ਬਾਬੂ ਰਜਬ ਅਲੀ ਜੀ ਦੀ ਰਚਨਾ ਦਾ ਖਜ਼ਾਨਾ ਹੀ ਪ੍ਰਕਾਸ਼ਤ ਰੂਪ ਵਿਚ ਲਿਆਉਣ ਦਾ ਉਪਰਾਲਾ ਹੀ ਨਹੀਂ ਕੀਤਾ ਸਗੋਂ ਸਮਕਾਲੀ ਕਵੀਸ਼ਰਾਂ ਖਾਸ ਸੀਨਾ-ਬਸੀਨਾ ਚਲੀਆਂ ਆ ਰਹੀਆਂ ਬਾਬੂ ਜੀ ਦੀਆਂ ਰਚਨਾਵਾਂ ਦੀ ਸੰਭਾਲ ਦਾ ਕੰਮ ਵੀ ਕੀਤਾ ਹੈ।

ਮੈਂ ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ ਜੀ ਦੇ ਇਸ ਸਾਰਥਕ ਮੁਲਵਾਨ ਕੰਮ ਨੂੰ ਜੀ ਆਇਆਂ ਨੂੰ ਕਹਿੰਦਾ ਹੋਇਆ ਆਸ ਕਰਦਾ ਹਾਂ ਕਿ ਉਹ ਆਪਣੀ ਕਵਿਸ਼ਰੀ ਪ੍ਰਤੀ ਨਿਸ਼ਠਾ ਅਤੇ ਪ੍ਰਤੀਬੱਧਤਾ ਨੂੰ ਕਾਇਮ ਰਖਦਿਆਂ ਆਪਣਾ ਇਹ ਕਾਰਜ ਜਾਰੀ ਰੱਖਣਗੇ।

**ਸ. ਸ. ਛੱਲ**
ਸਟਾ ਰਿਪੋਰਟਰ ਸੰਗਰੂਰ
ਰੋਜ਼ਾਨਾ 'ਅਜੀਤ'
98142-82547

# ਗੁਰੂ ਨਾਨਕ ਸਾਂਝੇ ਕੁੱਲ ਦੇ ਐ

|| ਦੋਹਿਰਾ ||

ਗੁਰੂ ਨਾਨਕ ਦੇ ਵਾਂਗ ਜੋ ਤੁਰਨ ਕਠਨ ਰਜਨੀਕ।
ਸਿੱਖ ਸੇਵਕ ਉਸ ਮੰਜ਼ਲ ਤੇ ਪਹੁੰਚ ਜਾਂਵਦੇ ਠੀਕ॥

ਏਦਾਂ ਗਾਵਾਂ ਸੁਣਾ ਹੱਸ-ਹੱਸ ਮੈਂ, ਬੜਾ ਭਰਤਾ ਤਰਜ ਵਿੱਚ ਰਸ ਮੈਂ,
ਕਰਾਂ ਪਹਿਲੇ ਗੁਰਾਂ ਦਾ ਜੱਸ ਮੈਂ., ਮੇਰੀ ਜੀਭ ਕੀ ਸਿਫਤ ਕਰ ਸਕਦੀ ਐ,
ਲਿਖ ਕਰੀ ਕਲਮ ਲਿਖ ਸਕਦੀ ਐ।

ਲਿਆ ਉੱਤਮ ਵੰਸ ਵਿੱਚ ਜਨਮ ਐਂ, ਹੁੰਦਾ ਪਿਤਾ ਦੇ ਦੁਆਰੇ ਧਰਮ ਐ,
ਪਿੰਡਾ ਨਰਮ ਮਖਮਲੋਂ ਨਰਮ ਐਂ, ਚਿਹਰਾ ਵਾਂਗ ਗੁਲਾਬੀ ਫੁੱਲਦੇ ਐ,
ਗੁਰੂ ਨਾਨਕ ਸਾਂਝੇ ਕੁੱਲ ਦੇ ਐ।

ਗੋਲ ਰੰਗ ਦੇ ਬੋਦੇ ਦੀ ਤੋਰੀ, ਛਾਏ ਰੰਗਤ ਬਣਾ ਤੀ ਗੋਰੀ
ਅੱਖ ਰਸ ਦੀ ਭਰੀ ਕਟੋਰੀ; ਪਿੰਡਿਉਂ ਕਸਤੂਰੀ ਮਹਿਕੇ ਜੀ,
ਮੱਥਾ ਚੰਦਰਮਾਂ ਵਾਂਗੂ ਟਹਿਕੇ ਜੀ।

ਤਸਵੀਰ ਬਣੀ ਮਨ-ਮੋਹਣੀ, ਕਦ ਸਿਆਣਾ ਸਜੇ ਖੜ੍ਹੋਣੀ,
ਦੰਦਵਾਲ ਮੁਸਕੇਂ ਸੋਹਣੀ, ਜਬ ਹੱਸਦੇ ਦਿਲਾਵਰ ਫੁੱਲਦੇ ਐ,
ਗੁਰੂ ਨਾਨਕ ਸਾਂਝੇ ਕੁੱਲ ਦੇ ਐ।

ਜਦੋਂ ਗੁਰੂ ਸੀ ਉਮਰ ਦੇ ਨੀਰੇ; ਮੱਝਾਂ ਚਾਰਨ ਇਕ ਥਾਂ ਬਹਿ ਕੇ,
ਪੈ ਗਏ ਧੁੱਪ ਵਿੱਚ ਸਿਖਰ ਦੁਪਹਿਰੇ, ਜਦ ਸੂਰਜ ਸਿਰ ਤੇ ਆਇਆ ਸੀ,
ਸੱਪ ਫਣ ਦੀ ਕਰਨੀ ਛਾਇਆ ਸੀ।

ਗੋਲ ਕਿਸੇ ਨੇ ਨਗਰ ਵਿਚ ਦੱਸਣੀ, ਐਥੇ ਐਹੋ ਜੋ ਪਵਿੱਤਰ ਹੱਸਤੀ,
ਸਾਰੀ ਵੇਖਣ ਜਾਂਦੀ ਬਸਤੀ, ਸੁਣ ਪੜ੍ਹਦੇ ਵੰਨਾ ਦੇ ਖੁੱਲਦੇ ਐ,
ਗੁਰੂ ਨਾਨਕ ਸਾਂਝੇ ਕੁੱਲ ਦੇ ਐ।

ਘਰ ਖੱਤਰੀ ਦੇ ਜਨਮ ਜਹਾਨਾ; ਦੂਜਾ ਬਾਲਾ ਜਾਟ ਦੀਵਾਨਾ,
ਤੀਜਾ ਮੀਰ ਰਲਿਆ ਮਰਦਾਨਾ, 'ਕੱਠੇ ਬਹਿਕੇ ਸਾਜ਼ ਵਜਾਉਂਦੇ ਸੀ,
ਰੱਬ ਨਾਂ ਦੇ ਸੋਹਲੇ ਗਾਉਂਦੇ ਸੀ।

ਦੋਵੇਂ ਦੂਰ ਢੁੱਕਣ ਨਾਂ ਨੇੜੇ, ਵੜੇ ਭੂਤ ਭਰਮ ਦੇ ਵੇਹੜੇ,
ਬਹਿਕੇ ਛਿੱਕਰੀ ਰਾਗ ਨੂੰ ਛੇੜੇ, ਪਰ ਨਗਮੇ ਜਿਉਂ ਬੁੱਲਬੁਲ ਦੇ ਐ।
ਗੁਰੂ ਨਾਨਕ ਸਾਂਝੇ ਕੁੱਲ ਦੇ ਐ।

ਗੁਰੂ ਹਰਿ ਦਾ ਦੁਆਰਾ ਮੱਲਿਆ, ਦੀਵਾ ਅੰਦਰ ਨਾਮ ਦਾ ਜਲਿਆ,
ਪਿਤਾ ਕਾਲੂ ਵਣਜ ਨੂੰ ਘੱਲਿਆ, ਸੌਦੇ ਖਰੇ ਸੱਚੇ ਜੋ ਸੌਦੇ ਜੀ।
ਨਾਲ ਮੁਸ਼ਕਿਲ ਮਿਲਦੇ ਐਹਦੇ ਜੀ।

ਤੋਲੇ ਤੱਕੜੀ ਤੇ ਪੱਕਾ ਪੰਸੇਰਾ, ਸੁਣਾਵਾਂ ਧਨ ਦਿਆ ਤਿਆਗੀ ਸ਼ੇਰਾ,
ਕਹੀ ਜਾਵੇ ਤੇਰਾ-ਤੇਰਾ, ਕਸ ਦਾਣੇ ਸਾਰੇ ਤੁਲਦੇ ਐ,
ਗੁਰ ਨਾਨਕ ਸਾਂਝੇ ਕੁੱਲ ਦੇ ਐ।

ਗਏ ਪਰਬਤ ਤੇ ਇੱਕ ਵਾਰੀ, ਉੱਥੇ ਭੜਕਿਆ 'ਪੀਰ ਕੰਧਾਰੀ'।
ਓਹਨੇ ਡੇਗ ਦੀ ਪਹਾੜੀ ਭਾਰੀ, ਪਰ ਗੁਰੂ ਨਾਨਕ ਦੇ ਉੱਤੇ ਜੀ,
ਤਿਲੇ ਰਹਿ ਜਾਵਣੀ ਉੱਤੇ ਜੀ।

ਸਾਇਰ ਕਰੇ ਨਾ ਵਡਿਆਈ ਫੋਕੀ, ਇਕ ਹੱਥ ਤੇ ਪਹਾੜੀ ਰੋਕੀ,
'ਪੰਜਾ ਸਾਹਿਬ' ਕਹਿਣ ਕੁੱਲ ਲੋਕੀ, ਸਿੱਖ ਯਾਦ ਰੱਖਣ ਨਹੀਂ ਭੁੱਲਦੇ ਐ।
ਗੁਰੂ ਨਾਨਕ ਸਾਂਝੇ ਕੁੱਲ ਦੇ ਐ।

ਖਰੇ ਭੀਰਖ ਦੂਰ ਚਲੇਂਦਾਂ, ਆਦਿ ਰਚਿਆ ਗਰੰਥ ਹਕੀਕਤਾਂ,
ਉੱਤੇ ਲਿਖੀਆਂ ਰੂਹਾਨੀ ਐਤਾਂ, ਨਾਲ ਤਰਗਮੇਂ ਰਲੇ ਸਜ ਗਏ ਸੀ,
ਨਾਲੇ ਕਰਨ ਮੱਕੇ ਦਾ ਹੱਜ ਗਏ ਜੋ ਸੀ।

ਗੁਰੂ ਨਾਨਕ ਜੀ ਅਲਬੇਲੇ, ਜਿੱਥੇ ਬਹਿ ਗਏ ਲੱਗ ਗਏ ਮੇਲੇ,
ਸਿੱਖ ਬਣ ਗਏ ਕਰੋੜਾਂ ਚੇਲੇ, ਪ੍ਰਚਾਰ ਸੁਣਾਉਂਦੇ ਮੁੱਲ ਦੇ ਐ।
ਗੁਰੂ ਨਾਨਕ ਸਾਂਝੇ ਕੁੱਲ ਦੇ ਐ।

'ਬਾਬੂ ਛੱਡ ਗਏ ਬਿਰਧ ਹੋ ਚਲੇ, ਸੱਚੇ ਸਾਂਹਿਬ ਨੇ ਬੁਲਾ ਲਏ ਕੋਲੇ,
ਲੱਖਾਂ ਮਗਰੋਂ ਪਰੋਲੇ ਫੋਲੇ, ਲੈ ਗਿਆ ਖਾਸ ਬੁਲਾ ਕੇ ਕਾਦਰ ਸੀ।
ਦੋਹਾਂ ਦੀਨਾਂ ਨੇ ਵੇਖ ਲਈ ਚਾਦਰ ਸੀ।

ਦੱਸ ਮਗਰੋਂ ਫਿਰਨ ਕੀ ਲੱਭਦੇ, ਇੱਕ ਫੂਕਣ ਤੇ ਇੱਕ ਦੱਬਦੇ,
ਨੂਰ ਰਲ ਗਿਆ ਨੂਰ ਵਿੱਚ ਰੱਬਦੇ, ਸਿਰ ਫਤਰ ਸਾਹਨਾ ਭੁੱਲਦੇ ਐਂ,
ਗੁਰੂ ਨਾਨਕ ਸਾਂਝੇ ਫੁੱਲ ਦੇ ਐਂ।

# ੧ਓ ਸਤਿਗੁਰ ਪ੍ਰਸਾਦਿ
# ਮਹਿਮਾ ਸ੍ਰੀ ਹਰਿਮੰਦਰ ਸਾਹਿਬ

॥ ਦੋਹਿਰਾ ॥

ਲਾਹਦੇ ਮੈਲ਼ ਸਰੀਰ ਦੀ, ਤਨ ਇਸ਼ਨਾਨ ਕਰੇਣ
ਦਿਲ ਦੀ ਮੈਲ਼ ਉਤਾਰ ਦੇ, ਅੰਮ੍ਰਿਤਸਰ ਦਾ ਨ੍ਹਾਉਣ।

ਦੋਤਾਰਾ ਛੰਦ

ਖੜ੍ਹੇ ਸੇਵਕ ਕਰਦੇ ਸੀ, ਜਿੰਨੀ ਕਰ ਸਕਣ ਤਰੀਫ਼ ਜ਼ੁਬਾਨੇ।
ਜਿਥੇ ਵਾਰਿਸ ਰਹਿਮਤ ਦੀ, ਸੱਚਾ ਰੱਬ ਆਪ ਕਰੇ ਅਸਮਾਨੇਂ।
ਨ੍ਹਾਉਣ ਅੰਮ੍ਰਿਤਸਰ ਦਾ ਜੀ, ਬੜਾ ਉੱਚਾ ਦਰਜਾ ਪਵਿੱਤਰ ਸਰਦਾ।
ਹਰਿਮੰਦਰ ਸੁਨਹਿਰੀ ਜੀ, ਦੂਰ ਤੋਂ ਜਗਮਗ-ਜਗਮਗ ਕਰਦਾ।

ਇਸ ਮੰਦਰ ਸੁਨਹਿਰੀ ਤੇ, ਗਿਰਦੀਆਂ ਚੰਦ, ਸੂਰਜ ਦੀਆਂ ਕਿਰਨਾਂ
ਬਣੇ ਅਜਬ ਰੋਸ਼ਨੀ ਜੀ, ਜਿਉਂਨੇ ਨਾਲ ਟੱਕਰ ਜਲਾਂ ਪਰ ਗਿਰਨਾ।
ਝੜ ਪਟਕੇ ਰੇਸ਼ਮ ਦੇ, ਏਸ ਦਾ ਲੈਂਹਦਣ ਫਰਿਸ਼ਤੇ ਗਾਰਦਾ
ਹਰਿਮੰਦਰ ਸੁਨਹਿਰੀ ਜੀ, ਦੂਰ ਤੋਂ ਜਗਮਗ-ਜਗਮਗ ਕਰਦਾ।

ਇਹ ਜਗ੍ਹਾ ਪਵਿੱਤਰ ਜੀ, ਬੈਠ ਕੇ ਨਾਮ ਗੁਰਾਂ ਨੇ ਜਪਿਆ,
ਲੱਭੇ ਕਿਸਮਤ ਵਾਲਾ ਜੀ, ਇੱਥੇ ਸੱਚੇ ਰੱਬ ਨੇ ਖ਼ਜ਼ਾਨਾ ਛੱਪਿਆ।
ਕਰੇ ਭਜਨ ਬਜ਼ੁਰਗਾਂ ਨੇ, ਏਸ ਥਾਂ ਹਰ ਪਲ ਅੰਮ੍ਰਿਤ ਵਰਦਾ
ਹਰਿਮੰਦਰ ਸੁਨਹਿਰੀ ਜੀ, ਦੂਰ ਤੋਂ ਜਗਮਗ-ਜਗਮਗ ਕਰਦਾ।

ਵੇਖ ਜਲਵੇ ਪੈਂਦੇ ਜੀ, ਏਸ ਵਿੱਚ ਰਹਿਆ ਖ਼ੁਦਾ ਦਾ ਨੂਰ ਐ,
ਇਸ ਸਰ ਵਿੱਚ ਨ੍ਹਾ ਕੇ ਤੇ, ਦਿਲਾਂ ਨੂੰ ਆਉਂਦਾ ਬੜਾ ਸਰੂਰ ਐ।
ਲੱਖਾਂ ਪਾਪੀ ਤਰਗੇ ਜੀ, ਵੇਖ ਘਰ ਹਰ ਦਾ ਵੇਖ ਘਰ ਹਰ ਦਾ,
ਹਰਿਮੰਦਰ ਸੁਨਹਿਰੀ ਜੀ, ਦੂਰ ਤੋਂ ਜਗਮਗ-ਜਗਮਗ ਕਰਦਾ।

ਲਹੇ ਧੂੜ ਗੁਨਾਹਾਂ ਦੀ, ਏਸ ਜਾਮ ਹੋਣ ਬਦੀ ਦੇ ਕੁਫ਼ਰੇ,
ਥਾਂ ਬਰਕਤ ਵਾਲੀ ਹੈ, ਏਸ ਥਾਂ ਰਾਮਦਾਸ ਗੁਰ ਉੱਤਰੇ।
ਭਰਿਆ ਕਰਾਮਾਤ ਦੀ ਸੀ, ਏਸ ਵਿੱਚ ਕਾਗ ਹੰਸ ਬਣ ਤਰਦਾ
ਹਰਿਮੰਦਰ ਸਨਹਿਰੀ ਜੀ, ਦੂਰ ਤੋਂ ਜਗਮਗ-ਜਗਮਗ ਕਰਦਾ।

ਕਰੇ ਖੂਨ-ਖਰਾਬੇ ਜੀ, ਜਿਨ੍ਹਾਂ ਕਰ ਜ਼ੁਲਮ ਫੜੈਲੋਂ ਭਰਲੇ,
ਪਰਬਤ ਵੀ ਔਗਣਾਂ ਦੇ, ਜਿਨਾਂ ਪੰਡਾਂ ਬੰਨ੍ਹ ਕੇ ਸਿਰਾਂ ਤੇ ਧਰਲੇ।
ਔਣ ਤੜਪਦੀਆਂ ਸੰਗਤਾਂ ਜੋ, ਏਸ ਵਿੱਚ ਨ੍ਹਾ ਕੇ ਕਾਲਜਾ ਠਰਦਾ,
ਹਰਿਮੰਦਰ ਸਨਹਿਰੀ ਜੀ, ਦੂਰ ਤੋਂ ਜਗਮਗ-ਜਗਮਗ ਕਰਦਾ।

ਚੀਨ, ਸਿਰਲੰਕ, ਬਰ੍ਹਮੇ 'ਚੋਂ, ਪਹੁੰਚ ਕੇ ਲੋਕ ਨਸੀਬਾਂ ਵਾਲੇ,
ਰੱਬ ਉਸ ਨੂੰ ਮਿਲ ਜੇ ਜੀ, ਜਿਹੜਾ ਇਸ ਸਰ 'ਚੋਂ ਨ੍ਹਾ ਕੇ ਭਾਲੇ।
ਸੁੱਖ ਪੂਰੀ ਹੋਜੇ ਜੀ, ਆਉਂਦੇ ਸੁੱਖ ਲਾਉਣ, ਜਿਨਾਂ ਦੀ ਸਰਦਾ,
ਹਰਿਮੰਦਰ ਸਨਹਿਰੀ ਜੀ, ਦੂਰ ਤੋਂ ਜਗਮਗ-ਜਗਮਗ ਕਰਦਾ।

ਲੱਡੂ, ਬਰਫ਼ੀ, ਜਲੇਬੜੀਆ, ਨਾਮਦਾਂ, ਪੇਠੇ, ਮਖਾਣੇ ਖੰਡ ਦੇ,
ਸਿੱਖ ਰੱਬ ਦੇ ਤਾਰੇ ਜੀ, ਨਿਊ-ਨਿਊ ਵਿਰਲਨ ਮਠਿਆਈਆਂ ਵੰਡਦੇ
ਸੌਦ-ਸੌਦ ਮਸਕੀਨਾਂ ਨੂੰ, ਕੜਾਹ ਛਿਨ ਮੇਲ ਛਕਾਉਂਦੇ ਜਰਦਾ
ਹਰਿਮੰਦਰ ਸਨਹਿਰੀ ਜੀ. ਦੂਰ ਤੋਂ ਜਗਮਗ-ਜਗਮਗ ਕਰਦਾ।

ਸਿੱਖ ਕੌਮ ਦਾ ਗੌਰਵ ਜੀ, 'ਰਜਬ ਅਲੀ' ਬੜੇ ਚੜ੍ਹਾਵੇ ਚੜ੍ਹਦੇ,
ਸੱਚੇ ਰੱਬ ਦੇ ਆਸ਼ਿਕ ਜੋ, ਸ਼ੌਕ ਨਾਲ ਸ਼ਬਦ ਪ੍ਰੇਮੀ ਪੜ੍ਹਦੇ
ਸਿੱਧਾ ਜਾਵੇ ਬੈਕੁੰਠਾਂ ਨੂੰ, ਜਿਹੜਾ ਹਰ ਰੋਜ਼ ਹਾਜ਼ਰੀ ਭਰਦਾ
ਹਰਿਮੰਦਰ ਸਨਹਿਰੀ ਜੀ, ਦੂਰ ਤੋਂ ਜਗਮਗ-ਜਗਮਗ ਕਰਦਾ।

# ਪ੍ਰਸੰਗ
# ਬਲੀ ਰੂਪ
# ਬਹਾਦਰ ਬਾਬਾ ਦੀਪ ਸਿੰਘ ਜੀ।

**ਬਲੀ ਤਰਜ਼ ਹੀਰ ਲੈ:—1**

ਪਹਿਲਾ ਅੰਮ੍ਰਿਤਸਰ ਨੂੰ ਸੁਧਾਸਰ ਕਹਿੰਦੇ ਸੀ
ਬੜਾ ਸਿਫ਼ਤ ਪਵਿੱਤਰ ਤਾਲ ਦੀ
ਵਿੱਚ ਮੰਦਰ ਸੋਨ੍ਹਾ ਸੋਹਨ ਦਾ
ਪਿਆ ਜਗਮਗ-ਜਗਮਗ ਕਰਦਾ ਹੈ।

ਮੁਖੜਾ

ਪਹਿਲਾਂ ਅੰਮ੍ਰਿਤਸਰ ਨੂੰ ਸੁਧਾਸਰ ਕਹਿੰਦੇ ਸੀ
ਛੋਟੀ ਛੱਪੜੀ ਹੁੰਦੇ ਸੀ ਬਾਰਸ਼ ਦੇ ਖਾਲੇ।

ਨੂੰਹ ਪਰਿਵੇ ਵਿੱਚੋਂ ਛਿੱਟੇ ਹੋ-ਹੋ ਨਿਕਲ ਦੇ
ਉੱਡ-ਉੱਡ ਚੜਦੇ ਸੀ ਜੋ ਕਾਗ ਰੋਗ ਦੇ ਕਾਲੇ।

ਛੱਪੜੀ ਉੱਪਰ ਬੈਠਾ ਸੋਗਾ ਚੇਲਾ ਸਤਿਗੁਰ ਦਾ
ਉਹ ਵੀ ਸੰਤਿਆਂ ਵਾਲੀ ਜੀ, ਧਰਤੀ ਨੂੰ ਭਾਲੇ।

ਕਰਾਮਾਤ ਵੇਖੀ ਤਾਂ ਲੱਗਾ ਗੀ ਹੈਰਾਨੀ ਐ
ਤਾਲ ਪੱਟਣ ਲਾਤੇ ਸੀ ਗੁਰ ਨੇ ਸਿੱਖ ਵਾਲੂੰ

ਤਾਲ ਪੁੱਟਣ ਆ ਗੀਆਂ ਦੂਰੋਂ-ਦੂਰੋਂ ਸੰਗਤਾਂ ਜੀ
ਨਾਲੇ ਲੈਕ ਲੱਗਾਏ ਸੀ ਅੰਮ੍ਰਿਤਸਰ ਵਾਲੇ।

ਕੁਝ ਦਿਨ ਪਾਕੇ ਉਨ੍ਹਾਂ ਤਾਲ ਸੰਪੂਰਨ ਹੋਗਿਆ
ਸੋਚਕੇ ਸੰਗਮਰ-ਮਰ ਦਾ ਲਾਣਾ ਫਰਸ਼ ਉਦਾਲੇ।

ਜੋਹਦੇ ਸੈਂਟਰ ਦੇ ਵਿੱਚ ਸੋਹਣਾ ਮੰਦਰ ਸਵਰਨ ਦਾ
ਜਗਮਗ-ਜਗਮਗ ਕਰਦਾ ਤਾਲ ਦੇ ਵਿਚਾਲੇ।

ਪਹਾੜ ਪਾਸੇ ਮੰਦਰ ਤੋਂ ਜਰਾਂ ਹੈ ਸਤਿਗੁਰ ਚੌਂਕੇ ਦੀ,
ਅਰਾਮ ਕਰਦੀ ਸੰਗਤ ਹੈ ਗਰਮੀ ਜਾਂ ਪਾਲ਼ੇ।

ਨਾਲ ਲਗਦਾ ਉਸਦੇ ਦਫ਼ਤਰ ਪੰਥ ਅਕਾਲੀ ਦਾ,
ਇੰਤਜ਼ਾਮ ਜਿਸ ਨੂੰ ਸਾਰੇ ਹਨ ਸੰਭਾਲੇ।

ਕੋਲੇ ਘੰਟਾ ਘਰ ਜੋ ਵਜਦਾ ਸੀ ਅੰਗਰੇਜ਼ਾਂ ਦਾ
ਟਨ-ਟਨ ਵੱਜੇ ਸਮੇਂ ਸਿਰ ਭੀ ਵੇਲਾ ਨਾ ਟਾਲੇ।

ਪਛਮ ਪਾਸੇ ਮੰਦਰ ਤੋਂ ਜੋ ਦਰਸ਼ਨੀ ਡਿਉੜ੍ਹੀ ਹੈ
ਚੜ੍ਹਨ ਚੜ੍ਹਾਵੇ ਚਲਦੇ ਦੌਲਤ ਦੇ ਪਰਨਾਲੇ।

ਕੌਲਸਰ ਤੇ ਗੁਰਦੁਆਰਾ 'ਬਾਬੇ ਟੱਲ' ਦਾ ਜੀ,
ਚੋਟੀ ਲੱਗਦੀ ਜਾਂਦੀ ਹੈ ਅੰਬਰ ਦੇ ਨਾਲੇ।

'ਬਾਬੂ' ਭਾਰਾ ਮੇਲਾ ਲੱਗਦਾ ਹੈ ਦੀਵਾਲੀ ਦਾ
ਨ੍ਹਾਣ ਔਂਦੇ ਰਾਜੇ ਜੋ ਨਾਭੇ, ਪਟਿਆਲੇ।

ਤੋੜਾ

ਘਰ-ਘਰ ਦੀਵੇ ਸਜਾਦੇ ਐ, ਹਰਿਮੰਦਰ ਸੋਹਣੇ ਲੱਗਦੇ ਐ,
ਜੋ ਦਮਕਣ ਵਾਂਗੂੰ ਲੱਗਦੇ ਐ, ਜਲ ਟੁਟ ਪ੍ਰਨਾਲੇ ਵੱਗਦੇ ਐ।
ਖੜ੍ਹੇ ਢੋਲਕ ਛੈਣੇ ਵੱਜਦੇ ਵਈ, ਸਿੱਖ ਭਜਨ ਕਰਨ ਨਾ ਰੱਜਦੇ ਵਈ
ਉੱਚੀ ਬੋਲ ਜੈਕਾਰੇ ਗੱਜਦੇ ਵਈ, ਛਕੇ ਲੰਗਰੋਂ ਪਦਾਰਥ ਚੱਖਦੇ ਵਈ।
ਨਾਮ ਜਪਦੇ ਸੰਤੋ ਜਨਾਬ ਦੇ, ਖੜ੍ਹੇ ਦਰਸ਼ਨ ਕਰਨ ਤਲਾਬ ਦੇ,
ਵਧੋ ਸੋਹਣੇ ਜੁਆਨ ਪੰਜਾਬ ਦੇ, ਜਿਉਂ ਟਹਿਕਣ ਫੁੱਲ ਗੁਲਾਬ ਦੇ
ਸਭਿ ਸੰਗਤ ਕਹਿ ਦਿਉ ਵਾਹਿਗੁਰੂ।

ਕਲੀ ਤਰਜ਼ ਹੀਰ ਨੰ: 2

ਕਬਜਾ ਅੰਮ੍ਰਿਤਸਰ ਤੇ ਕਰ ਲਿਆ ਆਣ ਪਠਾਣਾਂ ਨੇ
ਸਿੱਖ ਫਿਰਦੇ ਫੰਦੀਆਂ ਪੀਸ ਦੇ

ਫੌਜੀ ਵਾਹ ਨਾ ਚਲਦੀ ਸ਼ੇਰਾਂ ਦੀ
ਹੁਣ ਪੈਗੀ ਭੀੜ ਜੁਆਨਾਂ ਨੂੰ।

## ਮੁਖੜਾ

ਕਬਜ਼ਾ ਅੰਮ੍ਰਿਤਸਰ ਤੇ ਕਰਲਿਆ ਆਣ ਪਠਾਣਾਂ ਨੇ,
ਸਿੱਖਾਂ ਕੱਠ ਤਾਂ ਆਕੇ ਮਾਰਿਆ ਸੀ ਤਲਵੰਡੀ।

ਬਾਬਾ ਦੀਪ ਸਿਘ ਜੀ ਕਹਿੰਦੇ ਭਰੇ ਦਿਵਾਨ ਏ,
ਲੱਖ-ਲੱਖ ਜ਼ੁਲਮ ਕਰਦਾ ਖਾਨ ਜ਼ਹਾਨ ਪਖੰਡੀ।

ਹੁੱਕੇ ਪੀਂਦੇ ਪਾਪੀ ਬਹਿਕੇ ਵਿੱਚ ਹਰਿਮੰਦਰ ਦੇ,
ਹੱਸ-ਹੱਸ ਕਰਦੇ ਕਹਿੰਦੇ ਹੈ ਗੁਰੂਆਂ ਦੀ ਭੰਡੀ।

ਮੁੰਦਰਾਂ ਲੰਗੋਟੀਆਂ ਗਿਲਜ਼ੇ ਲੱਗੇ ਭਰਨ ਸਰੋਵਰ ਨੂੰ,
ਰੰਡਾ ਲਿਆਕੇ ਪੌਂਦੇ ਹੈ ਪਾਠ ਛਲ-ਛੰਡੀ।

ਜਿਹੜੇ ਥਾਂ ਤੇ ਬਹਿਕੇ ਸ਼ਬਦ ਉਚਾਰਨ ਸੰਤਜਨਾਂ ਜੀ,
ਗੋਹਾ ਖਿੰਡ ਗਿਆ ਲੈਂਦੇ ਐ ਪਸ਼ੂਆਂ ਦੀ ਮੰਡੀ।

ਮੁਜਰੇ ਗੌਂਦੀਆਂ ਦੇ ਅੱਜ ਹੁੰਦੇ ਜਗ੍ਹਾ ਪਵਿੱਤਰ ਤੇ,
ਭਜਨ ਹੁੰਦੇ ਔਂਦੀ ਸੀ ਸੁਰਗੀਂ ਵਾਅ ਠੰਡੀ।

ਰੱਤ ਦੀ ਨੈਹਿਰ ਚਲਾੜੀ ਜੋਰ-ਧਾੜੀ ਖਾਨਾਂ ਨੇ,
ਸਾਡਾ ਧਰਮ ਜਾਂਦੇ ਐ ਫੌਜ ਮੌਂ ਪਾ ਵੰਡੀ।

ਮਾਰ-ਮਾਰ ਘੋਰੇ ਪਾਲੇ ਕਾਬਲ ਵਾਲਿਆਂ ਨੂੰ,
ਘੋੜਾ ਨਾਥਸ਼ਾਂ ਨੂੰ ਜਿਵੇਂ ਪੌਂਦੀ ਸੀ ਰੰਡੀ।

ਕਦਮ ਉਖੜਨਗੇ ਜਾਂ ਬਾਜਸ਼ ਪੈਜੂ ਦੁਸ਼ਮਣ ਦੀ,
ਘੋੜੇ ਛੇੜ ਮਗਰੀਂ ਸਾਂਇਓਂ ਫੜ-ਫੜ ਵੰਡੀ।

ਤਰਨ-ਤਾਰਨ ਕੱਲਕੇ, ਆਸਨ ਨਹਾਵੇ ਹਣੇ ਐਂ,
ਉਥੋਂ ਸਿੱਧੀ ਜਾਂਦੀ ਹੈ ਅੰਮ੍ਰਿਤਸਰ ਡੰਡੀ।

'ਰਾਜੂ' ਜੋਸ਼ ਮੇਰਾ ਲੈਂਗਾ ਜੇ ਜਾ ਪਰਲੰਮਿਆਂ ਤੇ,
ਸਾਰੇ ਰੌੜ ਦਿਉ ਸੁਰਿਹਿ ਅੱਜ ਫੜਿਹੋ ਦੀ ਤੰਤੀ।

**ਝੋਕਾ**

ਇਹ ਅਰਜ਼ ਮੰਨ ਲੈ ਮੇਰੀ ਜੀ, ਕਰੋ ਚੜ੍ਹੀ ਜ਼ੁਲਮ ਦੀ ਨ੍ਹੇਰੀ ਜੀ।
ਫਿਰ ਵਾਰ ਚੁਫੇਰਿਉਂ ਘੇਰੀ, ਹੁਣ ਦੱਸ ਦਿਉ ਕਾਹਦੀ ਦੇਰੀ ਜੀ?
ਨਾ ਟਲਦੇ ਗਿਲਜੇ ਸੱਪਣੋਂ ਐ, ਇਨ੍ਹਾਂ ਔਂਟਰੇ ਸਰੋਵਰ ਆਪਣੇ ਐਂ
ਐਂ ਲੁਕਕੇ ਨਾ ਦਿਨ ਟੱਪਣੇ ਐ, ਧੌਲ ਦੁਸ਼ਮਣ ਦੇ ਸਿਰ ਥੱਪਣੇ ਐ।
ਨਿੱਤ ਖਾਂਦੇ ਫਿਰਦੇ ਖਾਰਾਂ ਨੂੰ, ਫੜ ਮਾਰਨ ਸਿੱਖ ਸਰਦਾਰਾਂ ਨੂੰ।
'ਰਜਬਲੀ ਖਾਂ' ਜੋੜ ਦੂ ਵਾਰਾਂ ਨੂੰ। ਸੰਗਤੇ ਕਹੋ ਵਾਹਿਗੁਰੂ।

**ਕਲੀ ਤਰਜ਼ ਹੀਰ**

ਤਿੱਖੇ ਭਾਲ੍ਹੇ ਮਾਰਕੇ ਹਿੱਕ ਦੇ ਵਿੱਚ ਦੀ ਕੱਢਤੇ ਐ
ਸਿੰਘ ਸੁਣ ਕੇ ਨੀਂਦੀਆਂ ਪਾਗੀਂ ਐ।
ਦਿਲ ਹੱਡੂ ਹੇਡੂ ਕਰਦੇ ਐ।
ਪੁਸੀਨੇ ਆਗੇ ਮੱਥਿਆਂ ਨੂੰ।

**ਮੁੱਖੜਾ**

ਤਿੱਖੇ ਭਾਲੇ ਮਾਰ ਕੇ ਹਿੱਕ ਦੇ ਵਿੱਚ ਦੀ ਕੱਢਤੇ ਐ
ਸੱਚੀਆਂ ਗੱਲਾਂ ਸੁਣ ਕੇ ਲੈਂਦਾਗੇ ਐ ਸਿੰਘ ਰੰਜੇ।

ਜਬਰ-ਜ਼ਸਤੀ ਵੈਰੀ ਜੋ ਖਿਲਫ਼ਗਿਰਾ ਨੂੰ ਛੋਂਦੇ ਐ।
ਸਿਉਂਨਾ ਲਾਕੇ ਉਸਰੇ ਦੇ ਮੰਦਰ ਮਨਮੋਹਣੇ।

ਓਂਟੇ ਜਲਦਾ ਰਹਿਆ ਝਾਲ ਸੋਹਣਾ ਲੱਗਦਾ ਹੈ
ਜੈਸੇ ਸੋਹਣੇ ਲੱਗਦੇ ਭਰੇ ਦੁੱਧ ਦੇ ਦੋਹਣੇ।

ਇਹੋ ਫਾਲ ਕਾਂ ਸੀ ਓਂਟੇ ਹੋ-ਹੋ ਨਿਕਲਦੇ
ਪਾਰੋ ਰੇਤ ਭਰਤੇ ਉਹਦੇ ਚਾਰੇ ਕੋਣੇ।

ਪਟੜਾ ਫਰਸ਼ ਲੈਂਦੇ ਲੱਗਿਆਂ ਸੀ ਸੰਗਮਰ-ਮਰ ਦਾ
ਸੋਹਣ ਵਾਲੇ ਬਾਹਰੇ ਐ ਮਾਈਆਂ ਦੇ ਪੋਣੇ।

ਨਵੀਂ ਮਸਜਿਦ ਜੇਹੜੀ ਬਣਦੀ ਚੌਕ ਲਾਹੌਰ ਦੇ
ਉੱਥ ਦੇ ਮਲਬੇ ਖਾਨਾਂ ਨੇ ਉਥੋਂ ਚੋ ਢੋਣੇ।

ਜਾਨਾ ਦੇਕੇ ਲਾਲ੍ਹ ਵਣੀ ਕਾਲਸ ਦਿਆਂ ਟਿਕਿਆਂ ਨੂੰ,
ਉਠ ਕੇ ਧੋਲੋ ਦਾਗ ਚੋ, ਜੋ ਮੱਥਿਆਂ ਦੇ ਧੋਣੇ।

ਧਰਮ ਗੋਜਿਆ ਹਰਾ ਹੋਜੂ ਅਗਲੀ ਦਰਗਾਹ ਮੇਂ
ਬੀਜ ਦਿਉ ਬੀਰ ਜੋ ਬੀਜ ਧਰਮ ਦੇ ਬੋਣੇ॥

ਟਕੇ-ਟਕੇ ਨੂੰ ਜਾ ਕੁੜੀਆਂ ਵੇਚਣ ਗਜ਼ਨੀ ਮੇਂ
ਵਾਂਗ ਮੇਰੂ ਦੇ ਨਹੀਂ ਫਰਜ਼ ਭੁੱਲਣਾ ਉਹਨੇ।

ਸੀਸ ਵੱਢ ਕੇ ਬੇ-ਅਣਖੀ ਕਰਦੇ ਬੰਸਾਂ ਦੀ
ਖਿਦੋ ਵਾਂਗੂੰ ਲੈਂਦੇ ਹਨ ਸਿਰਾਂ ਨੂੰ ਟਣੇ।

ਜਗਾ ਧਰਮ ਅਜ ਪੈਹਲੀ ਜੋਹੜੀ ਕੌਮ ਦੀ
ਜੇਲ੍ਹ ਬੈਲ ਨੂੰ ਘੜੇ ਸੀ ਵੰਨੂ ਐ. ਬੰਹਣੇ

ਜੇਕੋਂ ਤੀਰਥ ਖੰਡ੍ਹਆ ਹੈ ਜਿਨਾ ਨੇਕ ਵੱਡਿਆਂ ਦਾ
ਨੀਵੀਂ ਪਾਕੇ ਬੇਠੇ ਜ਼ਿੰਦਗੀ ਨੂੰ ਲਕੋਂਣੇ।

ਕੱਢਕੇ ਜਾਨਾਂ ਜੁਆਨਾਂ ਨੇ ਰੱਖੀਆਂ ਹਥੇਲੀ ਤੇ
ਸਾਹਨੂੰ ਲੈ ਚੱਲ ਬਾਬਾ ਹੇ ਜਿੱਥੇ ਜੰਗ ਹੋਣੇ।

ਚੰਗੇ ਭਾਗ ਸੀਸ ਆਹ ਧਰਮ ਲੇਖੇ ਲੱਗਜੇ ਜੇ
ਚੱਕ ਲੋ ਸ਼ਸਤਰ 'ਬਾਬੂ ਜੀ, ਭਲੇ ਜੰਗ ਛੋਣੇ।

ਤੋੜਾ

ਝੱਟ ਕਰਦੇ ਤਿਆਰੀ ਸਾਰੇ ਜੀ, ਕੁੱਲ ਉਠੰਧੇ ਬੱਲ ਜੈਕਾਰੇ ਜੀ।
ਵਿੱਚ ਗੱਭਰੂ ਭਾਰੇ-ਭਾਰੇ ਜੀ, ਭੁੱਜ ਚੜ੍ਹਗੇ ਮੌਤ ਦੇ ਖਾਰੇ ਜੀ।
ਚੱਲ ਪੈਂਦੇ ਤਰਨ-ਤਾਰਨ ਨੂੰ, ਸਿਰ ਧਰਮ ਉੱਤੋਂ ਤੋਂ ਦੀ ਵਾਰਨ ਨੂੰ
ਬੰਧ-ਬੰਧ ਕੇ ਤੇਗਾਂ ਮਾਰਨ ਨੂੰ, ਵੰਢ-ਵੰਢ ਵੈਰੀ ਦਿਲ ਠਾਰਨ ਨੂੰ।
ਪੈਂਦੀ ਜਾਂਦੀ ਧਮਕ ਜੁਆਨਾਂ ਦੀ, ਵੰਨ੍ਹ ਟੱਕਰ ਪੰਜਾਬੀ ਜਾਨ੍ਹਾਂ ਦੀ।
ਗੁਣ ਚੰਦੀ ਆਗੀ ਖਾਨਾਂ ਦੀ, ਸੰਗਤੇ ਕਹਿ ਵਾਹਿਗੁਰੂ।

## ਬੈਂਤ ਛੰਦ ਨੰ:—4

ਬਾਬਾ ਦੀਪ ਸਿੰਘ ਜੀ ਆਖੇ ਤਰਨ-ਤਾਰਨ
ਵਿੱਚ ਉੱਠ ਕੇ ਖਿੱਚ ਲਕੀਰ ਦੇਵੇ।

ਲਫਜ਼ ਭਰੇਵੇ ਜੋਸ਼ ਬਹਾਦਰੀ ਦੇ।
ਭਰੇ ਦੀਵਾਨ ਵਿੱਚ ਖੜ ਫਕੀਰ ਦੇਵੇ।

ਅੱਜ ਲਿਸਟ ਪੈਣੀ ਉਨਾ ਸੂਰਮਿਆਂ ਦੀ
ਜੇਹੜਾ ਧਰਮ ਤੋਂ ਵਾਰ ਸਰੀਰ ਦੇਵੇ।

ਛਾਲ ਮਾਰ ਲਕੀਰ ਨੂੰ ਟੱਪ ਜਾਵੇ
ਜਿੰਨ੍ਹੇਂ ਦਿਲ ਦੀ ਗੱਲ ਜੋ ਧੀਰ ਦੇਵੇ

ਕਾਲੀ ਵਾਂਗਰਾਂ ਬੈਠ ਜੋ ਸ਼ੇਰ ਉੱਤੇ
ਕਰ 'ਸੁੰਭ-ਨਸੁੰਭ' ਨੂੰ ਲੀਰ ਦੇਵੇ।

ਲੰਕਾ ਫੂਕਦੀ ਸੀ 'ਹਨੂੰਮਾਨ, ਜੈਸੇ
ਸੂਰਮਗਤੀ ਦੀ ਪੱਕ ਤਸਵੀਰ ਦੇਵੇ।

ਭੀਮ ਸੈਣ ਵਾਂਗੂੰ ਫੜ ਗਦੀਆਂ ਨੂੰ
ਲੱਤ ਰੱਖ ਕੇ ਲੱਤ ਤੇ ਚੀਰ ਦੇਵੇ।

ਅਰਜਨ ਵਾਂਗ ਅਫਤਾਬ ਨਾ ਛਿਪਣ ਦੇਵੇ
ਅਗੋਂ ਮਾਰ 'ਜੈਦਰਥ' ਨੂੰ ਤੀਰ ਦੇਵੇ।

ਵੈਰੀ ਨਾਮ ਨਾ ਲੈਣ ਫਿਰ ਉਠਣੇ ਦਾ
ਜਿਹਦੇ ਸੀਸ ਵਿਚ ਠੋਕ ਸ਼ਮਸ਼ੀਰ ਦੇਵੇ।

'ਰਜਬ ਅਲੀ' ਆਜ਼ਾਦ ਕਰ ਮੰਦਰਾਂ ਨੂੰ
ਸਾਮੇਂ ਤਰਫ਼ ਨੂੰ ਮੋੜ ਵਹੀਰ ਦੇਵੇ।

## ਤਰਜ਼ ਦੂਜਾ ਨੰ:—5

ਹਥਿਆਰ ਲਗਾਲੋ ਸੂਰਮਿਆਂ, ਥਾਪੀ ਦੇ ਕੇ ਲੜਨ ਨੂੰ ਚਾੜ੍ਹੇ।
ਗੋਰੇ ਰੰਗ ਤੇ ਮੁੱਛਹਿਰੇ ਸੋਹਣੇ, ਚੇਹਰੇ ਗੋਲ ਨੂਰਾਨੀ ਦਾੜ੍ਹੇ।

ਪਸੀਨੇ ਮੱਥਿਆਂ ਤੇ ਆ ਗਏ, ਫੇਰ ਲਾਲ ਅੱਖਾਂ ਦੇ ਵਿੱਚ ਗਾੜ੍ਹੇ
ਹੱਥੀਂ ਗਾਨੇ ਬੰਨ ਕੇ ਕਾਲ ਦੇ, ਚੱਲੇ ਮੌਤ ਨੂੰ ਵਿਆਹੁਣ ਦੇ ਲਈ ਲਾੜੇ।
ਜਿੱਥੇ ਅੰਮ੍ਰਿਤ ਵਰ੍ਹਦਾ ਗੁਰੂ ਦਾ, ਉੱਥੇ ਲੈਣ ਕੰਜਰੀਆਂ ਖਾੜੇ।
ਫੌਜਾਂ ਚਾਰ ਚੁਫੇਰਿਉਂ ਘੇਰ, ਖਿਤਰਿਓ ਅੱਗੇ ਵੈਰ ਕੇ ਧਾੜੇ
ਤੇਗਾਂ ਮਾਰ ਕੇ ਤੇ ਲੇਕਣਾਂ ਵਾਂਗੂ, ਪਾੜ ਦਿੱਤੇ ਗੋਰ ਬਣਾ ਕੇ ਵਾੜੇ
ਪਿਆਸੀ ਲਾਕੇ ਲਹੂ ਨੂੰ ਪੀ ਲਿਉ, 'ਰਜਬਲੀ ਖਾਨ ਜੋ ਯਤ੍ਹਾ ਕੱਢੇ ਹਾੜੇ।

### ਤਰਜ਼ ਸਾਕਾ ਨੰ:—6

ਖ਼ਬਰਾਂ ਸੁਣ ਕੇ ਰੋਖ ਗਿਆ ਸੀ ਖਾਨ ਜਵਾਨ ਓਂ।
ਲੈਂਦੇ ਦਮਦਮੇ ਸਾਹਿਬ ਸੇ ਸਿੱਖ ਰੋਕ ਦੁਆਨ ਓਂ।
ਸੁਣ ਕੇ ਗੱਲ ਖਾਨ ਤੂੰ ਭਖੇ ਮੁਗਲ ਪਠਾਣ ਓਂ।
ਗਜ਼ਨੀ, ਗੌਰ, ਕੰਧਾਰ ਦੇ ਵੱਧ-ਵੱਧ ਕੇ ਜੁਆਨ ਓਂ।
ਕੱਢ ਦੁਰਾਨੀ ਗਿਲਜਿਆਂ ਰੱਖੀ ਹੱਥ ਤੇ ਜਾਨ ਓਂ।
ਸ਼ਾਂਝਤਰ ਪਹਿਨਣ ਸੂਰਮੇ ਤਲਵਾਰ, ਕਮਾਣ ਓਂ।
ਤੇਗਾਂ ਪਲਮ ਸਜਾਂਵਦੇ ਤੀਖਿਆ ਵਿੱਚ ਬਾਣ ਓਂ।
ਜੰਗਜੂ ਕੌਮ ਪਠਾਣ ਦੇ ਨਾ ਮਰਨ ਅਸਾਨ ਓਂ।
ਬਾਬੂ ਝੰਡਾ ਝੂਲਦਾ ਉੱਤੇ ਲਾਲ ਨਿਸ਼ਾਨ ਓਂ।

### ਤਰਜ਼ ਸਾਕਾ ਨੰ:—7

ਕਰਲਿਆ ਕੂਚ ਸਵੇਰ ਨੂੰ ਕੁਲ ਸਿੱਖ ਸਿਰਦਾਰਾਂ
ਪਾਕੇ ਜੀਨ ਸ਼ਿੰਗਾਰਲੇ ਚੰਚਲ ਅਸਵਾਰਾਂ
ਹੱਥਾਂ ਵਿੱਚ ਢਾਲਾਂ ਸੋਹਣੀਆਂ ਚਮਕਣ ਤਲਵਾਰਾਂ
ਤੁਰਪੇ ਮੌਤ ਵਿਆਹੁਣ ਨੂੰ ਬੰਨ-ਬੰਨ ਕੇ ਲਾਰਾਂ
ਖਾਨ ਖੜਾ ਤੇ ਸੂਰਮੇ ਦੇਖੇ ਕੇ ਖਾਰਾਂ
ਰਣ 'ਚ ਮਾਰ ਕੁਜਾ ਦਿਓ ਕਰ-ਕਰ ਕੇ ਮਾਰਾਂ
ਸੇਲੇ, ਨੇਜੇ, ਬਰਛੀਆਂ ਤੇ ਤੀਰ ਕਟਾਰਾਂ
ਇੱਕ-ਇੱਕ ਸਿੱਖ ਨੇ ਵੰਗਾੜੇ ਖਾਂ ਬਾਰਾਂ-ਬਾਰਾਂ
ਜਿਸਮ ਬਣਾ ਕੇ ਛਾਨਣੀ ਰੱਤ ਵਹਿੰਦੀ ਧਾਰਾਂ
ਸਿੱਖ ਜਿਉਂਦੇ ਰਹੇ ਨਾ ਖਾਨ ਜੀ ਨਾ ਮਿਲਦੇ ਹਾਰਾਂ
ਪੌਣ ਸ਼ਹਾਦਤ ਸੂਰਮੇ ਧੁਰੋਂ ਆਈਆਂ ਤਾਰਾਂ
ਕੌਮਾਂ ਜੈਂਦੇ ਲੜਾਈਆਂ 'ਬਾਬੂ' ਜੋੜੇ ਵਾਰਾਂ।

### ਕਬਿੱਤ ਨੰ:—8

ਸੂਰਮੇ ਲੜਨ ਜੰਗ ਪਹੁੰਚ ਗਿਆ ਗੁਰੂ ਕੇ ਬਾਗ
ਮਛਾਚੂਰ ਭਾਰੇ ਜਬਰਦੱਸਤ ਖਾਂ ਪਠਾਣ ਜੀ।
ਓਦੋ ਨਾਲ ਹੱਥ ਜੋੜੇ ਸ਼ੇਰ ਬਲਵੰਤ ਸਿੰਘ ਨੇ
ਮਾਰ ਦਿੱਤਾ ਖਾਨ ਨੂੰ ਲਹੂ ਬਹਿਗੇ ਨਿਸ਼ਾਣ ਜੀ।
ਓਦਾ ਛੋਟਾ ਵੀਰ ਰੁਸਤਮ ਖਾਨ ਜੋ ਕਹਾਮਦਾ ਸੀ
ਓਦੂ ਬਾਦ ਓਨੇ ਆਕੇ ਮੱਲ ਲਿਆ ਮੈਦਾਨ ਜੀ।
ਬੜਾ ਜੰਗ ਕੀਤਾ ਦੋਵੇਂ ਲੜ ਕੇ ਸ਼ਹੀਦ ਹੋਗੇ
'ਬਾਬੂ' ਅਜੇ ਤੀਕ ਯਾਦ ਕਰਦੇ ਜਹਾਨ ਜੀ।

### ਕਬਿੱਤ ਨੰ:—9

ਚੱਲੇ ਸੂਰਮਿਆਂ ਦੀ ਤੇਗ ਤੇ, ਤੇ ਵੈਰੀ ਸਭੇ ਰੰਗ ਤੇ।
ਵਿਛਾਏ ਧੜ ਰੇਤੜੇ, ਅਲਹਿਦਾ ਸਿਰ ਧਰਤੇ।
ਬੜੇ ਜੁੱਧ ਹੋਏ ਭਾਰੇ, ਕੋਹ-ਕੋਹ ਸੁਣੇ ਲਲਕਾਰੇ,
ਲਾੜੇ ਲੋਥਾਂ ਦੇ ਮੁਨਾਰੇ, ਥੱਬਿਆਂ ਤੇ ਥੱਬੇ ਧਰਤੇ।
ਵੱਖ-ਵੱਖ ਘਾਇਲ ਹੋਏ, ਸੀ ਦਲੇਰ ਕੌਮਾਂ ਦੋਏ,
ਜੋਹਰੇ ਦੋ-ਦੋ ਟੁੱਟ ਟੋਏ, ਸੀ ਲਹੂ ਦੇ ਨਾਲ ਭਰਤੇ।
'ਬਾਬੂ' ਖਾਨ ਦੌੜੇ ਅੱਗੇ, ਤੇ ਮਗਰ ਸ਼ੇਰ ਭੱਗੇ,
ਲੋਥਾਂ ਦੇ ਢੇਰ ਲੱਗੇ, ਵਿੱਚ ਅੰਮ੍ਰਿਤਸਰ ਤੇ।

### ਤਰਜ਼ ਢੋਲਾ ਨੰ:-10

ਜਾਂਦੇ ਗਿਲਜੇ ਛੋੜ ਮੈਦਾਨ ਨੂੰ, ਪੈਗੀ ਫੌਜ ਤਮਾਮ ਨੂੰ ਭਾਜ।
ਕੁਲ ਤੋਪਾਂ ਛੱਡੀਆਂ ਰਹਿਗੀਆਂ, ਨਾਲੇ ਛੋੜ ਅਸਬਾਬ ਤੇ ਸਾਜ।
ਖਾਕ ਵਿੱਚ ਮਿਲਾਤੇ ਸੂਰਮੇ, ਜਿਹੜੇ ਕਹੇ ਸੀ ਪਲ ਦੇ ਬਾਜ।
ਮੁਰਦੇ ਰੁਲਦੇ ਸੀ ਵਿੱਚ ਮੈਦਾਨ ਦੇ, ਮਾਰੀ ਜਿਨਾਂ ਨੂੰ ਮੌਤ ਨੇ ਵਾਜ।
ਭੱਜੇ ਜਾਣ ਅਟਾਰੀ ਤਰਫ਼ ਨੂੰ, ਉੱਘੜ ਗਏ ਪਠਾਣਾਂ ਦੇ ਪਾਜ।
ਹਾਥੀ ਦੌੜ ਗਿਆ ਖਾਨ ਜਹਾਨ ਦਾ, ਕਿਧਰੇ ਰੁਲਦਾ ਫਿਰਦਾ ਤਾਜ।
ਜੰਗ ਜਿੱਤਗੇ ਸਿੰਘ ਦਸਮੇਸ਼ ਦੇ, ਪੀਕੇ ਰੱਤ ਨੂੰ ਮਟੌਂਦੇ ਦਾਜ।
ਕੀਤਾ ਫੱਤਹ ਲਿਆ ਬਾਬਾ ਦੀਪ ਸਿੰਘ ਨੇ, ਰੱਬ ਸਿਰੇ ਚੜ੍ਹਾਤਾ ਕਾਜ
'ਬਾਬੂ' ਰਹਿਗੀ ਸ਼ਰਮ ਪੰਜਾਬ ਦੀ, ਮੇਰੇ ਸਤਿਗੁਰ ਰੱਖਲੀ ਲਾਜ।

### ਬੈਂਤ ਨੰ:—11

ਜੰਗ ਜਿੱਤ ਲਿਆ ਸਿੰਘਾਂ ਬਹਾਦਰਾਂ ਨੇ
ਲਏ ਸਾਂਭ ਅਸਬਾਬ ਸ਼ਤਾਬ ਦੇ ਜੀ।

ਸੂਰੇ ਉੱਤਰੇ ਆਣ ਥੇ ਸ਼ਹਿਰ ਲੈਣੇ
ਤੇਗ਼ੂ ਲੈਂਗਗੇ ਪਾਸ ਫ਼ਲਾਬ ਦੇ ਜੀ।

ਘੱਦੇ ਸੈਣੀਆਂ ਜੁਆਨ ਇਕ-ਦੂਸਰੇ ਨੂੰ
ਮੁੱਖ ਟਹਿਕ ਦੇ ਵਾਂਗ ਗੁਲਾਬ ਦੇ ਜੀ।

ਮਿਲਣ ਫੁਲ ਦੁਕਾਨਦਾਰ ਢਾਲੀਆਂ ਸੋ
ਖ਼ੁਸ਼ੀ ਔਂਦੀ ਨਾ ਵਿੱਚ ਹਿਸਾਬ ਦੇ ਜੀ।

ਫੇਰ ਰਾਤ ਨੂੰ ਬਾਲ ਚਿਰਾਗ ਘਿਉ ਦੇ
ਹੋਗੀ ਰੋਸ਼ਨੀ ਵਾਂਗ ਮਹਿਤਾਬ ਦੇ ਜੀ।

ਖ਼ਬਰ ਜਿੱਤ ਦੀ ਪੌਂਹਚਗੀ ਦੇਸ਼ ਅੰਦਰ
ਲੱਭੀ ਖੁਸ਼ੀ ਮਲੰਗ ਪੰਜਾਬ ਦੇ ਜੀ।

ਗੁਰੂ ਧਾਮ ਅਜ਼ਾਦ ਕਰਾ ਲਿਆ ਸੀ
ਮੁੱਖ ਮੋੜ ਤੇ ਥਾਂਨ ਖਰਾਬ ਦੇ ਜੀ।

ਸਾਰੇ ਤਰਫ਼ ਲਾਹੌਰ ਦੇ ਕੂਚ ਕਰਗੇ
ਜੁਆਨ ਖਾਨ ਜਹਾਨ ਨਵਾਬ ਦੇ ਜੀ।

ਕਹਿੰਦੇ ਫੇਰ ਨਹੀਂ ਔਣ ਦਾ ਨਾਮ ਲੈਂਦੇ
ਗਏ ਭੁੱਲ ਪਠਾਣ ਜੁਆਬ ਦੇ ਜੀ।

ਡੋਗਾ ਜਾਦ ਕਰ ਕੇ ਇਹਨਾਂ ਸੂਰਮਿਆਂ ਦੀ
ਡਰਦੇ ਹੋਣ ਗੇ ਵਿੱਚ ਖ਼ੁਆਬ ਦੇ ਜੀ।

ਮਿਲੀ ਜੰਗ ਮੇਂ ਹਾਰ ਦੁਰਾਨੀਆਂ ਨੂੰ
ਜਿੱਤੇ ਸ਼ੇਰ ਦਸ਼ਮੇਸ਼ ਜਨਾਬ ਦੇ ਜੀ।

'ਰਜਬਲੀ' ਮਸ਼ਹੂਰ ਮੁਆਫ਼ ਕਰਨਾ
ਰਹਿਗਿਆ ਫ਼ਰਕ ਜੇ ਵਿੱਚ ਕਿਤਾਬ ਦੇ ਜੀ।

# ਮਾਲਕ ਭਲੇ ਪੁਰਸ਼ ਦੇ ਹੱਥ ਤੋਂ

ਰੱਬ ਬੇਅੰਤ ਬੜਾ ਪਰਤਾਪੀ, ਕਰਤੇ ਭਲੇ 'ਪੁਰਸ਼' ਕਈ ਪਾਪੀ।
ਆਦਮ ਪੈਦਾ ਕੀਤਾ ਖਾਕੋਂ, ਈਸਾ ਬਾਪ ਬਿਨਾਂ ਰੂਹ ਪਾਕੋਂ।
ਉਸ ਨੂੰ ਸੂਕ-ਸੂਕ ਪਰਸਾ ਜੀ,
ਹਜ਼ਰਤ ਨੂੰਹ ਮੁਬਾਰਕ ਸਮਝਾਵੇ, ਸਾਢੇ ਨੌਂ ਸੌ ਬਰਸਾਂ ਜੀ।

ਰੱਖ ਹਰ ਨਰ-ਮਾਦਾ ਦੀ ਜੋੜੀ, ਫਿਸ਼ਤੀ 'ਸਾਗਰ' ਦੇ ਵਿੱਚ ਰੋਹੜੀ।
ਜਲ ਵਿੱਚ ਡੁਬਕੇ ਸੋ ਮਰ ਗਏ ਮੁਨਕਰ, ਕਿਉਂ ਨਾ ਲੋਕ ਸਮਝ ਮਝਦੇ ਸੁਣਕਰ,
ਗਲ ਰੱਸਾ ਪਾਈਏ ਫਾਹੀਦਾ,
ਮਾਲਕ ਭਲੇ ਪੁਰਸ਼ ਦੇ ਹੱਥ ਤੋਂ, ਕਰਦਾ ਨਸ਼ਟ ਗੁਨਾਹੀ ਦਾ।

ਜਬ ਕਿਹਾ ਨਾਮ ਜਪਾਂ ਹਰਨਾਕਸ਼, ਪੁੱਤ ਨਾ ਮੰਨਦਾ ਵਰਜੇ ਰਾਖਸ਼।
ਉੱਠ ਪ੍ਰਹਿਲਾਦ ਗਰਮ ਥੰਮ੍ਹ ਬਲਦਾ, ਪ੍ਰਭੂ ਕੀੜੀ ਬਣਕੇ ਚਲਦਾ।
ਜੱਫੀ ਪਾ ਥੰਮ ਠਾਰ ਲਿਆ।
ਫਿਰ ਨਰ ਸਿੰਘ ਦਾ ਰੂਪ ਸੱਚੇ, ਸਤਿਗੁਰ ਨੇ ਧਾਰ ਲਿਆ।

ਪੁੱਛਦਾ ਫੜ ਅੰਦਰ ਕਿ ਬਾਹਰ, ਵੇਖ ਲੈ ਦਿਨ ਕਿ ਟਹਿਕਦੇ ਤਾਰੇ?
ਮੱਕੇ ਦੇਬ ਸੰਗਲ ਨਾ ਖੁਲਚਾੜੇ, ਫੜ ਕੇ ਢਿੱਡ ਨਖਾਂ ਨਾਲ ਪਾੜੇ
ਹੋ ਗਿਆ ਹਾਲ ਤਬਾਹੀ ਦਾ
ਮਾਲਕ ਭਲੇ ਪੁਰਸ਼ ਦੇ ਹੱਥ ਤੋਂ, ਕਰਦਾ ਨਸ਼ਟ ਗੁਨਾਹੀ ਦਾ।

ਜਾ ਨਮਰੂਦ ਸ਼ਰਾਬੇ ਸਿੰਜਦਾ, ਇਬਰਾਹੀਮ ਵੇਖ ਕੇ ਖਿਝਦਾ।
ਦੁਸ਼ਮਣ ਪਕੜ ਚਿਖਾ ਵਿੱਚ ਪਾ ਤਾ, ਸੁੱਕੀਆਂ ਲੱਕੜਾਂ ਲਾਬੂ ਲਾ 'ਤਾ,
ਤੌਂ ਅੰਗਿਆਰੇ ਦਗਦੇ ਜੀ।
ਹੋ ਗਿਆ ਹੁਕਮ ਖੁਦਾ ਦਾ। ਤੇ ਫੁੱਲ ਬਣ ਗਏ ਅੰਗ ਦੇ ਜੀ।

ਠੰਢਾ ਕਰਤਾ ਭਾਂਬੜ ਬਲਦਾ, ਸ਼ਾਹ ਨਮਰੂਦ ਅਜੇ ਨਾ ਟਲਦਾ।
ਸੀ ਜੰਗ ਨਾਲ ਖੁਦਾ ਦੇ ਕੀਤਾ। ਰੱਬ ਨੇ ਮੱਛਰਾਂ ਮੇਲਾ ਕੀਤਾ।
ਹਰ ਬਦਮਾਸ਼ ਸਿਪਾਹੀ ਦਾ।
ਮਾਲਕ ਭਲੇ ਪੁਰਸ਼ ਦੇ ਹੱਥ ਤੋਂ। ਕਰਦਾ ਨਸ਼ਟ ਗੁਨਾਹੀ ਦਾ।

ਰਾਜਾ ਲੰਕ ਪਤੀ ਜੋ ਦਹਿਸਿਰ, ਐਸਾ ਨਾ ਵਿਸਰਾ ਨਾ ਵੀਹਸਿਰ।
ਕਰਿਆ ਚਹੁੰ ਵੇਦਾਂ ਦਾ ਟੀਕਾ, ਪਾ ਲਿਆ ਰਾਮ ਦੇ ਨਾਲ ਸ਼ਰੀਕਾ,
ਮੂਰਖ ਚੰਚਲੀ ਸਾਧਨੀ।
ਨਾ ਚੜ੍ਹਦੇ ਨਾ ਲਹਿੰਦੇ ਹੋਣੀ ਆਦਿ-ਜੁਗਾਦਿ ਨੀਂ।

ਅੱਗ ਸਾ ਬਦਨ ਸੁਨਹਿਰੀ ਸਾੜੇ, ਕ੍ਰੋਧ ਤੇ ਮੋਖ ਨਰਾਤਕ ਪਾੜੇ।
ਪੁੱਤਰ ਲੱਖ ਸਵਾ ਲੱਖ ਪੋਤੇ, ਖਾਦੇ ਫਿਰਨ ਲਹੂ ਵਿੱਚ ਗੋਤੇ।
ਹੋ ਗਿਆ ਗਰਕ ਸਲਾਹੀਦਾ।
ਮਾਲਕ ਬਲੇ ਪੁਰਸ਼ ਦੇ ਹੱਥ ਤੋਂ, ਕਰਦਾ ਨਸ਼ਟ ਗੁਨਾਹੀ ਦਾ।

ਬਹੁਤ ਕਰੇ ਹੰਕਾਰ ਫਰਾਊਐਣ ਸੀ, ਕਹੇ ਖੁਦਾ ਤੂੰ ਮੂਸਾ ਫੇਰ ਸੀ।
ਜ਼ਾਲਮ ਕਰੇ ਖੁਦਾ ਏ ਦਾਅਵੇ। ਚੜ੍ਹਕੇ ਰੱਬ ਨੂੰ ਤੀਰ ਚਲਾਵੇ।
ਉੱਚਾ ਕਿਲਾ ਉਸਾਰ ਲਿਆ
ਕੁਦਰਤੀਂ ਤੀਰ ਲਹੂ ਨਾਲ ਲਿਬੜੇ, ਕਹੇ ਖੁਦਾ ਨੂੰ ਮਾਰ ਲਿਆ।

ਮੂਸਾ ਹੋ ਗਿਆ ਕੌਮ ਲੈ ਰਾਹੀ, ਵੇਖੋ ਰੱਬ ਦੀ ਬੇਪਰਵਾਹੀ।
ਨਦੀਓਂ ਪਾਰ ਉਤਾਰਾ ਕਰਕੇ, ਮਗਰੋਂ ਫ਼ੌਜ ਫਰੌਣੀ ਗਰਕੇ,
ਆ ਗਿਆ ਹੁਕਮ ਇਲਾਹੀ ਦਾ।
ਮਾਲਕ ਬਲੋਂ ਪੁਰਸ਼ ਦੇ ਹੱਥ ਤੋਂ, ਕਰਦਾ ਨਸ਼ਟ ਗੁਨਾਹੀ ਦਾ।

ਬੜਾ ਹੀ ਜ਼ਾਲਮ ਬਾਜਾ ਬਾਸ਼ਾ, ਜਿਹੜਾ ਮਥਰਾ ਦਾ ਸੀ ਰਾਜਾ।
ਹੋ ਅਫਸੋਸ ਬਥੇਰਾ ਉਹ 'ਤੇ, ਭਾਣਜੇ-ਭਾਣਜੀਆਂ ਕਰ ਕੋਹ 'ਤੇ।
ਜ਼ਾਲਮ ਕੰਸ ਕਸਾਈ ਨੇ।
ਜੇਲ੍ਹ-ਮੁਸੀਬਤ ਕੱਟ ਲਈ ਭੈਣ, ਪਿਤਾ ਦੇ ਜੁਆਈ ਨੇ।

ਹੋ ਗਿਆ ਫੇਲ ਕੰਸ ਦਾ ਮਿਸ਼ਨ ਸੀ, ਗੋਕਲ ਪਲਦਾ ਰਿਹਾ ਕ੍ਰਿਸ਼ਨ ਸੀ।
ਤੋੜੇ ਬਾਦਸ਼ਾਹੇ ਬਾਹੂ ਚਰਿਆਮਾਂ, ਕੇਸੀਂ ਪਕੜ ਪਛਾੜਿਆ ਮਾਮਾਂ।
ਕਾਂਹ ਫੇਤ ਭਜਨੋਂ ਲਾਹੀਦਾ।
ਮਾਲਕ ਬਲੇ ਪੁਰਸ਼ ਦੇ ਹੱਥ ਤੋਂ, ਕਰਦਾ ਨਸ਼ਟ ਗੁਨਾਹੀ ਦਾ।

ਸੂਬੇ ਸ਼ਹਿਰ ਬਣੀ ਵੀ ਥੂੰ ਹਾਂ। ਮੱਖਿਓਂ ਤੁਰਨ ਹੁਸੈਨੀ ਕੂਚਾਂ।
ਕਰਬਲਾ ਫਿਮਰ ਵਰਗਾਂ ਨੇ ਰੋਕੇ। ਤੇ ਗਲ ਲੱਪਣ ਚਲਾ ਕੇ ਟੋਕੇ।
ਲੱਖਾਂ ਰੁਲਣ ਬਰੇਤੀ ਤੇ।
ਡੋਗਾਂ ਫਰਮਾਏ ਪਾ ਲਿਆ, ਕਾਸਮ ਸ਼ੇਰ ਜਨੇਤੀ ਤੇ।

ਬੀਬੀ ਹਜ਼ਰ ਵਿਚਾਰੇ ਬੋਲੇ, ਸੁਣ ਕੇ ਅਰਜ਼ ਖੁਦਾ ਦਾ ਡੋਲੇ,
ਫੌਜ ਦੀ ਛਾਵੇਂ ਮੂਹਰੇ ਹਾਕੂੰ, ਮਾਰੇ ਬਿਨਾ ਕਸੂਰੋਂ ਲਾੜੇ।
ਅਦਲ ਕਮੇਟੀ ਚਾਹੀਦਾ।
ਮਾਲਕ ਭਲੇ ਪੁਰਸ਼ ਦੇ ਹੱਥ ਤੋਂ, ਕਰਦਾ ਨਸ਼ਟ ਗੁਨਾਹੀ ਦਾ।

ਦਿੱਲੀਓਂ ਘੱਲਿਆ ਨਾਦੀ ਫਿਰਦਾ, ਆ ਗਿਆ ਅੰਮ੍ਰਿਤਸਰ ਵਿੱਚ ਫਿਰਦਾ।
ਲੱਗਿਆ ਗੁਰੂ ਦੁਆਰਾ ਸੋਹਣਾ, ਮੋਹਦਾ ਰੂਪ ਦਿਲਾਂ ਨੂੰ ਹੋਣਾ,
ਗੌਲ ਆ ਵਾਪਸ ਭਰੀ ਸੀ।
ਬਣੇ ਦੀਵਾਨ ਚੁਬਾਰਾ ਗੁਰ ਨੂੰ ਦਸਦਾ ਔਗੋ ਸੀ।

ਗੁਰੂ ਨਾ ਮਿਲਦਾ, ਤਕੀਆਂ ਸ਼ੀਸ਼ੇ, ਉੱਪਰ ਬਹੌਣ ਲੁਹਾ ਕੇ ਲੀੜੇ।
ਗੁਰ ਦੇ ਲਾਲ ਚੁਟੇਰਿਉਂ ਨਿਕਲੇ, ਪਰ ਨਾ ਪਾਪ ਧਰਮ ਨਾਲ ਮਿਕ ਲੇ।
ਝੂਠ ਤੋਂ ਸੱਚ ਨਾ ਢਾਹੀਦਾ।
ਮਾਲਕ ਭਲੇ ਪੁਰਸ਼ ਦੇ ਹੱਥ ਤੋਂ ਕਰਦਾ ਨਸ਼ਟ ਗੁਨਾਹੀ ਦਾ।

ਲੈ ਗਿਆ ਨਰਮ ਦੁਖਾਰੇ ਗੰਗੂ, ਜੋ ਸੱਪ ਉੱਡਦਾ ਘਰ-ਜਾ ਡੰਗੂ।
ਛੋਤੀ ਪੰਡਿਤ ਚਾਣ ਨਬੇੜੀ, ਰੁੱਲ ਧਨ ਲੁੱਟ ਲਿਆ ਜਾ ਕੇ ਖੰਡੀ।
ਮਾਂ ਸਮਝਾਉਂਦੀ ਸੋਤੀ ਐ।
ਦਸਮੇਂ ਗੁਰ ਦੀ ਬੇੜੀ, ਧਾਰ ਵਿਚਾਲੇ ਡੋਬੀ ਐ।

ਸੱਦ ਕੇ ਪੁਲਸ ਕੜਾ ਭੀ ਜੋੜੀ, ਕਰਦਾ ਜ਼ੁਲਮ ਵਜ਼ੀਦਾ ਕੋਹੜੀ।
ਲੈ ਗਿਆ ਬਾਹਰ ਦੁਪਹਿਰੇ ਦਿਨਖੇ। ਗੁਰਦੇ ਲਾਲ ਦੀਵਾਰੀਂ ਚਿਣਦੇ।
ਲਾਇਆ ਲਿਆ ਦਾਗ ਸਿਆਹੀ ਦਾ।
ਮਾਲਕ ਭਲੇ ਪੁਰਸ਼ ਦੇ ਹੱਥ ਤੋਂ, ਕਰਦਾ ਨਸ਼ਟ ਗੁਨਾਹੀ ਦਾ।

ਹਿੰਦੂ, ਸਿੱਖ, ਮੁਸਲਮ ਨੂੰ ਕਹਿਣਾ ਪਿਉ, ਖੰਡ ਖਿਚੜੀ ਬਣ ਕੇ ਰਹਿਣਾ।
ਦੀਰਨੇ ਭੁਲਜਿਉ ਵੈਰ ਪੁਰਾਣੇ, ਵਧਣ ਪ੍ਰੇਮ-ਪ੍ਰਿਤ ਦੇ ਟਾਹਣੇ।
ਦਿਲ ਦੀਆ ਦੇਣ ਦਿਉ ਗੁੰਢਲੀਆਂ।
ਰਾਹੀਂ ਜਾਣ ਕੁਰਾਹੇ ਤਾਂ ਧਰਾ-ਡੰਡੀਆਂ ਖੁੰਝਲੀਆਂ।

ਜਿਸ ਤਰ੍ਹਾਂ 'ਬਾਬੂ' 'ਪੂਰਨ ਰਾਮਾਂ', ਮਿਲ ਕਰ ਮਿੱਠੀਆਂ ਕਰਨ ਕਲਾਮਾਂ?
ਪਾ ਲਉ ਆਪਸ ਵਿੱਚ ਵੀ ਗੰਢੀਆਂ। ਬਾੜਾਂ ਕਹਿਣ ਪਵੀਸ਼ਰ ਚੰਗੀਆਂ।
ਵੈਰ ਚੁਬਾਰਾ ਢਾਹੀ ਦਾ।
ਮਾਲਕ ਭਲੇ ਪੁਰਸ਼ ਦੇ ਹੱਥ ਤੋਂ, ਕਰਦਾ ਨਸ਼ਟ ਗੁਨਾਹੀ ਦਾ।

# ਹਮਾਇਤ ਰੱਜਬਅਲੀ

॥ਦੋਹਿਰਾ॥

ਖੜਾ ਸੁਆਲੀ ਬਾਰ ਤੇ, ਨਾ ਕੁਛ ਅਕਲ-ਸ਼ਊਰ।
ਭਰਦੇ ਇਲਮ ਦਿਮਾਗ਼ ਮੇਂ, ਤੇ ਕਰਦੇਂ ਭਰਪੂਰ।
ਨਸ਼ਾ ਚੜ੍ਹਾਦੇਂ ਨਾਮ ਦਾ, ਧੌਣ ਝੁਕੇ ਦਿਲ ਟਹਿਕ।
ਲਪਟਾਂ ਆਉਣ ਹਮਾਇਤ ਚੋਂ, ਜਿਵੇਂ ਹਾਰ ਚੌਂ ਮਹਿਕ।

## ਮੁਕੰਦ ਛੰਦ—1

ਹੋਜੇ ਜੇ ਮਿਹਰ ਸੱਚੀ ਸਰਕਾਰ ਦੀ,
ਰੀਝ ਲਾ ਕੇ ਲੜੀ ਮੈਂ ਗੁੰਦਿਆਂ ਹਾਰਦੀ,
ਫੁੱਲਾਂ ਨਾਲ ਭਰਜੇ ਚੰਗੇਰ ਮੇਰੀ ਦੀ,
ਮਿੱਠੀ ਲਹਿਰ ਚੱਲਜੇ ਦਿਮਾਗੋਂ ਮੇਰੀ ਦੀ।

ਕਲਮ ਕੁਦਰਤੀ ਚਵਲ ਲਿਖਣੀ,
ਮੂੰਹ ਤੇ ਰੌਖ ਕਵਿਤਾ ਬਣਾਉਣੀ ਸਿੱਖਣੀ।
ਲਿਖਣੀ ਖ਼ਿਤਾਬ ਹਰਫ਼ ਸੁਨਹਿਰੀ ਦੀ,
ਮਿੱਠੀ ਲਹਿਰ ਚੱਲਜੇ ਦਿਮਾਗੋਂ ਮੇਰੀ ਦੀ।

ਵਿੱਦਿਆ ਦੀ ਅੰਦਰ ਮਿਸਾਲ ਜੱਗਜੇ,
ਅੰਮ੍ਰਿਤ ਜੀਭ ਤੋਂ ਬਰ੍ਹਨ ਲੱਗਜੇ।
ਗੂੰਜ ਪੈਜੇ ਦੇਸ਼ ਤੇ ਹਮਾਰੀ ਲੈਰੀ ਦੀ,
ਮਿੱਠੀ ਲਹਿਰ ਚੱਲਜੇ ਦਿਮਾਗੋਂ ਮੇਰੀ ਦੀ।

ਲਾਹਕੇ ਜੀਭ ਕੋਇਲ ਦੀ ਕੜ੍ਹਾਦੇਂ ਕਾਗਾ ਨੂੰ,
ਟੋਕੇਂ ਟਹਿਕੀ ਜਾਣਦੇ ਫੁੱਲਾਂ ਦੇ ਬਾਗ਼ਾ ਨੂੰ।
ਕਈ ਵੇਰੀ ਮਿਨਤੀ ਕਰੋਲ ਵੈਰੀ ਦੀ,
ਮਿੱਠੀ ਲਹਿਰ ਚੱਲਜੇ ਦਿਮਾਗੋਂ ਮੇਰੀ ਦੀ।

ਲਿਖ-ਲਿਖ ਕਾਗਜ਼ ਬਥੇਰੇ ਪਾੜ੍ਹ ਤੇ,
ਚੜ੍ਹਨਾ ਮੁਹਾਲ ਕਵਿਤਾ ਪਹਾੜ ਤੇ,
ਮਿਲੇ ਨਾ ਸੁਖਾਲੀ ਥਾਂ ਖਲੋਜ਼ ਗੋਡੀ ਦੀ,
ਮਿੱਠੀ ਲਹਿਰ ਚੱਲਜੇ ਦਿਮਾਗੀਂ ਸੋਢੀ ਦੀ।

ਮਾਲਕਾ ਅਕਲ ਦੀ ਮਸ਼ੀਨ ਕਸਦੇ,
ਫਿਕਰੋਂ ਬਣਾਵਾਂ ਹੈਂ ਤਰੇ ਵੇਂ ਕਸ ਦੇ,
ਰੋਗ ਤਰਾਂ ਜਿਵੇਂ ਰੇਕਾਤ ਕਲਹਿਰੀ ਦੀ,
ਮਿੱਠੀ ਲਹਿਰ ਚੱਲਜੇ ਦਿਮਾਗੀਂ ਸੋਢੀ ਦੀ।

ਜਾਣ ਮੇਰੇ ਸੀਨੇ ਚੋਂ ਅਤਰ ਫਿਸਲੇ,
ਅੰਮ੍ਰਿਤ ਨਿੱਕਲੇ ਰਸਨ ਰਿਸਕੇ।
ਜਾਗੀ ਭੁੱਖ ਸਹਿਜੇ ਸੁਣਕੇ ਕਚਹਿਰੀ ਦੀ,
ਮਿੱਠੀ ਲਹਿਰ ਚੱਲਜੇ ਦਿਮਾਗੀਂ ਸੋਢੀ ਦੀ।

ਦਿਲ ਸਾਫ਼ ਲੈਂਜ਼ ਕੈਮਰਾ ਕੀ ਲੈਣ ਦੀ,
ਸਹੀ ਤਸਵੀਰ ਖਿੱਚ ਦਿਆਂ ਕਮੇਣ ਦੀ।
ਕਰਦੇ ਦਲੀਲ ਪੂਰੀ 'ਬਾਬੂ' ਨਹਿਰੀ ਦੀ,
ਮਿੱਠੀ ਲਹਿਰ ਚੱਲਜੇ ਦਿਮਾਗੀਂ ਸੋਢੀ ਦੀ।

॥ਦੋਹਿਰਾ॥

ਰਚੇ ਸਵੰਬਰ ਜਨਕ ਨੇ, ਭਾਰੀ ਸਖ਼ਤ ਸਮਾਨ।
ਧਨੁਸ਼ ਉਠਾ ਤੰਦ ਚਾੜ੍ਹਦੇ, ਵਿਆਹ ਲੈ ਕੁੜੀ ਰਕਾਨ।
ਆਣ ਉਠਾਉਂਦਾ ਧਨੁਸ਼ ਨੂੰ, ਦਸ਼ਰਥ ਦਾ ਪੁੱਤ ਰਾਮ।
ਪੁੱਤਰੀ ਰਾਜੇ ਜਨਕ ਦੀ, ਉਸਨੂੰ ਮਿਲੀ ਇਨਾਮ॥

ਪ੍ਰਬੰਧ ਛੰਦ—2

ਪਿਤਾ ਦਸ਼ਰਥ ਨਗਰ ਅਯੁੱਧਿਆ,
ਸਵੰਬਰ 'ਚੋਂ ਮਾਰਕੇ ਛਲਾਂਗਾਂ ਢੁੱਕਿਆ।
ਤੇਰਾਂ ਚੌਦਾਂ ਸਾਲ ਉਮਰ ਨਿਧਾਨ ਕੀ,
ਰਾਮ ਤੋੜ ਧਨੁਸ਼ ਵਿਆਹਲੀ ਜਾਨਕੀ।

ਸੀਤਾ ਨਾਮ ਪੁੱਤਰੀ ਜਨਕ ਭੂਪ ਦੀ,
ਜੱਗ ਵਿੱਚ ਧਾਂਕ ਉਸਦੇ ਸਰੂਪ ਦੀ।
ਸ਼ੋਭਾ ਵਰਗੀ ਜਿਵੇਂ ਲਿਸ਼ਕੋਰ ਭਾਨ ਦੀ,
ਰਾਮ ਤੋੜ ਧਨੁਸ਼ ਵਿਆਹਲੀ ਜਾਨਕੀ।

ਹੱਸਦੇ ਗਹਿਣ ਦੰਦ ਚਿੱਟੇ ਚਿੱਟੇ ਪਏ,
ਮਹਿਕਦਾ ਬਦਨ ਜਿਉਂ ਅਤਰ ਛਿੱਟੇ ਪਏ।
ਹੋਂਠ ਜਿਵੇਂ ਸੁਰਖੀ ਸੁਹਾਵੇ ਪਾਨ ਦੀ,
ਰਾਮ ਤੋੜ ਧਨੁਸ਼ ਵਿਆਹਲੀ ਜਾਨਕੀ।

ਕੱਜਲ ਸਵੇਦ ਤੇਜ਼ ਲਾਲ ਰੰਗ ਦੇ,
ਨਾਰਦਦ ਕੁੰਜ ਤੋਂ ਲਿਆਂਦੀ ਮੰਗ ਕੇ।
ਸਿੰਘ ਦੇ ਸਮਾਨ ਸੋਹੇ ਪੈਰ-ਕਾਨਕੀ
ਰਾਮ ਤੋੜ, ਧਨੁਸ਼ ਵਿਆਹਲੀ ਜਾਨਕੀ।

ਵਾਲ਼ ਹੱਥ ਰੇਸ਼ਮੀ ਰੁਮਾਲਾਂ ਵਰਗੇ
ਨੈਣੀ ਜਿਉਂ ਮਿਰਗਾਂ ਤੋਂ ਲਿਆਂਦੇ ਧਰਕੇ।
ਟੱਕੇ ਝਰਵੱਟੇ ਅੱਖ ਗਿਲਮਾਨ ਦੀ
ਰਾਮ ਤੋੜ ਧਨੁਸ਼ ਵਿਆਹਲੀ ਜਾਨਕੀ।

ਚਾਲ, ਕਰੇ ਹੰਸ ਮੜਕ ਨਾਸ਼ ਦੀ
ਕੇਸ, ਜਿਵੇਂ ਕਾਲੀ ਲੰਗਾੜੀ ਫ਼ਰਾਸ਼ ਦੀ
ਤਿੱਖਾ ਨੱਕ ਮਿੱਠੀ ਮਿੱਠਤ ਜ਼ਬਾਨ ਦੀ
ਰਾਮ ਤੋੜ ਧਨੁਸ਼ ਵਿਆਹਲੀ ਜਾਨਕੀ।

ਰੰਗਣ ਸਣੇ ਰਾਜਨ ਉਠਾਉਂਦੇ ਥੱਕਲੇ
'ਬਾਬੂ' ਰਘੁਵੀਰ ਨੇ ਧਨੁਸ਼ ਚੱਕਲੇ।
ਚੂਰ ਵਾਂਗ ਸੁਣੀ ਟੁੱਟਦੀ ਦੀ ਕਮਾਨ ਦੀ
ਰਾਮ ਤੋੜ ਧਨੁਸ਼ ਵਿਆਹਲੀ ਜਾਨਕੀ।

**ਦੋ ਭਾਸ਼ਾ ਛੰਦ—3**

ਬਿਲਕਣ ਮਿਲੇ ਜਦ ਰਾਮ ਜੀ, ਤਖ਼ਤ ਮਿਲਣ ਦੀ ਆਸ
ਮਾਤ ਕਕੈਈ ਦੇ ਕਹੇ, ਦੀਆ ਬਾਪ ਬਣਵਾਸ।

## ਵੈ ਰਾਗ ਛੰਦ

ਭਰਾਤਾਂ ਨੂੰ ਛੀੜਾਂ, ਪੰਦੀਆਂ ਹਮੇਸ਼ ਤੋਂ
ਚੌਦਾਂ ਸਾਲ ਰਾਮ ਨੂੰ ਨਿਕਾਲਾ ਦੇਸ਼ ਤੋਂ।
ਸੀਤਾ ਪਤੀ ਵਰਤਾ ਪਤੀ ਦੇ ਨਾਲ ਗਈ,
ਆਦਰੀ ਜਨਮ ਦੇ ਧਰਮ ਪਾਲ ਗਈ।

ਲਛਮਣ ਵੀਰ ਸੀ ਭਰਾ ਦੇ ਸੰਗ ਗਿਆ
ਸ਼ਾਬਾਸ਼ੇ ਦਲੇਰੀ ਦੀ ਲਕੀਰ ਲੰਘ ਗਿਆ
ਸੀਸ ਦੇ ਕੇ ਮਿਲੇ ਨਾ ਫਕੀਰੀ ਸਮਝੀ
ਛੱਡ ਗਏ ਅਯੁੱਧਿਆ ਨੂੰ ਦੂਰ ਬਸਤੀ।

ਸਾਧ ਬਣ ਭਗਵੇਂ ਲਿਬਾਸ ਰੰਗ ਗਏ,
ਉੱਚਾ ਸੱਤਪੁੜੇ ਦਾ ਪਹਾੜ ਲੰਘ ਗਏ।
ਤੁਰੇ ਜਾਂਦੇ ਰੱਖ ਮੂੰਹ ਦੱਖਣ ਵੱਲ ਜੀ,
ਦਿਨਾਂ ਵਿੱਚ ਚੀਰਗੇ ਜੰਗਲਾਂ ਦੇ ਜੰਗਲ ਜੀ।

ਅੱਗੇ ਚੜ੍ਹਿਆ ਵਗਦਾ ਗੋਦਾਵਰੀ ਦਰਿਆ,
ਉੱਥੇ ਰਾਮ ਪੰਗੀ ਉਸੇ ਥਾਂ ਪੜਾਅ ਕਰਿਆ।
ਸੱਜਰਾ ਕੁੱਲ੍ਹਾ ਬਣਾ ਲਿਆ ਟਿਕਾਣੇ।
ਚਾਣ ਚੌਕ ਵਧੀਆ ਟਿਕਾਣੇ ਮਿਲ ਗਏ।

ਕਈ ਚੀਜ਼ ਡੀਲਰ ਚੂਹੇਰੇ ਰੰਜ ਸੀ,
ਸੰਘਣੇ ਫਾਂ ਲੱਗੇ ਕੇ ਬ੍ਰਿਛ ਧੰਜ ਸੀ।
ਉੱਥੇ ਰਿਸ਼ ਕੁਟੀਆ ਬਣਾਲੀ ਪੱਕੀ ਵੀ,
ਪੰਗੀ ਸੀਤਾ ਨਾਜ਼ਕ ਬਦਨ ਥੱਕੀ ਵੀ।

ਦੇਖ ਜਗ੍ਹਾ ਉੱਜੜੀ ਰਹਿਣ ਲੱਗਪੇ,
ਪੰਚਵਟੀ ਉਸਨੂੰ ਕਹਿਣ ਲੱਗਪੇ,
ਰਹੀ ਵੀ ਤਲਾਈ ਸੀ ਅਰਾਮ ਨਹਾਉਣ ਦਾ,
ਉੱਥੇ ਚੌਂਸ ਪੰਜ-ਛੀ ਜ਼ਮੀਰਾਂ ਗਾਉਣ ਦਾ।

ਕਰਨ ਤਪੱਸਿਆ ਭੁਲਾਤੇ ਜੱਣਦੇ,
ਬਰਦੇ ਗੁਜ਼ਾਰਾ ਥਾਂ ਫਰੂਟ ਬਣ ਦੇ।

ਇੱਕ ਫੁੱਲਵਾੜੀ ਵੀ ਲਗਾਲੀ ਜਾਨਕੀ,
ਹੁੰਦੀ ਰਹਿੰਦੀ ਚਰਚਾ ਧਰਮ ਗਿਆਨ ਦੀ।

ਇਕੋ ਜਿਹੜੀ ਰੰਣ ਦੀ ਕੁੰਵਾਰੀ ਭੈਣ ਸੀ,
ਆਗੀ ਉਨ੍ਹਾਂ ਬਣਾਂ ਦਾ ਨਜ਼ਾਰਾ ਲੈਣ ਜੀ।
ਮੁਟਿਆਰ ਝੂਲਦੀ ਕੁਟੀ ਦੇ ਕੋਲ ਗਈ,
ਵੇਖ ਰਘੁਬੀਰ ਦੀ ਸ਼ਕਲ ਡੋਲ ਗਈ।

ਬਹਿਗੀ ਪਾਸ ਸ੍ਰਿੰਗਾਰ ਲਾ ਸੀ ਵਿਛੀ ਜੀ:
'ਬਾਬੂ' ਕਹਿੰਦੀ ਟਹਿਲਣ ਬਣਾਲੈ ਰਿਸ਼ੀ ਜੀ।

॥ਦੋਹਿਰਾ॥
ਅੱਗੇ ਘਰ ਵਿੱਚ ਇਸਤਰੀ, ਨਹੀਂ ਹੋਰ ਦੀ ਲੋੜ।
ਮੇਰਾ ਇਹਦਾ ਜੋੜ ਜੀ, ਜਿਉਂ ਖੰਡ ਘਿਉ ਦਾ ਜੋੜ।

ਤਰਜ਼ ਝੂਠੀ ਦੋੜਾਰਾ—4

ਸੁਣ ਹੇਠ ਹਿਮਾਚਲ ਦੇ, ਬੜੀ ਮਸ਼ਹੂਰ ਰਿਆਸਤ ਸਾਡੀ, ਜਮਨ, ਗੰਗ ਲੰਘਦਾ।
ਇੱਕ ਨਦੀ ਸੁਰਸਤੀ ਤੇ, ਦਰਸ਼ਨੀ ਨਗਰੀ ਅਯੁੱਧਿਆ ਸਾਡੀ, ਦੇਸ਼ ਤੇ ਰੰਗਦਾ।
ਉੱਥੇ ਦਸ਼ਰਥ ਰਾਜਾ ਸੀ, ਲੰਮੀ ਹੱਦ ਦੂਰ ਤੀਕ ਬਾਦਸ਼ਾਹੀ, ਕਰੇ ਗੱਲ ਦਾਨੀ।
ਮੈਂ ਕੰਵਰ ਅਯੁੱਧਿਆ ਦਾ, ਜਨਕ ਪੁਰੋਂ ਧਨੁਸ਼ ਤੋੜਕੇ ਵਿਆਹੀ, ਆਹ ਸ਼ੇਰਬਾਨੀ।

ਮਹਾਰਾਜ ਜਨਕ ਨੇ ਜੀ, ਰਚਿਆ ਓਥ ਸਵੰਬਰ ਭਾਰਾ, ਕਰੜੀਆਂ ਸ਼ਰਤਾਂ।
ਵਿੱਚ ਚਾਰ ਕੂਟਾਂ ਦੇ ਸੀ, ਤੋੜਿਆ ਮੈਂ ਧਨੁਸ਼ ਮਾਰਕੇ ਨ੍ਹਾਰਾ, ਸੀਆ ਲੈ ਪਰਤਾਂ।
ਹਿੱਲਿਆ ਲੇਕ ਪਤੀ ਤੋਂ ਨਾ, ਖੇਚਾ ਲਿੱਲ ਹੋ ਕੇ ਪੈਗਿਆ ਰਾਹੀ, ਰੰਣ ਅਭਿਮਾਨੀ,
ਮੈਂ ਕੰਵਰ ਅਯੁੱਧਿਆ ਦਾ, ਜਨਕ ਪੁਰੋਂ ਧਨੁਸ਼ ਤੋੜਕੇ ਵਿਆਹੀ, ਆਹ ਸ਼ੇਰਬਾਨੀ।

ਰਾਮ, ਲੱਛਮਣ ਸ਼ਤਰੂਘਣ ਤੇ, ਭਰਤ ਸਣੇ ਚਾਰ ਭਰਾ ਭਿੰਨ ਮਾਵਾਂ, ਰੌਂਦੀ ਹੈਕ ਮੇਰਾ।
ਸੁਣ ਸੀਤ ਨਿੱਕਲਜੂਗਾ, ਜਦੋਂ ਮੈਂ ਆਪਣੀ ਕਥਾ ਸੁਣਾਵਾਂ, ਚਲੇ ਨਾ ਜੇਰਾ।
ਚੜ੍ਹੂੰ ਜੋਰ ਮਤੇਈ ਦੇ, ਉਸਨੇ ਕਰਦ ਮਕਰ ਦੀ ਵਾਹੀ, ਮਾਰ ਗਈ ਛਾਨੀ।
ਮੈਂ ਕੰਵਰ ਅਯੁੱਧਿਆ ਦਾ, ਜਨਕ ਪੁਰੋਂ ਧਨੁਸ਼ ਤੋੜਕੇ ਵਿਆਹੀ, ਆਹ ਸ਼ੇਰਬਾਨੀ।

ਬਨਵਾਸ ਦਿਵਾਤਾ ਸੀ, ਪਿਤਾ ਤੋਂ ਚੌਦਾਂ ਬਰਸ ਦਾ ਪੂਰਾ, ਉਹਦੀਆਂ ਵਧੀਆਂ।
ਲਾ ਤਾ ਹੁਕਮ ਲਿਖਾਕੇ ਤੇ, ਬਖਸ਼ਤਾ ਧਨੁਸ਼ ਖਚਾਵਾਂ ਬੂਰਾ, ਮੋਹ ਲੀਆਂ ਰੰਦੀਆਂ।

ਉੱਚੇ ਰੰਗ ਮਹਿਲਾਂ ਤੋਂ, ਪਿਤਾ ਨੇ ਛਾਲ ਮਾਰਨੀ ਚਾਹੀ, ਗਈ ਜ਼ਿੰਦਗਾਨੀ।
ਮੈਂ ਕੰਵਰ ਅਯੁੱਧਿਆ ਦਾ, ਜਨਕ ਪੁਰੋਂ ਧਨੁਸ਼ ਤੋੜਕੇ ਵਿਆਹੀ, ਆਹ ਸੀਰਥਾਨੀ।

ਜਾਵੇ ਦੱਸਿਆ ਬਖਾਨੈ ਨਾ, ਜਦੋਂ ਆਈ ਤੋਰਨ ਮਾਤ ਕੁਸ਼ੱਲਿਆ, ਛਿੜੀ ਦਿਲਗੀਰੀ।
'ਬਾਬੂ' ਲਛਮਣ ਵੀਰਨ ਵੀ, ਦੌੜਕੇ ਨਾਲ ਭਰਾ ਦੇ ਰਲਿਆ, ਦੁੱਖਾਂ ਦਾ ਸੀਰੀ।
ਜਨਕ ਜਨਮ ਸੁਤਾ ਨੇ ਵੀ, ਮੇਰੇ ਪਿੱਛੇ ਪਾਲੀ ਪਿਆਰ ਦੀ ਫਾਹੀ, ਕਹਿਰ ਦੀ ਜੁਆਨੀ।
ਮੈਂ ਕੰਵਰ ਅਯੁੱਧਿਆ ਦਾ, ਜਨਕ ਪੁਰੋਂ ਧਨੁਸ਼ ਤੋੜਕੇ ਵਿਆਹੀ, ਆਹ ਸੀਰਥਾਨੀ।

॥ਦੋਹਿਰਾ॥

ਬੈਠੀ ਨਹੀਂ ਸੁਹਾਂਵਦੀ, ਨਾਰ ਤੁਮਾਹਰੇ ਪਾਸ।
ਰਾਖਸ਼ ਲੰਕਾ ਦੀਪ ਦੀ, ਧਰਮਾਂ ਭ੍ਰਸ਼ਟ ਕਲਾਸ।

ਤਰਜ਼—5

ਕਹੇ ਭੈਣ ਰੌਣ ਦੀ ਉੱਠ ਤਾਂ, ਸੁੱਲ੍ਹ ਕੱਢਦੀ ਰਹੀ ਥੁੱਕ ਥੁੱਕ ਤਾਂ, ਮੂੰਹ ਲਾਲਾਂ ਸ਼ਿੰਗਾਰ ਥੁੱਕ ਥੁੱਕਣਾਂ,
ਨੱਥ ਲਿਸ਼ਕੇ ਦਮਕਣ ਬੁੰਦੀਆਂ ਨਾ, ਬੂਹਾਂ ਛੱਲਰੇ ਸਿਰੀ ਦੀਆਂ ਗੁੰਦੀਆਂ ਨਾ।
ਮੇਰੀ ਪਿੰਜਣੀ ਹੱਥਲੀਓਂ ਸੋਟੀ, ਇਹ ਪਤਲੀ ਤੂਤ ਦੀ ਸੋਟੀ, ਇਹਨੂੰ ਛੱਡ ਮੈਂ ਪਕਾਵਾਂ ਰੋਟੀ,
ਸੋਹਣੇ ਸ਼ਾਹ ਦੀ ਕਰਾਂ ਫ਼ਕੀਰੀ ਜੀ, ਬੈਠੀ ਸੱਜਦੀ ਨਹੀਂ ਮਤੀਰੀ ਜੀ।

ਮੇਰੇ ਹੋਠ ਗੁਲਗੁਲੇ ਜਾਣੀਂ, ਅੱਖ ਡੂੰਘੀ ਸਮਝ ਨਾ ਕਾਣੀ, ਭੈੜ ਟੱਪਣੋਂ ਨਾਸ ਦੇ ਬਾਣੀਂ,
ਮੇਰਾ ਉੱਭਰਿਆ ਪੇਟ ਝਲੋਲਾ ਜਿਹਾ, ਤੇਰੀ ਨਾਰੀ ਮਲਕ ਮਮੋਲਾ ਜਿਹਾ।
ਮੈਂ ਥੈਹ ਤੋਂ ਜੁੜਾਂ ਜਦ ਖੰਘਾਂ, ਸੀਤਾ ਪਤਲੀ ਵਾਂਗ ਪਤੰਗਾਂ, ਹੱਥ ਚਾਰ ਉਂਗਲ ਗਿਠ ਟੰਗਾਂ।
ਕੀ ਟੱਪਦੀ ਫਿਰੇ ਟਟੀਹਰੀ ਜੀ, ਬੈਠੀ ਸੱਜਦੀ ਨਹੀਂ ਮਤੀਰੀ ਜੀ।

ਗੂਠੇ ਉਂਗਲਾਂ ਜਿਉਂ ਜੋ ਮੂਲੀ, ਮੁੰਨੀ ਵਰਗੀ ਕੀ ਜੁਆਰ ਦੀ ਪੂਲੀ, ਪਿੰਡੇ ਰਿਸ਼ਟੀ ਤੋਂ ਜੱਤ ਕੂਲੀ,
ਦੋ ਮਸ਼ਕਾਂ ਲਟਕਣ ਸੀਨੇ ਤੇ, ਮੇਰੇ ਲੌਂਗ ਸਜੇ ਨੱਕ ਚੀਹਨੇ ਤੇ।
ਤੇਰਾ ਮਸਤਕ ਤੇ ਨੈਣ ਚੌੜਾ, ਦੰਦ ਖੁਰਾਕੇ ਜੀਭ ਜਿਉਂ ਫੌਹੜਾ, ਰੋਟੀ ਖ਼ੁਰਤ ਸੁਭਾਅ ਜਿਆ ਕੌੜਾ,
ਜਾਵੀ ਧੱਟਦਿਆਂ ਪਕੜ ਗੁਥੀਰੀ ਜੀ, ਬੈਠੀ ਸੱਜਦੀ ਨਹੀਂ ਮਤੀਰੀ ਜੀ।

ਉੱਚੇ ਬੋਲ ਜਿਹੀ ਜੋ ਖੜਦੇ, ਮੈਂ ਹੱਸਦੀ ਜਨਾਵਰ ਡਰਦੇ, ਖੁਸ਼ ਰਹਿਣ ਘਰੋਂ ਕੱਢ ਖੜਦੇ,
ਨਾ ਗਰਦ ਨਿਕਾਲਾ ਛਾਟੇ ਦੀ, ਜਨੂੰ ਵੱਢ ਦਿਆਂ ਪੰਜਾਹ ਮਣ ਆਟੇ ਦੀ।
ਵੇਖੇ ਮਰਦ ਹੰਢਾਕੇ ਬਾਹਲੇ, ਮੈਂ ਮਗਰ ਕਈ ਘਰ ਗਾਲੇ, ਹੁਣ ਸੱਤਵਾਂ ਵਿਆਹ ਤੇਰੇ ਨਾਲੇ,
ਮੈਂ ਚੌਦ ਲੱਗੀ ਇਹ ਖੀਰੀ ਜੀ, ਬੈਠੀ ਸੱਜਦੀ ਨਹੀਂ ਮਤੀਰੀ ਜੀ।

ਹੱਥ ਗਾਨੇ ਸੁੱਚੀਆਂ ਜੁਰਾਬਾਂ, ਬੈਠੀ ਪੜ੍ਹਦੀ ਰਹੇਂ ਕਿਤਾਬਾਂ, ਮੈਂ ਮਸਤੀ ਕਰਾਂ ਸ਼ਰਾਬਾਂ,
ਮੇਰੇ ਦਰਗਾਹੀ ਅੰਮ੍ਰਿਤ ਵਿਰਲੀ ਜੀ, ਤੈਂ ਇਹ ਕੀ ਕਰਨੀ ਕਿਰਲੀ ਜੀ।
ਜੋਗ ਧੋਤੇ ਸਬੇਰੇ ਨਰੂਤ ਐ, ਤੂੰ ਦੁਆਰਾ ਜਾਨਕੀ ਹਰਨ ਐ, ਪਿੱਟੀ ਲਾਲ ਗਰਜ਼ ਦਾ ਰਕਤ ਐ,
ਖੜੀ ਖਿੜੇ ਰਾਖਸ਼ਨੀ ਟੋਹੀ ਜੀ, ਬੈਠੀ ਸੱਜਦੀ ਨਹੀਂ ਮਤੀਰੀ ਜੀ।

ਤੇਰੀ ਨਾਰ ਪਾਪ ਦੀ ਲਿਆਈਂ, 'ਬਾਬੂ' ਲੈ ਲੈ ਮੁਰਗ ਦੀ ਵਾਈਂ, ਢੁੱਕ ਲੈਕਾ ਚਾਈਂ-ਚਾਈਂ,
ਨਹੀਂ ਕਿਸੇ ਬੀਜ ਦਾ ਤੋੜਾ ਵੇ, ਕਦੇ ਭੁਗੋਏ ਬਣਾ ਕੇ ਜੋੜਾ ਵੇ।
ਉਹ ਜਨਕ-ਜੁਨਕ ਜੋ ਵਿਹਰੇ, ਮੋਤ ਵਾਂਗੂ ਗੌਹਰੀ ਜੀ ਖੇਤੇ, ਮੇਰੇ ਵੀਰ ਬਹਾਦਰ ਨੇੜੇ,
ਪਾਲੀ ਰਾਵਣ ਨਾਲ ਸਕੀਰੀ ਜੀ, ਬੈਠੀ ਸੌਂਜਦੀ ਨਹੀਂ ਮਤੀਰੀ ਜੀ।

## ਬੈਂਤ—6

ਮੇਰਾ ਨਾਮ ਕੀ, ਕਹਾਂ ਬਿਸਰਾਮ ਮੇਰਾ, ਤੈਨੂੰ ਦੱਸਦਿਆਂ ਗੱਲ ਉੱਥਲ ਰਾਮਾਂ,
ਲੰਕਾ ਦੀਪ ਜਜ਼ੀਰੇ ਦੀ ਰਹਿਣ ਵਾਲੀ, ਮਾਰੇ ਨਾਨ ਖੁਰੇਰਿਉਂ ਜੱਲ ਰਾਮਾਂ।
ਸੂਪਦਾਨ ਮੈਂ ਨਾਮ ਸਰੂਪਨਖਾਂ, ਮੇਰੇ ਵੀਰ ਤ੍ਰਿਲੋਕੀ ਦੇ ਮੱਲ ਰਾਮਾਂ।
ਸਿਊਨਾ ਸ਼ਾ ਬਣਾ ਲੀਆਂ ਖਿਲਾੜਿਰਾਂ ਜੀ, ਝਰਮਲ-2 ਪਏ ਕਰਨ ਮਹੱਲ ਰਾਮਾਂ,
ਉੱਥੇ ਬਾਗ ਮਸ਼ਹੂਰ ਅਸ਼ੋਕ ਨਾਮੀ, ਮਿਲਣ ਕਿਸਮ ਹਰੇਕ ਦੇ ਫੱਲ ਰਾਮਾਂ।
ਸੂਰਜ ਚੰਦ ਪਕਾਂਵਦੇ ਰੋਜਨਾ ਨੂੰ, ਮਾਰੇ ਪੌਣ ਗਰੀਬਣੀ ਝੱਲ ਰਾਮਾਂ।
ਲਾਏ ਪੌੜੀਆਂ ਵੀਰ ਬਹਿਸ਼ਤ ਨੂੰ ਜੀ, ਅੱਜ ਸੁਭ੍ਹਾ ਦੁਪਹਿਰ ਜਾ ਕੱਲ ਰਾਮਾਂ।
ਜੇਤ ਧਕੜਕੇ ਨਕਰਲੀ ਨਾਲ ਖਾਵੇਂ, ਜਦੋਂ ਜੀਅ ਕਰੂ ਲਾਹਵੂਗਾ ਖੱਲ ਰਾਮਾਂ।
ਵੇਦ ਲਿਖੇ ਪਏ ਨੋਕ ਜ਼ਬਾਨ ਦੀ ਤੇ, ਕੋਈ ਥਰੇ ਨਾ ਸਾਹਮਣੇ ਗੱਲ ਰਾਮਾਂ।
ਲੱਖ ਪੁੱਤ ਤੇ ਪੋਤਰੇ ਵੈਧ ਲੱਖੇ, ਵੇਜਣ ਸ਼ੇਰ ਦਲੇਰ ਦੇ ਟੱਲ ਰਾਮਾਂ।
ਅਹੀ ਰੋਣ ਨੂੰ ਰਾਜ ਦਾ ਤਿਲਕ ਦਿੱਤਾ, ਡੂੰਘੇ ਵਿਲ ਪਤਾਲ ਦੇ ਮੱਲ ਰਾਮਾਂ।
ਮੇਘਨਾਥ ਦੇ ਕੋਲ ਅਨਮੋਲ ਸ਼ਕਤੀ, ਮੁੜੇ ਦੁਸ਼ਮਣਾਂ ਦੇ ਉੱਤੇ ਚੱਲ ਰਾਮਾਂ।
ਉਹਨੇ ਜਿੱਤਿਆ ਪਾਤਸ਼ਾਹ ਦੇਵਤਿਆਂ ਨੂੰ, ਖਿੜੀ ਵਿੱਚ ਜਹਾਨ ਦੇ ਝੱਲ ਰਾਮਾਂ।
ਕੁੰਭਕਰਨ ਪਿਆਰੜਾ ਨੀਂਦ ਦਾ ਜੀ, ਉਹਦੇ ਜੋੜ ਨਾ ਕਿਸੇ ਵਿੱਚ ਬੱਲ ਰਾਮਾਂ।
ਸੁੱਤਾ ਸਿਕਸ ਮਹੀਨਿਆਂ ਜਾਗਦਾ ਨਾ, ਜਾਂਦਾ ਢੋਲ ਵਜਾਵੇ ਤੋਂ ਹੱਲ ਰਾਮਾਂ।
ਰਹਿਣ ਮੰਨ ਪਕਾਂਵਦੇ ਲਾਂਗਰੀ ਜੋ, ਜਦੋਂ ਜਾਗਦਾ ਦੇਂਖਦਾ ਠੱਲ੍ਹ ਰਾਮਾਂ।
ਇੱਥੇ ਰੋਜ਼ ਬੀਰ ਸਾਰੀਆਂ ਨਿਗਲ ਜਾਵੇ, ਉਹਨੂੰ ਰੋਟੀਆਂ ਖਾਣ ਦਾ ਵੱਲ ਰਾਮਾਂ।
ਨੌਸ਼ੇ ਛਾਉਣੀਆਂ ਰਹਿਣ ਦੁਲੇਰ ਮੇਰੇ, ਖਰ ਦੂਖਣ ਦੋ ਜੁਆਨ ਰਣਮੱਲ ਰਾਮਾਂ।
'ਬਾਬੂ' ਰੋਣ ਨੇ ਕਰਿਆ ਕਸ਼ਮੀਰ ਮੈਨੂੰ, ਸੌਤਪੁੜੇ ਪਹਾੜ ਤੱਕ ਥੱਲ ਰਾਮਾਂ।

॥ ਦੋਹਿਰਾ ॥

ਅਸੀਂ ਗ੍ਰਿਹਸਥੀ ਆਦਮੀ, ਗਲ ਵਿੱਚ ਪੜੀ ਜੰਜੀਰ।
ਉਸਨੂੰ ਵਰ ਲੈ ਜਾਇਕੇ, ਵੀਰਨ ਬਾਬ ਵਜ਼ੀਰ।

### ਤਰਜ਼ ਰੰਗੀ—7

ਸੁੱਖਾ ਰਾਮ ਨੇ ਜਵਾਬ ਸੁਣਾਇਆ, ਪਹੁੰਚੀ ਕੋਲ ਲਛਮਣ ਦੇ।
ਜਿਵੇਂ ਸੂਰਜੋਂ ਨਿੱਕਲੀਆਂ ਕਿਰਨਾਂ, ਦਰੋਂ ਚਮਕਾਰ ਪਏ।
ਅੱਖਾਂ ਰਹਿਗੀਆਂ, ਗਟਾਰੇ ਲੱਗੀਆਂ, ਵੇਖ ਤਸਵੀਰ ਮੌਲ ਦੀ।
ਲੈਮੀਂ ਹੰਸ ਉਡਾਰੀ ਮਾਰੀ, ਮਾਨ ਸਰੋਵਰ ਤੋਂ।
ਏਥੇ ਬਦਲੋਂ ਬਜ਼ਾਰ ਉਜਾੜੇਂ, ਧਰਤੀ ਨੂੰ ਭਾਗ ਲੱਗਗੇ।
ਗਿੱਲਮਾਨ ਬਹਿਸ਼ਤੋਂ ਉੱਤਰੇ, ਪੰਣੀ ਗਈ ਸਰੂਪ ਨਖਾ।
ਗੁਲ੍ਹਥ ਸਫ਼ੈਦ ਪੰਡਿਆ। ਤੇਰਾ ਘੁੰਮਰਾ ਪਾਉਣ ਦਾ ਵੇਲਾ।
ਫਿਰੇ ਉਰਵਸੀ ਮਾਰਦੀ ਗੇੜੇ, ਮੁਜਰਾ ਵਖਾਉਣਾ ਇੰਦਰ।
ਰੰਭ ਰਲਗਈ ਸੁਆਣੀ ਮੇਰੀ, ਤੇਰੇ ਜਹੇ ਸ਼ੁਕੀਨ ਖਿਲਾਂ।
ਫੁੱਲ ਖਿੜਿਆ ਮਾਰਦਾ ਲਪਟਾਂ, ਸੁੰਘ ਸੈਲਾਨੀ ਭੌਰਿਆ।
ਰਾਮ ਤੋਤਿਆਂ ਭਾਲਦੀ ਮੈਨਾ, ਲੁੱਟਲੈ ਬਹਾਰ ਬਾਗ਼ਾਂ ਦੀ।
ਆਸਾ ਕਰਲੈ ਦਿਲਾਂ ਦਾ ਸੌਦਾ, ਉੱਤਰੇ ਵਪਾਰੀ ਬਾਹਰ ਦੇ।
ਸੁੰਨਾ ਮਿਹਰਾਂ ਦਾ ਖਜ਼ਾਨਾ ਮਿਲ ਗਿਆ, ਚੰਗੀ ਤਕਦੀਰ ਵਾਲਿਆ।
ਕੱਠੇ ਗੁੰਦਲੈ ਗੁਲਾਬ ਚੰਮੇਲੀ, ਕਦੀਆ ਸਜੇਉਣ ਬਣਜੂ।
ਲਾਵੇਂ ਉਮਰ ਕਵਾਰੀ ਮੇਰੀ, ਚੰਬਰ ਥਿਆ ਗਿਆ ਹਾਣ ਦਾ।
'ਬਾਬੂ' ਸੁਣਲੈ ਮਿੱਠੇ ਜੇ ਨਗ਼ਮੇਂ, ਬੋਲਦੇ ਪਹਾੜੀ ਕੋਇਲ ਦੇ।
ਹਾਣ ਪ੍ਰਵਾਨ ਐ, ਜੰਡੀ ਨੂੰ ਸ਼ਰਨ ਚੰਦਨ ਦੇ, ਹਾਣ ਪ੍ਰਵਾਨ ਐਂ।

॥ ਦੋਹਿਰਾ ॥

ਜਾ ਲਛਮਣ ਨੂੰ ਆਖਦੀ, ਮੁਝੇ ਬਣਾ ਲੈ ਨਾਰ।
ਤੂੰ ਮੇਰੀ ਮਾਂ ਹੈ ਚੁੱਕੀ, ਕਰਤਾ ਉਸ ਇਨਕਾਰ।

### ਮੁਕੰਦ ਛੰਦ—੪

ਜਤੀ ਕਹਿੰਦਾ ਮੇਰੇ ਕਿਉਂ ਭਜਨ ਤੋੜ੍ਹ ਤੂੰ,
ਕਰਨਾ ਯਕੀਨ ਚਾਹੀਏ ਇੱਕੋ ਗੱਲ ਤੇ।
ਵੀਰ ਨੂੰ ਵਰਨ ਦੀ ਖ਼ਿਆਰੀ ਹੈਂ ਚੁੱਕੀ,
ਵੱਡੇ ਭਰਾ ਦੀ ਨਾਰੀ, ਮਾਂ ਹਮਾਰੀ ਹੈ ਚੁੱਕੀ।

ਮੇਰੇ ਪਾਸ ਮਾਰਦੀ ਫਿਰੇਂ ਕਿਉਂ ਫੇਰੇ ਜੇ,
ਤਸਵੀਰ ਵੀਰ ਦੀ ਪਸੰਦ ਤੇਰੇ ਜੇ।
ਮੈਂ ਕਿਵੇਂ ਉਠਾਵਾਂ ਪੰਡ ਭਾਰੀ ਹੈ ਚੁੱਕੀ,
ਵੱਡੇ ਭਰਾ ਦੀ ਨਾਰੀ, ਮਾਂ ਹਮਾਰੀ ਹੈ ਚੁੱਕੀ।

ਪਹਿਲਾਂ ਦਿਲੋਂ ਪੜੀ ਤੈਂ ਬਣਾ ਲਿਆ ਰਾਮ ਨੂੰ,
ਮੈਲੀ ਅੱਖ ਪਾਵਾਂ ਨਾ ਭਰਾ ਦੀ ਬਾਮ ਨੂੰ।
ਮੇਰੇ ਭਾਂ ਦੀ ਸੱਪ ਦੀ ਪਟਿਆਰੀ ਹੈ ਚੂੰਕੀ,
ਬੜੇ ਭਰਾ ਦੀ ਨਾਰੀ, ਮਾਂ ਹਮਾਰੀ ਹੈ ਚੂੰਕੀ।

ਰਾਮ ਚੰਦ ਨਾਲ ਕਰਕੇ ਪ੍ਰੇਮ ਨੂੰ,
ਆ ਕੇ ਲੱਗੀ ਤੋੜਨ ਹਮਾਰੇ ਨੇਮ ਨੂੰ।
ਖੰਡ ਘੀ ਮਿਲਾਉਣੀ ਖੀਰ ਖਾਣੀ ਹੈ ਚੂੰਕੀ,
ਬੜੇ ਭਰਾ ਦੀ ਨਾਰੀ, ਮਾਂ ਹਮਾਰੀ ਹੈ ਚੂੰਕੀ।

ਚੋਰ ਟਹਿਣਾ ਵਿੱਚ ਦੂਸਰੇ ਤੋਂ ਸੋਚਣਾ ਨੀ,
ਔਰਤਾਂ ਦੇ ਵੇਦ ਨਾਂ ਲਿਖਿਆ ਵਿਆਹ ਹੋਣਾ ਨੀ,
ਤੇਰੇ ਕਾਮ ਮੈਂ ਬੁਝਾ ਤੂੰ ਚਮਿਆਰੀ ਹੈ ਚੂੰਕੀ,
ਬੜੇ ਭਰਾ ਦੀ ਨਾਰੀ, ਮਾਂ ਹਮਾਰੀ ਹੈ ਚੂੰਕੀ।

ਜੇ ਤੂੰ ਮੈਥੋਂ ਗੱਲ ਪੁੱਛਦੀ ਗਿਆਨ ਦੀ,
ਜਿਹੜੇ ਬੜੇ ਵੀਰ ਦੀ ਜਨਾਨੀ ਜਾਨਕੀ,
ਸਕੀ ਮਾਂ ਸੁਮਿੱਤਰਾ ਤੋਂ ਪਿਆਰੀ ਹੈ ਚੂੰਕੀ,
ਬੜੇ ਭਰਾ ਦੀ ਨਾਰੀ, ਮਾਂ ਹਮਾਰੀ ਹੈ ਚੂੰਕੀ।

ਪਰ੍ਹੇ ਹੱਟ ਇਨ੍ਹਾਂ ਗੱਲੀਆਂ ਦਾ ਛੱਡਿਆ,
ਢਹਿਜੂਗਾ ਧਰਮ ਦਾ ਮੰਦਰ ਛੱਡਿਆ।
'ਰਜਬਲੀ' ਮੰਗੀ ਇਨਕਾਰੀ ਹੈ ਚੂੰਕੀ,
ਬੜੇ ਭਰਾ ਦੀ ਨਾਰੀ, ਮਾਂ ਹਮਾਰੀ ਹੈ ਚੂੰਕੀ।

॥ਦੋਹਿਰਾ॥

ਜਾ ਜਾ ਕੇ ਹੱਥ ਜੋੜਦੀ, ਕਹੇ ਦੁਬਾਰਾ ਰਾਮ।
ਮੈਂ ਨੀ ਮੋਹੜਾਂ ਪਾਉਣੀਆਂ, ਹੋ ਅੱਖੀਆਂ ਤੋਂ ਲਾਹਮ।

**ਮੁਕੰਦ ਛੰਦ-੭**

ਫੇਰ ਦੇਖਾ ਰਾਮ ਨੇ ਜਵਾਬ ਕੋਰਾ ਜਿਆ,
ਪਿੱਠ ਕਰ ਬਹਿ ਗਿਆ ਸਾਧ ਕਮਜ਼ੋਰਾ ਜਿਆ।

ਵਿਆਹ ਦਾ ਦਾਅ ਜਿਹਾ ਲੱਗਾ ਪਿਆ ਕਬੀਲਦਾਰਾਂ ਦਾ,
ਬਹੁਤਾ ਦੁੱਖ ਬਹੁਤੀਆਂ ਵਿਆਹੀਆਂ ਨਾਰਾਂ ਦਾ।

ਬੰਸ ਹੋਰ ਰਹੀ ਨਾ ਦਿਲਾਂ ਨੂੰ ਸਿੱਕ ਨੀ,
ਜਾਨਕੀ ਜਨਕ ਦੀ ਬਥੇਰੀ ਇੱਕ ਨੀ,
ਵੰਨ ਸਵੰਨੇ ਕੀ ਬਣਾਉਣਾ ਢਾਰਾਂ ਦਾ,
ਬਹੁਤਾ ਦੁੱਖ ਬਹੁਤੀਆਂ ਵਿਆਹੀਆਂ ਨਾਰਾਂ ਦਾ।

ਮੈਨੂੰ ਰੱਬ ਦੂਰ ਅਸਮਾਨੀਂ ਘੱਲ ਲੀ,
ਛੱਡਕੇ ਅਯੁੱਧਿਆ ਉਜਾੜ ਮੱਲ ਲੀ,
ਕਰਨਾ ਕੀ ਸ਼ਹਿਰ ਸਿਉਂਣੇ ਦੇ ਬਜ਼ਾਰਾਂ ਦਾ,
ਬਹੁਤਾ ਦੁੱਖ ਬਹੁਤੀਆਂ ਵਿਆਹੀਆਂ ਨਾਰਾਂ ਦਾ।

ਪੜ੍ਹੀ ਜਾਂਦਾ ਬੈਠਕੇ ਮੰਨੂੰ ਸਮਿਰਤੀ,
ਮੇਰੀ ਤੂੰ ਹਿਲਾ ਦਿੱਤੀ ਇੱਕੀ ਦੀ ਬਿਰਤੀ।
ਮੈਨੂੰ ਸ਼ੌਕ ਲੈ ਗਿਆ ਰੱਬ ਦੇ ਦੀਦਾਰਾਂ ਦਾ,
ਬਹੁਤਾ ਦੁੱਖ ਬਹੁਤੀਆਂ ਵਿਆਹੀਆਂ ਨਾਰਾਂ ਦਾ।

ਮੇਰੇ ਪਾਇਆ ਭਗਵਾਂ ਫ਼ਕੀਰੀ ਬਾਣਾ ਨੀ,
ਰਾਣੀ ਬਣ ਰਾਜਿਆਂ ਦੇ ਵਿਆਹਿਆ ਜਾਣਾ ਨੀ।
ਬਾਹਲੇ ਵਿਆਹ ਕਰਾਉਣਾ ਕੰਮ ਸਰਦਾਰਾਂ ਦਾ,
ਬਹੁਤਾ ਦੁੱਖ ਬਹੁਤੀਆਂ ਵਿਆਹੀਆਂ ਨਾਰਾਂ ਦਾ।

ਕਰਕੇ ਇਸ਼ਾਰਾ ਜੀਵਨ ਦਾ ਦੱਸਿਆ,
ਐਥੇ ਘਰੇ ਛੋਟਾ ਜੀਵਨ ਤਪੱਸਿਆ।
ਉਹ ਕੁਆਰਾ ਲੋੜਵੰਦ ਮੁਟਿਆਰਾਂ ਦਾ,
ਬਹੁਤਾ ਦੁੱਖ ਬਹੁਤੀਆਂ ਵਿਆਹੀਆਂ ਨਾਰਾਂ ਦਾ।

'ਬਾਬੂ' ਵਾਂਗੂੰ ਉਹਨੂੰ ਨਾ ਪਸੰਦ ਚੌੜ ਨੀ,
ਖ਼ਿਆਲ ਰੱਖੀਂ ਬੇੜ੍ਹਾ ਜਿਆ ਸੁਫ਼ਾ ਦਾ ਖੌੜ ਨੀ।
ਕਰਨਾ ਕਬਾ ਨੂੰ ਤੇਜ਼ ਤਲਵਾਰਾਂ ਦਾ,
ਬਹੁਤਾ ਦੁੱਖ ਬਹੁਤੀਆਂ ਵਿਆਹੀਆਂ ਨਾਰਾਂ ਦਾ।

## ਬੈਂਤ—10

ਹੋਗੀ ਸਖ਼ਤ ਨਰਾਜ਼ ਸਰੂਪਨਖਾਂ, ਝੱਟ ਰੂਪ ਬਦਲਾਂਵਦੀ ਡੈਣ ਦੇ ਜੀ।
ਡਾਢਾ ਕੱਦ ਬਣਾ ਲਿਆ ਔਜ ਵਰਗਾ, ਜੁੱਤਾ ਲੋਮੀਆਂ ਵਾਂਗ ਸਰੇਣ ਦੇ ਜੀ।
ਜੁੱਤਾਂ ਲਿੰਬੜੀਆਂ ਮੱਥੇ ਵਿੱਚ ਤਿਊੜੀਆਂ ਜੀ, ਗਾੜ੍ਹੀ ਰੰਗ ਖੁਮਾਰ ਤੋਂ ਵਹਿਣ ਦੇ ਜੀ।
ਦੂਰੋਂ ਕੜਕਦੀ ਚੰਨ ਦੇ ਬੱਦਲ ਵਾਂਗੂੰ, ਫਿਰੇ ਦੌੜਦੀ ਵਾਂਗ ਸਰੇਣ ਦੇ ਜੀ।
ਬੁੱਲ੍ਹ ਮਾਰਦੀ ਮਸਤ ਉਠੀਕ ਵਾਂਗੂੰ, ਸਹੁਰੀ ਸੁਰਤ ਸੰਭਾਲ ਨਾ ਲੈਣ ਦੇ ਜੀ।
ਕਾਲੀ ਧੂੜ ਬੁਲੰਦ 'ਚੋਂ ਸੋਟ ਮਾਰੇ, ਪਾਪਣ ਸ਼ਾਕਦੀ ਵਾਂਗ ਕਸਾਇਣ ਦੇ ਜੀ।
ਵੱਟੇ ਧੂਰੀਆਂ ਝਪਟ ਚਲਾਂਵਦੀ ਐ, ਨਾਹੀਂ ਵਿਕ ਅਸਥਾਨ ਤੇ ਬਹਿਣ ਦੇ ਜੀ।
ਮਗ਼ਜ਼ੀ ਸਿਰ ਮਚਾਂਵਦੀ ਧਾੜ੍ਹ ਮੂਹਰੇ, ਖਿਰੜੀ ਇੱਥ ਥਾਂ ਟਿਕੀ ਨਾ ਰਹਿਣ ਦੇ ਜੀ।
ਲਛਮਣ ਭੁੱਲ ਗਿਆ ਜਾਪ ਪ੍ਰਮਾਤਮਾ ਦਾ, ਨਹੀਂ ਸ਼ਬਦ ਜ਼ਬਾਨ ਸੇ ਕਹਿਣ ਦੇ ਜੀ।
ਜਤੀ ਮਰਦ ਘਬਰਾ ਗਿਆ ਦੇਖਕੇ ਤੇ, ਪੰਜ ਮਿੰਟ ਨਾ ਗੁਜ਼ਰਦੇ ਚੈਨ ਦੇ ਜੀ।
ਸੰਗ ਹਰਖ ਗਿਆ ਕਿਰਚ ਦਾ ਵੈਰੀਆਂ ਨੂੰ, ਏਵੇਂ ਘੜੀ ਦੇ ਘੜੀ ਦਿੱਕ ਦੇਹਣ ਦੇ ਜੀ।
ਡਾਢਾ ਹੋਰ ਜਹਾਨ ਵਿੱਚ ਹੋਣ ਲੱਗਾ, ਲੈ ਕੇ ਖੁਸ਼ੀ ਬੇਸ਼ਰਮ ਨੂੰ ਪੈਣ ਦੇ ਜੀ।
'ਬਾਬੂ' ਲੈਂਬ ਸਰੋਤਿਉਂ ਖ਼ਿਆਲ ਕਰਨਾ, ਹੋਣੇ ਹਾਲ ਜੋ ਰੋਣ ਦੀ ਡੈਣ ਦੇ ਜੀ।

॥ਦੋਹਿਰਾ॥

ਝਪਟ ਚਲਾਉਣੋਂ ਨਾ ਹਟੇ, ਕਰਦੀ, ਮਾਰੋ ਮਾਰ।
ਜੁਆਨ ਘੁਕਾਕੇ ਮਾਰਦਾ, ਸੀ ਨੱਕ ਤੇ ਤਲਵਾਰ।

## ਔਝਾ ਛੰਦ—11

ਦੂਰੋਂ ਤੋਂ ਝਪਟ ਚਲਾਉਂਦੀ, ਬੈਠਿਆਂ ਨੂੰ ਆ ਕੇ ਢਾਹੁੰਦੀ
ਲਿਆਉਂਦੀ ਸੀ ਆ ਪਣਮੱਲੀ, ਲਛਮਣ ਨੂੰ ਆਗੀ ਤੈਲੀ,
ਉੱਠਿਆ ਕਰੋਧ ਧਾਰਕੇ ਤੇ, ਬਦਮਾਸ਼ ਨੇ ਵਗ੍ਹਾਤੇ ਸੂਲੀ, ਘੜੀ ਦੇ ਵਿੱਚ,
ਤਲਵਾਰ ਲਟਕਦੀ ਧੂਲੀ, ਘੜੀ ਦੇ ਵਿੱਚ।

ਰੰਗਰੂ ਦੀ ਭਰੀ ਜਵਾਨੀ, ਝਟਕਾਂ ਲਈ ਰੋਸ ਝੜਵਾਨੀ।
ਬਿਜਲੀ ਦੇ ਵਾਂਗੂੰ ਚਮਕੀ, ਹੇਠ ਤੋਂ ਧਰਤੀ ਧਮਕੀ,
ਖਿੱਦੋ ਦੇ ਵਾਂਗੂੰ ਉਛਾਲਿਆ, ਤੂੰ ਉੱਥੋਂ ਬੋਲ ਜ਼ਬਾਨੋਂ, ਡੱਕੀ, ਹਰਖ ਨਾਲ।
ਮਿੱਡੇ ਨੱਕ ਤੋਂ ਕਟਾਰੀ ਠੱਕੀ, ਹਰਖ ਨਾਲ।

ਕੜ੍ਹਕੇ ਨੱਕ ਵੱਢਤਾ ਸਾਰਾ, ਮੈਲੇ ਦੀ ਵਗਦੀ ਧਾਰਾ,
ਸਿਉਨੇ ਦਾ ਗਿਰ ਗਿਆ ਨਥਲਾ, ਵੇਖੋ ਮੁੜ-ਮੁੜਕੇ ਹੱਥ ਲਾ,

ਫਿਰਦੀ ਚੰਗਿਆੜਾਂ ਮਾਰਦੀ ਜੀ, ਵਾਰ ਵਾਰ ਜ਼ਖਮ ਨੂੰ ਟੋਂਹਦੇ, ਲੱਗਣ ਪੀੜਾਂ।
ਲਹੂ ਵੇਖ ਵੇਖਕੇ ਰੋਂਦੇ, ਲੱਗਣ ਪੀੜਾਂ।

ਕੁੜੀ ਦੀ ਹੋਸ਼ ਨਾ ਸੰਭਲਦੀ, ਦੇਂਹਦੀ ਥਰ-ਥਰ ਸੀ ਕੰਬਦੀ,
ਰੱਤ ਦੇ ਨਾਲ ਭਿੱਜ ਗਿਆ ਲੰਗਾ, ਬੂਹਕਰ ਦਾ ਜ਼ੋਰ ਥੱਕਾ,
ਗਿੱਚੀ ਦੀ ਖਛੂੰਗੀ ਫੇੜ ਲੀ, ਤੇ ਜੁਆਨ ਮੁਣੀ ਵਡਿਆਈ ਵੰਡੀ, ਹਰਖ ਨਾਲ।
ਮਿੱਥੇ ਨੱਕ ਤੇ ਖਟਾਰੀ ਠੋਕੀ, ਹਰਖ ਨਾਲ।

ਹੋ ਗਿਆ ਬੜਾ ਖਰਾਬਾ, ਕਰਦੀ ਫਿਰੇ ਸ਼ੋਰ ਸ਼ਰਾਬਾ,
ਲੱਦਾ ਗਈਆਂ ਖੁਲ ਨੂੰ ਲੀਕਾਂ, ਮਾਰਦੀ ਉੱਚੀਆਂ ਚੀਕਾਂ।
ਢੇਵੇਂ ਪੈਰ ਉੱਖੜ ਗਏ ਜੀ, ਠੇਡਾ ਖਾ ਕੇ ਧਰਤ ਤੇ ਜਾਪੀ, ਧੜਾਕ ਦੇ ਕੇ,
ਅੱਗੇ ਮੇਹਲਦਾ ਫਿਰੇ ਸੱਪ ਸਾਹ ਪੀ, ਧੜਾਕ ਦੇ ਕੇ।

ਕੁਟੀਆਂ ਵਿੱਚ ਮਾਰੇ ਗੋਤੇ, ਆ ਕੇ ਨਾ ਢੁੱਕਦੀ ਨੇੜੇ,
ਤ੍ਰਿੰਬਕਦੀ ਫਿਰਦੀ ਘੂਰੇਂ, ਟੱਕਦੀ ਮੱਥਾ ਢੂਰੇਂ।
ਢੱਕ ਖਾਈ ਜਗਿਰ 'ਚ ਭੂਸੀ ਵੀ, ਬੜੀ ਬਰਛੀ ਜਿਹੇ ਜੋ ਹੁੰਦੀ ਟੋਕੀ, ਹਰਖ ਨਾਲ,
ਮਿੱਠੇ ਨੱਕ ਤੇ ਕਟਾਰੀ ਠੋਕੀ, ਹਰਖ ਨਾਲ।

ਉਦੋਂ ਮੰਨ ਲੈਂਦੀ ਕਹਿਣੇ, ਹੁਣ ਕਿਉਂ ਸੋਖ ਟੋਂਹਦੀ ਥੈਣੇ,
ਫਿਦੀ ਸੀ ਝੂਮ ਝਰਾਵੇ, ਬੈਠਿਆਂ ਨੂੰ ਆ ਕੇ ਛਾਹਵੇਂ।
ਰੁਕਿਆਂ ਨੂੰ ਵੇਦ ਲੱਭਦਾ ਤੇ, ਕਹਿਕੇ ਭਜਨ ਕਰਨ ਨਾ ਦੇਂਦੇ, ਕੁਟੀ ਦੇ ਵਿੱਚ,
ਘਰੇਂ ਆਗੀ ਕਰਾਉਣ ਕਰੇਂਦੇ, ਕੁਟੀ ਦੇ ਵਿੱਚ।

ਨੱਕ ਦੇ ਤਾਂ ਥਰਤੇਂ ਥੰਮ ਜੇ, ਇਹਨੇਂ ਮੁਲਾਹੇ ਸਮਝੇ,
ਟਲਦੀ ਖਿੰਡਾਉਣੇ ਲੈਫ ਲਾ, ਹਟੀ ਧਰ ਲੈ ਕੇ ਦੌੜਨਾ।
ਨੇਗ੍ਰੀ ਵਾਂਗੂ ਚੜ੍ਹਦੀ ਗਈ, ਮੈਂ ਪੰਥ ਥੰਨ੍ਹਕੇ ਥਥੰਕਾ ਰੱਖੀ, ਹਰਖ ਨਾਲ।
ਮਿੱਤੇਂ ਨੱਕ ਤੇ ਖਟਾਰੀ ਠੋਕੀ ਹਰਖ ਨਾਲ।

ਮਾਰਦਾ ਜੁਆਨ ਮਰੋੜੇ, ਹਰਖ ਵੱਧ ਜ਼ੋਰ ਜੰ ਥੋੜ੍ਹੂੰ,
ਪਹੁੰਚ ਜਾ ਫੇਤੀ ਲੱਕਾ, ਜਾ ਬੈ ਵਜਾਏ ਤੈਰਾਂ।
ਗਾਹਸਿਆ ਕਰਾਵੇਂ ਵਾਲੀਏ, ਤੂੰ ਜਾਕੇ ਇੱਥ ਦੀ ਥਾਂ ਚਾਰ ਸੁਣਾਵੀਂ, ਭਰਾਵਾਂ ਅੱਗੇ
ਆਹਾ ਲਿੱਖਤੜਿਆ ਸੁਥਾਜ਼ ਵਿਖਾਵੀਂ, ਭਰਾਵਾਂ ਅੱਗੇ।

ਰਾਉਣ ਕੀ ਮੂੰਹ ਵਿੱਚ ਪਾਲੂ, ਉਹਨੂੰ ਨਾਰਾਇਣ ਸੰਭਾਲੂ,
ਬਰਛੀ ਜੀਹਦਾ ਔਢ ਤਲ੍ਹਾਰ ਐ, ਨਿੱਕਲਜੂ ਗੁੱਭ-ਗੁਬਾਰ ਐ।
'ਬਾਬੂ ਜੀ' ਚੜ੍ਹਾਲਿਆ ਫੌਜ ਨੂੰ, ਜੇ ਜੋਹਦੀ ਬਰਛੀ ਚੜਿਆਈ ਰੋਕੀ, ਹਰਖ ਨਾਲ
ਮਿੱਠੇ ਨੌਕ ਤੇ ਕਟਾਰੀ ਰੋਕੀ, ਹਰਖ ਨਾਲ।

॥ ਦੋਹਿਰਾ ॥

ਜਾਂਦੀ ਲਹੂ ਲੁਹਾਨ ਹੋ, ਖੇਲ ਛਰਾ ਦੇ ਭੇਣ,
ਨੌਂਕ ਵੱਢਤਾ ਛੋਟ ਖੋਲ੍ਹਤਾ, ਸਾਧ ਵਣਾਂ ਵਿੱਚ ਰਹਿਣ।

**ਕਿਬ ਛੰਦ—12**

ਫੱਟ 'ਚੋਂ ਰੱਤ ਡੁੱਲਦੀ ਫਿਰਦੀ, ਰਾਵਣ ਦੀ ਭੈਣ ਦੇ,
ਦੂਰੋਂ ਸ਼ਰ ਲੱਗਦਾ ਵੇਖਕੇ, ਅੰਗਰਾਂ ਛੈਣ ਦੇ।
ਲੈ ਲੈ ਧਰ ਵੱਖੂ-ਦਾਣੇ, ਮਰਦਾ ਨਾਲ ਖਹਿਣ ਦੇ,
ਫੱਜਰਗੀ ਧੁਸ ਵਿੰਗੀ ਜਾਂਦੀ ਵਿੱਚ ਦੀ ਉਜਾੜਾਂ ਦੇ,
ਸੁਣਦੇ ਬੋਲ ਰਿਨ-ਭਿਨ ਕੋਹ ਤੇ ਉਚੀਆਂ ਚੰਗਿਆੜਾਂ ਦੇ।

ਲੰਘਗੀ ਸਰੂਪਨਖਾਂ ਨੂੰ ਕਰਦੀ ਹੱਥ ਮਾਂਹਦੀ ਦੇ,
ਸੰਘਿਆਂ ਪੰਥ ਬਾਣੇ ਕਰਤੇ ਝਾੜਾਂ ਵਿੱਚ ਜਾਂਦੀ ਦੇ।
ਦੂਰੋਂ ਅਰਸ਼ਾਟ ਸੁਣਦੇ ਚੰਦਰੀ ਅਰੜਾਂਦੀ ਦੇ,
ਰੋਂਦੀ ਗਈ ਸ਼ੋਰ ਮਚਾਉਂਦੀ ਅਜੇ ਫੱਟ ਅੱਲਾ ਏ,
ਸਾਧਾਂ ਨੱਕ ਵੱਢਤੀ ਭੈਣ ਦੀ ਰਾਵਣ ਭਰਮੱਲਾ ਏ।

ਉੱਠੀ ਲਹਿਰ ਜੋਰ ਬਰਨ ਨੂੰ ਮੇਰੇ ਵਿੱਚ ਮਨ ਦੇ ਜੀ,
ਮਿਲਕੇ ਖਰਦੂਖਣ ਕੋਲੋਂ ਵੜਗੀ ਵਿੱਚ ਬਣ ਦੇ ਜੀ।
ਹੰਸ ਮੁਰਗਾਈਆਂ ਆ ਕੇ ਉੱਤਰੇ ਵਿੱਚ ਵਣ ਦੇ ਸੀ।
ਉੱਥੇ ਮੈਂ ਖੇਡਣ ਲੱਗਗੀ ਛਲਿਆ ਘੁੱਟ ਪਾਣੀ ਦਾ,
ਦਣਕਿਆ ਮੈਂਥਾ ਮੇਰਾ ਜਣਦਿਆਂ ਨੂੰ ਖਾਣੀ ਦਾ।

ਸਾਧਾਂ ਨਾਲ ਰਹੇ ਸਾਪਣੀ ਰੋਗਾ ਤੋਂ ਧਾਰ ਦੀ,
ਮੇਰੇ ਨਾਲ ਲੜ੍ਹਪੀ ਫਲੋ ਵੇਸਾਂ ਏ ਮਾਰ ਦੀ।
ਸੰਝਾਂ ਨੇ ਵਾਰੁ ਕਰਾਈ ਨਾਰ ਮੁਟਿਆਰ ਦੀ।
ਰੋਗਾ ਰੰਗ ਵਧੀਆ ਸਾਪਣੀ ਸਿਉਣੇ ਦਾ ਡੱਲਾ ਏ,
ਸਾਧਾਂ ਨੱਕ ਵੱਢਤੀ ਭੈਣ ਦੀ ਰਾਵਣ ਭਰਮੱਲਾ ਏ।

ਵੇਖੀ ਧੀ ਮਹਾਰਾਜ ਦੀ ਰਾਵਣ ਤੇ ਫੁੱਟੀ ਸੀ,
ਮੇਰੇ ਵੱਲ ਬਾਘਣ ਲੈਂਗਾਧੀ ਨਜ਼ਰ ਘਲੇਂਦੀ ਸੀ।
ਉੱਪਰਲੇ ਆਦਮੀਆਂ ਦੀ ਅਕਲ ਕੁਝ ਮੋਟੀ ਸੀ,
ਰੰਗਾਂ ਦੇ ਭੁਲੇਖਿਆਂ ਤੋਂ ਮਾਰੀਆਂ ਸਖੀਆਂ ਦੇ,
ਬੇੜੀ ਸਰਬੰਸੀ ਤੋੜਣ ਨੂੰ ਮਸ਼ਕਰੀਆਂ ਕਰੀਆਂ ਦੇ।

ਪੈਰਾਂ ਦੇ ਚਾਂਬੁਲਿਆਂ ਨੇ ਠੋਕਰੀ ਬਾਤ ਥੇ,
ਰੇਸ਼ਮ ਦੇ ਵੱਧੜੇ ਮੇਰੇ ਕੰਠਿਆਂ ਨੇ ਧਾਗਤੇ,
ਬਾਵਾ ਜੀ ਜਬਾਂ ਸੰਭਾਲੇ ਅੰਗੋਂ ਮੈਂ ਤਾੜਥੇ,
ਮਾਰਿਆ ਮੈਂ ਪੈਰੋਂ ਲਾਧਕੇ ਸੰਗ ਦੇ ਖੱਲਾ ਦੇ,
ਸਾਧਾਂ ਨੇਕ ਵੱਢਣੀ ਤੋੜਣ ਦੀ ਰਾਵਣ ਭਰਮੌਲਾ ਦੇ।

ਗਾਲਾਂ ਸੁਣ ਛੇੜੇ ਪੁਰਸ਼ੀ ਮਿਆਨੋਂ ਤਲਵਾਰ ਜੀ,
ਜ਼ਾਲਮ ਨੇ ਮਾਰੀ ਮੇਰੇ ਨੱਕ ਦੇ ਵਿਚਕਾਰ ਜੀ।
ਲਾਸ਼ਾਂ ਵੇਖਕੇ ਮੇਰੀਆਂ ਉੱਠਰਗੀ ਧਾਰ ਜੀ।
ਜਿਊਣਾ ਧਿਰਕਾਰ ਮੇਰਾ ਜੱਗ ਦੇ ਵਿੱਚ ਵੀਰ ਵੇ।
ਨਹੀਂ ਕਝੂ ਸਾਰ ਸਾਧਣੀ ਤ੍ਰਿਉ ਦੇ ਨੱਕ ਚੀਰ ਵੇ।

ਮੇਰਿਉ ਬਲਵੰਤ ਕਰਾਵੇ ਲਾ ਲਿਓ ਦਾਹਾਂ ਨੂੰ,
ਕਰਦੀ ਰਹੀ ਬੇਹੜੀ-ਬੇਹੜੀ ਉੱਚੀਆਂ ਕਰ ਬਾਹਾਂ ਨੂੰ।
ਰਾਵਣ ਦੇ ਵੇਲੇ-ਖੜਕੇ ਮਾਰਦੀ ਧਾਹਾਂ ਨੂੰ।
ਧਰਤੀ ਤੇ ਢੇਰੀ ਕਰ ਦਿਉ ਮਾਰਕੇ ਤੁੱਲਾ ਦੇ,
ਸਾਧਾਂ ਨੇਕ ਵੱਢਣੀ ਤੋੜਣ ਦੀ ਰਾਵਣ ਭਰਮੌਲਾ ਦੇ।

ਉੱਚੇ ਜੋ ਟੈਰੇ ਵਾਲਿਉ ਆਕੜ ਕੋਇ ਪੱਗ ਦੇ,
ਐਹ ਜੋ ਲੇਕ ਤੋੜਣ ਨੂੰ ਐਵੇਂ ਨਾ ਭੇਜੋ ਦੇ।
ਲੱਮੀ ਕਰਿਆਵੇ ਮੇਰੀ ਮੇਰਾ ਦੁੱਖ ਵੇਰੇ ਦੇ।
ਬੇਜ਼ ਮੇਰਾ ਜੋਮਕੇ ਮੈਨੂੰ ਪੈ ਗਿਆ ਦੁੱਖ ਝਰਨਾ ਵੇ,
ਖੁਦ ਦੇ ਵਿੱਚ ਤੁੰਬਕੇ ਮਰਜੈ ਰਾਵਣ ਕੁੰਭਕਰਨਾ ਵੇ।

ਦੇ ਦਿਉ ਲੱਪ ਭਰਕੇ ਬਹਿਰ ਦੀ ਕਸੂਮੀ ਨੂੰ ਖੋਲਕੇ,
ਮਾਰਦੀ ਉੱਚੀਆਂ ਚੁੰਘਾਂ ਨੈਣੀਂ ਜਲ ਡੋਲਕੇ,
ਧਰਤੀ ਤੇ ਮੂਧੀ ਜਾਪੀ ਅੰਨੀ ਗੱਲ ਬੋਲਕੇ,

ਕੀਹਨੇ ਬੰਨ੍ਹ ਸਿਹਰੇ ਵਿਆਹੁਣੀ ਫੜਨਾ ਨਾ ਪੱਲਾ ਵੇ,
ਸਾਥੋਂ ਨੱਕ ਵੱਢਤੀ ਭੈਣ ਦੀ ਰਾਵਣ ਭਰਮੌਲਾ ਵੇ।

॥ ਦੋਹਿਰਾ ॥

ਰੋਂਦੇ ਲਛਮਣ ਰਾਮ ਜੀ, ਗਏ ਜਟਾਊ ਪਾਸ।
ਪਿਆ ਜਿਮੀਂ ਪਰ ਤੜਫਦਾ, ਨਹੀਂ ਜਿਊਣ ਦੀ ਆਸ।

**ਮਨੋਹਰ ਛਦਾਲੀ ਛੰਦ—13**

ਰੋਂਦੇ ਰਾਮ ਤੇ ਲੱਛਣ, ਹਵਾ ਵਣਾਂ ਦੀ ਫੱਕਦੇ, ਜਾਂਦੇ ਛਾਣਦਾ ਦੇਖਦੇ,
ਸੀ ਜਟਾਊ ਫਟਿਆ ਪਿਆ, ਲੈਣੋਂ ਦੇ ਘੁਮਾਵਾਂ ਦਾ ਕਿਆਰਾ ਡੱਟਿਆ ਪਿਆ।
ਰੰਗ ਹੋ ਗਏ ਜ਼ਰਦ, ਲੱਗੀ ਚਿਹਰਿਆਂ ਨੂੰ ਗਰਦ, ਝੱਲਿਆ ਜਾਵੇ ਨਾ ਦਰਦ,
ਗੁਰੂ ਪ੍ਰਤਾਪੀ ਦਾ, ਸੁਆਮੀ ਬੇੜਾ ਬੈਠ ਗਿਆ ਲੰਕੇਸ਼ ਪਾਪੀ ਦਾ।

ਲੈ ਕੇ ਜਾਨਕੀ ਨੂੰ ਚੋਰੀ, ਲਟਕਾਕੇ ਮੋਢੀਂ ਝੋਲੀ, ਦੱਸਾਂ ਗੱਲ ਦੀ ਸਟੋਰੀ,
ਦੱਖਣ ਚਲਣ ਲੱਗਿਆ, ਆਵੇ ਮੇਰੇ ਕੋਲ ਦੀ ਲੰਕੇਸ਼ ਵਗਿਆ।
ਕੌਲੇ ਭਾਲ ਦੇ ਕੁੰਦਨ, ਨੈਣ ਡਰੇ ਚ ਮੁੰਦਣ, ਝੱਲਿਆ ਜਾਵੇ ਨਾ ਰੁਦਨ,
ਮਾਤਾ ਜੀ ਕਲਾਪੀ ਦਾ, ਸੁਆਮੀ ਬੇੜਾ ਬੈਠ ਗਿਆ ਲੰਕੇਸ਼ ਪਾਪੀ ਦਾ।

ਸੁੱਖਾ ਜਾਵੇ ਨਾ ਉਜਾੜ, ਮਾਸ ਖਾਜਾ ਵੱਢ-ਵੱਢ, ਉੱਡ ਰਗਾਂ ਵਿੱਚ ਗੱਡ,
ਤੇ ਪੰਜੇ ਜੋ ਤੰਚ ਮੈਂ, ਲਹੂ ਨਾਲ ਥਰਕਦਾ ਪਲਾਟ ਰੰਗ ਮੈਂ।
ਮਾਰੀ ਜ਼ੋਰ ਦੀ ਥਪੇੜ, ਸਾਰੀ ਕੱਢਤੀ ਰੜਕ, ਸੁੱਟਿਆ ਦੂਰੋਂ ਤੋਂ ਘੜਕ,
ਸੀ ਹਮਾਕੀ ਸ਼ਾਪੀ ਦਾ, ਸੁਆਮੀ ਬੇੜਾ ਬੈਠ ਗਿਆ ਲੰਕੇਸ਼ ਪਾਪੀ ਦਾ।

ਮੈਂ ਪਕੜੀ ਤਿੱਖੀ ਚੁੰਝ, ਗਿਆ ਸੀ ਨੇਤਰਾਂ ਤੋਂ ਖੁੰਝ, ਨੇ ਬਣਾਤਾ ਕੁੱਟ ਮੁੰਜ,
ਸੀ ਪਖੰਡੀ ਰੋਣ ਨੂੰ, ਨਾਰੀ ਰਿੰਗ ਪਾਬੂਤੀ ਬਚਾ ਗਿਆ ਚੋਣ ਨੂੰ।
ਚੌਲਿਆ ਬਦਨਾਮੀ ਖੱਟ, ਪਾੜਕੇ ਵਿਰਾਲਿਉਂ ਪੱਟ, ਦੂਰੋਂ ਮਾਰਕੇ ਝੱਪਟ,
ਸੀ ਰਾਜਾਂ ਤੋਂ ਜਾਪੀ ਦਾ, ਸੁਆਮੀ ਬੇੜਾ ਬੈਠ ਗਿਆ ਲੰਕੇਸ਼ ਪਾਪੀ ਦਾ।

ਚੰਗੀ ਤਕੜਾ ਖੰਹ ਉੜਾਦੀ, ਖੜ੍ਹਾ ਕੰਬਦਾ ਦੁਹਾਈ, ਨੰਗੀ ਬਰਛੀ ਘੁਕਾਈ,
ਲੱਗੀ ਮੇਰੇ ਫੰਗ ਤੇ, ਫੰਗ ਤੋਂ ਤਿਲਕ ਵੱਜੀ ਸੱਜੀ ਟੰਗ ਤੇ।
ਮਰ ਜਾਂਦਾ ਸੀ ਛਰਨ, ਲਾਹਤਾ ਸਿਰੋਂ ਫੂੰ ਫਰਜ਼, ਚੜ੍ਹਾਦਾਰਾਂ 'ਚ ਦਰਜ,
ਨਾ ਤੁਸਾਂ ਦੇ ਨਾਪੀ ਦਾ, ਸੁਆਮੀ ਬੇੜਾ ਬੈਠ ਗਿਆ ਲੰਕੇਸ਼ ਪਾਪੀ ਦਾ।

ਰਾਮ ਫੜ੍ਹਕੇ ਉਠਾਵੇ, ਚਰਨਾਂ ਨੂੰ ਚੁੰਮੀ ਜਾਵੇ, ਜਿਵੇਂ ਜਾਂਦੀ ਹੈ ਤਾਂ ਜਾਵੇ,
ਲੋ ਬਚਾਕੇ ਰੱਖਣੀ, ਯਾਦ ਕਰਿਆ ਕਰਨਗੇ ਪਰਿੰਦੇ ਵੇਖਣੀ।
ਜੇਰ ਠਾਂਈ ਗਈ ਜੁਬਾਨ, ਵਾਂਗੀ ਰਾਮ ਤੋਂ ਵੀ ਜਾਨ, ਭੱਲੀ ਦਾ ਨਾਂ ਨੁਕਸਾਨ,
ਆਪ ਦੇ ਮਿਲਾਪੀ ਦਾ, ਸੁਆਮੀ ਬੇੜਾ ਬੈਠ ਗਿਆ ਲੰਕੇਸ਼ ਪਾਪੀ ਦਾ।

ਸ਼ੀ ਜਟਾਊ ਲਾਹਕੇ ਪੱਤ, ਪਏ ਕਿਸੇ ਮੁਨੀ ਸਤੇ, ਮਿਲੂ ਰਾਮ ਜੀ ਨੂੰ ਫੜ੍ਹੇ,
ਵਹਾਂ ਜਾ ਲੜਨਗੇ, 'ਬਾਬੂ' ਦੀ ਰਸੈਣ ਬਣੀ ਵੀ ਪਕੂਨਗੇ।
ਜ਼ਾਲਮਾਂ ਸਤਾਏ ਸਾਧ, ਮਾਰ ਮਿਟਜੂ ਫ਼ਸਾਦ, ਸਾਰਾ ਆਜੂਗਾ ਸਵਾਦ।
ਲੀ ਛਪਾਈ ਕਾਪੀ ਦਾ, ਸੁਆਮੀ ਬੇੜਾ ਬੈਠ ਗਿਆ ਲੰਕੇਸ਼ ਪਾਪੀ ਦਾ।

॥ਦੋਹਿਰਾ॥

ਰੁਦਨ ਕਰੇ ਬਹਿ ਰਾਮ ਜੀ, ਲਵੇ ਪਲਕ ਨਾ ਟੇਕ।
ਹੋਣੀ ਨਹੀਂ ਜਹਾਨ ਤੇ, ਸੀਤਾ ਵਰਗੀ ਏਕ।

ਬਰੰਗ—14

ਜਦੋਂ ਕੁਟੀ 'ਚ ਦਿਸੀ ਨਾ ਰਾਣੀ, ਭੱਬਲੀ ਮਕਾਨ ਦੇ ਵਿੱਚੋਂ,
ਹੇਠੋਂ ਧਰਤੀ ਨਿੱਕਲਗੀ ਜਾਣੀ, ਉੱਠੇ ਗਏ ਜਹਾਨ ਦੇ ਵਿੱਚੋਂ।
ਕਰੇ ਭੋਜਨ ਚਰਣਾਂ ਨੂੰ ਧੋਣੀ, ਚਾਣ ਪ੍ਰਵਾਨ ਲਛਮਣਾਂ,
ਆਗਿਆਕਾਰ ਨਾ ਵਿਸਰਗੀ ਹੋਣੀ, ਸੀਤਾ ਦੇ ਸਮਾਨ ਲਛਮਣਾਂ।

ਹੰਸ ਪੱਬ ਕਚਨਾਰਾਂ ਜੇਹੇ, ਉਂਗਲਾਂ ਰਵ੍ਹਾਂ ਜਿਉਂ ਕਲੀਆਂ,
ਗੋਰੀ ਪਿੰਜਣੀ ਚਿਕਣੀ ਲੇਹੇ, ਤਲੀਆਂ ਦੁਪਹਿਰੇ ਕਲੀਆਂ।
ਕੰਨ ਸਿੱਪੀਆਂ ਇਵਰ ਦੀ ਰੋਹਣੀ, ਭੁੱਲੂ ਜਾਣੀਂ ਧਾਣ ਲਛਮਣਾਂ,
ਆਗਿਆਕਾਰ ਨਾ ਵਿਸਰਗੀ ਹੋਣੀ, ਸੀਤਾ ਦੇ ਸਮਾਨ ਲਛਮਣਾਂ।

ਅਲੀਪੁਰ ਦੇ ਅਨਾਰਾਂ ਵਰਗੇ, ਜੁੜਮੇਂ' ਸਫ਼ੈਦ ਦੰਦ ਜੀ,
ਨੂੰਹੀ ਵਰਗਦੀ ਰਾਰਦ ਨਾਲ ਕਰਗੇ, ਐਖੀ ਹੋ ਲਬੰਡੇ ਪੰਧ ਜੀ।
ਹੰਸ ਰੋਂਦਿਆਂ ਨੂੰ ਹਸਾਦੇ ਮੋਹਣੀ, ਕੋਇਲ ਜਿਹੀ ਅਵਾਜ਼ ਲਛਮਣਾਂ,
ਆਗਿਆਕਾਰ ਨਾ ਵਿਸਰਗੀ ਹੋਣੀ, ਸੀਤਾ ਦੇ ਸਮਾਨ ਲਛਮਣਾਂ।

ਨੱਕ ਤਿਲਾਂ ਦੇ ਫੁੱਲਾਂ ਤੋਂ ਚੰਗਿਆਂ, ਧਾਰ ਜਾਣੀਂ ਤਲਵਾਰ ਦੀ,
ਵਾਂਗ ਬਿਜਲ ਦਲਾਵੇਂ ਪੈਂਦੇ ਲੱਗਿਆਂ, ਨੈਣਾਂ 'ਚ ਸ਼ੁੱਖ ਮਾਰਦੀ।
ਸੋਹੇ ਹੋਸਾਂ ਦੇ ਵਾਂਗ ਖਲੋਣੀ, ਸੋਹਲੀਆਂ ਸਮਾਨ ਲਛਮਣਾਂ,
ਆਗਿਆਕਾਰ ਨਾ ਵਿਸਰਗੀ ਹੋਣੀ, ਸੀਤਾ ਦੇ ਸਮਾਨ ਲਛਮਣਾਂ।

ਸੀਸ ਗੋਲ੍ਹ ਜਿਆ ਸਲੋਰਿਉਂ ਛੁੱਟਾ, ਬੁੰਜ ਭੌਂ ਉਧਾਰਾ ਗਲ੍ਹ ਲਿਆ,
ਪਹਿਲੇ ਰੇਸ਼ਮ ਲੱਗਿਆ ਜਿਆ ਕੋਟਾ, ਸੀਰਾਂ ਨੂੰ ਉਦਾਲੇ ਵਲ ਲਿਆ।
ਅੱਖ ਸਰਖਤੀ ਹਰਨ ਤੋਂ ਸੋਹਣੀ, ਕੰਢ ਲੈਗੀ ਜਾਨ ਲਛਮਣਾਂ,
ਆਗਿਆਕਾਰ ਨਾ ਇਸਤਰੀ ਹੋਣੀ, ਸੀਤਾ ਦੇ ਸਮਾਨ ਲਛਮਣਾਂ।

ਕੇਸ ਪੱਟ ਦੇ ਲੱਛੇ ਤੋਂ ਕੂਲੇ, ਕਹਿਣਗੇ ਸੰਦੇਸ ਲੈ ਗਿਆ,
ਉੱਚ ਜਾਣਗੇ ਦੇਖ ਤੇ ਭੁਲੇ, ਮੇਰੇ ਭਾਅ ਹਨੇਰ ਪੈ ਗਿਆ।
'ਬਾਬੂ' ਸ਼ੇਰ ਲਾ ਰੰਟ ਤੋਂ ਖੋਹਣੀ, ਔਰਤ ਰਕਾਨ ਲਛਮਣਾਂ,
ਆਗਿਆਕਾਰ ਨਾ ਇਸਤਰੀ ਹੋਣੀ, ਸੀਤਾ ਦੇ ਸਮਾਨ ਲਛਮਣਾਂ।

### ਬੈਂਤ—15

ਵੜੇ ਰਾਮ ਅੰਧੇਰਲੀ ਕੋਠੜੀ ਮੇਂ, ਹੌਬ ਮਾਰਦਾ ਗਫ਼ਦੀਆਂ, ਮੱਘੀਆਂ ਨੂੰ।
ਧਾਹਾਂ ਮਾਰਦਾ ਫਿਰੇ ਬਗੀਚਿਆਂ ਮੇਂ, ਸੀਤਾ ਢੋਲਗੀ ਥੱਲਦੀਆਂ ਬੱਧੀਆਂ ਨੂੰ।
ਕਢੀ ਕਰ ਗਿਆ ਜ਼ੁਲਮ ਲੰਕੇਸ਼ ਦਰਗਾ, ਲੈ ਗਿਆ ਸਾਧਣੀ ਮਾਰਕੇ ਠੱਗੀਆਂ ਨੂੰ।
ਖਿੜੇ ਸੁਫ਼ਰ, ਸ਼ਰੰਗਾ ਦੀ ਪੈੜ ਹੈ ਨਾ, ਸਿੰਟ ਪਿੰਠ ਤੇ ਲਾ ਗਿਆ ਛੱਗੀਆਂ ਨੂੰ।
ਸਜੀ ਹਾਰ ਦੀ ਬਟਨ ਰੰਗੀਗੀਆਂ ਦੇ, ਜਾਂਦੀ ਰੋਂਦਗੀ ਫੁੱਲ ਦੇ ਸੰਗੀਆਂ ਨੂੰ।
ਮੱਲੀ ਨੱਥ ਦੇ ਝੁਮਕੀਆਂ ਵਾਲੀਆਂ ਜੀ, ਪਹਿਲੇ ਝੁਮਕਾਂ ਜੁਲਜੁਲਾਂ ਦੰਗੀਆਂ ਨੂੰ।
ਛਾਪਾਂ ਆਰਸੀ ਚੂੜੀਆਂ ਬੰਧਰੂ ਜੇ, ਕਿਤੇ ਰੋਂਦਗੀ ਛਾਂਜਰਾਂ ਬੰਗੀਆਂ ਨੂੰ।
ਕਿਤੇ ਝਾਕੂਕੇ ਫੁੱਲ ਧੁੰਦੀਆਂ ਦੇ, ਸੀਰ ਲਟਕਦੀ ਧਾਜਰੀ ਝੱਗੀਆਂ ਨੂੰ।
ਪੁੱਛੇ ਰਾਮ ਦਰਖਤ ਤੇ ਪੰਬਰਾਂ ਨੂੰ, ਕੌਣ ਜਾਣਦਾ ਕਿਸੇ ਦੀਆਂ ਲੱਗੀਆਂ ਨੂੰ।
'ਰਜਬਲੀ ਖਾਂ' ਸਜਨਗੇ ਵੈਸਖਾਂ ਮੇਂ, ਲਾਉਂਦੇ ਧਾੜ੍ਹ ਚੁਰਾਂਵਦੇ ਢੱਗੀਆਂ ਨੂੰ।

॥ਦੋਹਿਰਾ॥

ਪੁੱਛਦੇ ਆ ਸੁਗਰੀਵ ਨੂੰ, ਰੋਂਦੇ ਜ਼ੋਰੋ ਜ਼ੋਰ।
ਲੈ ਗਿਆ ਸਾਡੀ ਸਾਧਣੀ, ਐਸ ਤਰਫ਼ ਨੂੰ ਚੋਰ।

### ਮੁਕੰਦ ਛੰਦ—16

ਅੱਗੇ ਇੱਕ ਬੈਠਾ ਆਦਮੀ ਪਹਾੜ ਤੇ,
ਜ਼ਾਲਮਾਂ ਨੇ ਰੋਗੀਂ ਵੱਸਦੇ ਉਜਾੜ ਤੇ।
ਭੁੱਲ ਪ੍ਰਿਟਿਆਰ ਨਾ ਖਿਆਦਾ ਸਾਲਾਂ ਦੀ,
ਕਿਤੇ ਵੇਖੀ ਹੋਵੇ ਸਾਧਣੀ ਕੰਗਾਲਾਂ ਦੀ।

ਜਾਣੀਂ ਤਸਵੀਰ ਮੇਨਕਾਂ ਦੀ ਲਾਹੀ ਐ,
ਲੰਮੀ ਧੌਣ ਜਾਣੀਂ ਕੱਚ ਦੀ ਸੁਰਾਹੀ ਐ।
ਪਰੀ ਤੋਂ ਵੀ ਵੱਧ ਸ਼ਕਲ ਕਮਾਲਾਂ ਦੀ,
ਕਿਤੇ ਵੇਖੀ ਹੋਵੇ ਸਾਧਣੀ ਕੰਗਾਲਾਂ ਦੀ।

ਪੰਗੀ ਹੋਵੇ ਜਾਦੀ ਨਚੇਰ ਜਨਾਬ ਦੇ,
ਮਸਤਬ ਵੱਲੇ ਵਾਂਗਰਾਂ ਮਹਿਤਾਬ ਦੇ।
ਕਾਲੀ ਘਟਾ ਵਰਗੀ ਸਿਆਹੀ ਵਾਲਾਂ ਦੀ,
ਕਿਤੇ ਵੇਖੀ ਹੋਵੇ ਸਾਧਣੀ ਕੰਗਾਲਾਂ ਦੀ।

ਕਿਸੇ ਵੇਲੇ ਗੱਲ ਨਾ ਦਿਲਾਂ ਤੋਂ ਵਿੱਸਰੀ,
ਭੁੱਲੀਆਂ ਸੁਹਿਰੂਤੀਆਂ ਜ਼ਬਾਨ ਮਿਸਰੀ!
ਗੋਰਾ ਗੋਰਾ ਰੰਗ ਦਮਕਾਰ ਲਾਲਾਂ ਦੀ,
ਕਿਤੇ ਵੇਖੀ ਹੋਵੇ ਸਾਧਣੀ ਕੰਗਾਲਾਂ ਦੀ।

ਦੱਸ ਰੂਹਾਂ ਕਿਹੜਿਆਂ ਵਣਾਂ 'ਚ ਛਿਪੀਆਂ,
ਟੇਢੀ ਸੋਢ੍ਹੀ ਲਾਲੀਆਂ ਕੰਨਾਂ ਥਾਂ ਸਿੱਪੀਆਂ।
ਚਿਹਰੇ ਤੇ ਚਮਕ ਰੌਸ਼ਨੀ ਮਿਸਾਲਾਂ ਦੀ,
ਕਿਤੇ ਵੇਖੀ ਹੋਵੇ ਸਾਧਣੀ ਕੰਗਾਲਾਂ ਦੀ।

ਝੂਲੇ ਜਿਵੇਂ ਹਵਾ 'ਚ ਕਪਾਹੀ ਫਿੱਟੀਆਂ,
ਤਿੱਖਾ ਨੱਕ ਸੋਹਣਾ ਦੰਦਵਾਲਾਂ ਚਿੱਟੀਆਂ।
ਹੱਥੀਂ ਨਰਮਾਈ ਰੇਸ਼ਮੀ ਰੁਮਾਲਾਂ ਦੀ।
ਕਿਤੇ ਵੇਖੀ ਹੋਵੇ ਸਾਧਣੀ ਕੰਗਾਲਾਂ ਦੀ।

ਰੰਗੀ ਘਰ ਵੱਸਦਾ ਬਣਾਤਾ ਡੇਰਾ ਹੈ,
ਛੱਟਾ ਸੀਸ ਮਾਲਾਬਾਰ ਦਾ ਲਲੇਰਾ ਹੈ,
ਸਰਬਾਬ ਵਰਗੀ ਮਟਕ ਚਾਲਾਂ ਦੀ।
ਕਿਤੇ ਵੇਖੀ ਹੋਵੇ ਸਾਧਣੀ ਕੰਗਾਲਾਂ ਦੀ।

ਤਾਹੀਓਂ ਪੁੱਛਾਂ ਆਪਣਾ ਮਕਾਨ ਰਾਹਾਂ ਤੇ,
ਬਾਹਾਂ ਮਖ਼ਮਲ ਜਿਉਂ ਲਪੇਟੀ ਬਾਹਾਂ ਤੇ।
ਪੜਲਾ ਜਿਆ ਲੱਕ ਸੋਹਣੀ ਬੰਗਾਲਾਂ ਦੀ,
ਕਿਤੇ ਵੇਖੀ ਹੋਵੇ ਸਾਧਣੀ ਕੰਗਾਲਾਂ ਦੀ।

ਸਟਰੇਟ ਲੈੱਗ ਜਿਉਂ ਬ੍ਰਿਛ ਕੇਲਿਆਂ ਦੇ,
ਲੈਗੇ ਵੈਰੀ ਰਾਖਸ਼ ਉਠਾਕੇ ਵੇਲਿਆਂ ਦੇ।
'ਰਜਬਲੀ' ਬੇੜੀ ਬੈਠਗੀ ਚੰਡਾਲਾਂ ਦੀ,
ਕਿਤੇ ਵੇਖੀ ਹੋਵੇ ਸਾਧਣੀ ਕੰਗਾਲਾਂ ਦੀ।

॥ਦੋਹਿਰਾ॥

ਲੱਭਦੇ ਫਿਰਦੇ ਪੈੜ ਨੂੰ, ਫਿਰਨ ਉਜਾੜਾਂ ਬੀਚ।
ਦੱਸ ਪਾਈ ਸੁਗਰੀਵ ਨੇ, ਲੈ ਗਿਆ ਰਾਵਣ ਨੀਚ।

## ਮੁਕੰਦ ਛੰਦ—17

ਨੈਣ ਦੋ ਭਰਾਵਾਂ ਦੇ ਭਰੇ ਵੇ ਨੀਰ ਦੇ,
ਜਿਆਣੇ ਸੁਗਰੀਵ ਨੇ ਵਖਾਲੇ ਚੀਰ ਦੇ।
ਬਾਂਸੁਰੀ ਦੇ ਸ਼ਹਾਲੋਂ ਦੰਦਾਂ ਉੱਤੇ ਪੈਣ ਦੇ,
ਰੋਂਦੀ ਜਾਵੇ ਚੱਕਵੀ ਜੀ ਗੰਧਾਰੇ ਰੈਣ ਦੇ।

ਗੁਜ਼ਰੇ ਦਿਹਾੜੇ ਗੱਲ ਰਹਿੰਦੀ ਯਾਦ ਨੀ,
ਉਹ ਚੰਗੀ ਹੋਊਗੀ ਫਕੀਰੋ ਸਾਧਨੀ
ਘੱਤੀ ਗਿਆ ਫਕੀਰ ਜਿਉਂ ਝਰੋਲੇ ਪੈਣ ਦੇ,
ਰੋਂਦੀ ਜਾਵੇ ਚੱਕਵੀ ਜੀ ਗੰਧਾਰੇ ਰੈਣ ਦੇ।

ਮਿਸਲ 'ਚੋਂ ਐਸੀ ਨਾ ਜਨਾਨੀ ਲੱਭਦੀ,
ਗੋਰੇ ਵਾਂਗੂ ਮੂੰਹ ਦੀ ਚਿਲਕੋਰ ਵੱਜਦੀ।
ਕੂੰਜ ਵਾਂਗੂੰ ਪੀਂਦੇ ਲਿਸ਼ਕਾਰੇ ਪੈਣ ਦੇ,
ਰੋਂਦੀ ਜਾਵੇ ਚੱਕਵੀ ਜੀ ਗੰਧਾਰੇ ਰੈਣ ਦੇ।

ਸਭਜ਼ ਬਹਿਰ ਦੀ ਪਰੀ ਤੋਂ ਸੋਹਣੀ ਐ,
ਉਹ ਭਾਂ ਹੋਣੀ ਸੱਤੋ ਕਿਸੇ ਦੀ 'ਹੋਣੀ' ਐਂ।
ਕੰਮ ਕੀ ਸੀ ਕੱਲੀ ਦੇ ਵਣਾਂ 'ਚ ਗੈਣ ਦੇ,
ਰੋਂਦੀ ਜਾਵੇ ਚੱਕਵੀ ਜੀ ਗੰਧਾਰੇ ਰੈਣ ਦੇ।

ਉਹਨਾਂ ਮਾਛੋ-ਪੀੜੇ ਦੇ ਭਰਾਵੇਂ ਲੈਣ ਦਾ,
ਨਾਲੇ ਚੰਗਿਆ ਹੋਣਾ ਨੱਸ-ਵੇਖੀ ਗੈਣ ਦਾ।
ਘਰੋਂ ਖਾ ਕੇ ਉਸਨੂੰ ਅਧਲ ਵੇਣ ਦੇ,
ਰੋਂਦੀ ਜਾਵੇ ਚੱਕਵੀ ਜੀ ਗੰਧਾਰੇ ਰੈਣ ਦੇ।

ਰੱਜਦਾ ਨਾ ਠੇਠਰ ਰੰਨਾਂ ਦੇ ਨਾਲ ਜੀ,
ਆਹਾ ਹੀਰੇ ਹਰਨ ਦੀ ਅਖੀਰੀ ਢਾਲ ਜੀ।
ਸਾਰੇ ਸੁਆਦ ਲੈ ਲੂ ਰਾਣੀਆਂ ਹਰੋਣ ਦੇ,
ਰੋਂਦੀ ਜਾਵੇ ਚੱਕੀ ਵੀ ਗੰਧਾਰੇ ਰੋਣ ਦੇ।

ਕੋਠੇ ਹੋ ਜੇ ਬਾਦਸ਼ਾਹ ਖੰਡੇ ਤੇ ਰੱਬੂ ਜੇ,
ਫੇਰ ਵੇਖੀ ਸਾਹੂਕਾਰੀ ਜ਼ਨਾਨੀ ਏੱਬੂ ਜੇ।
'ਰਜਬਲੀ' ਮਾੜੀਆਂ ਸੁਨਹਿਰੀ ਫੋਣ ਦੇ,
ਰੋਂਦੀ ਜਾਵੇ ਚੱਕੀ ਵੀ ਗੰਧਾਰੇ ਰੋਣ ਦੇ।

॥ ਦੋਹਿਰਾ ॥

ਰੁਲਗੀ ਆ ਪ੍ਰਦੇਸ਼ ਮੇਂ, ਦੇਸ਼ ਪਿਤਾ ਦਾ ਦੂਰ।
ਫੇਰ ਵੰਗਾਰੇ ਰਾਮ ਨੇ, ਬਾਂਦਰ ਫੌਜ ਲੰਗੂਰ।
ਪੌਣ ਪੁੱਤਰ ਨੂੰ ਬੋਲਦੇ, ਪਾਸ ਬਲਾ ਕੇ ਰਾਮ।
ਜਨਕ ਸੁਤਾ ਦੇ ਦੇਸ ਜਾ, ਬੜਾ ਜ਼ਰੂਰੀ ਕਾਮ।

## ਦੋ ਭਾਗ ਛੰਦ—13

ਇੱਕ ਦਿਨ ਲਾਇਆ ਦਰਬਾਰ ਰਾਮ ਨੇ,
ਹਨੂੰਮਾਨ ਜੁਆਨ ਨੂੰ ਬੁਲਾਇਆ ਸ਼ਾਮ ਨੇ।
ਖਾਰੀ ਕੋਹ ਸਮੁੰਦਰ ਉਡਾਰੀ ਮਾਰ ਜਾ,
ਪਤਾ ਪਟਰਾਣੀ ਦਾ ਲਿਆਵੇ ਪਾਰ ਜਾ।

ਛੇਤੀ ਦੇ ਲਿਆਵੇ ਖ਼ਬਰ ਰਕਾਨ ਦੀ,
ਰੋਂਦੀ ਮਰ ਜਾਵੇ ਨਾ ਵਿਚਾਰੀ ਜਾਨਕੀ।
ਪਾਪੀਆਂ ਨੇ ਮੇਰਾ ਸੁਰਖ਼ਾਬ ਫਾਹ ਲਿਆ,
ਜਾਹ ਉਏ ਉਹਦੇ ਦੁੱਖਾਂ ਦਾ ਹਿਸਾਬ ਲਾ ਲਿਆ।

ਰੋਜ ਰੋਊ ਵੈਜਦੀ ਸਪਾਹ ਨੂੰ ਭੋਮਣੀਂ,
ਧੀਰਜ ਬੰਨ੍ਹਾਵੇ ਜਾ ਹਟਾਵੇ ਕੀਮਣੀਂ।
ਇਤਨੀ ਬਤਾਈਂ ਗੱਲ ਮੇਰੇ ਵੱਲੋਂ ਤੂੰ,
ਰੋਂਦਾ ਫਿਰਾਂ ਜਿਵੇਂ ਵੀ ਉਠਾਲੀ ਬੱਲੋਂ ਤੂੰ।

ਨਾਲ ਛੋਟੇ ਵੀਰ ਨੂੰ ਪਰਾਣਾਂ ਵਿੱਚ ਲਿਆ,
ਜੰਗਲੀ ਜਨੌਰਾਂ ਦੇ ਦਿਲਾਂ ਨੂੰ ਖਿੱਚ ਲਿਆ।
ਸੁਗਰੀਵ ਅੰਗਦ, ਸਹਿਜ਼ਾਦਾ ਵੇਖਣੀ,
ਸੂਰਮਿਆਂ ਨੇ ਜਿੰਦ ਨਾ ਲਕੋ ਕੇ ਰੱਖਣੀ।

ਕੁੱਝ ਲਹਿਜੇ ਵੇਖਕੇ ਪਹਿਲਵਾਨ ਜੀ,
ਬਾਂਦਰਾਂ ਤੋਂ ਹਨੂੰਮਾਨ ਦੀ ਕਮਾਲ ਜੀ।
ਕੀ ਅੰਤ ਮੌਰਿਆਂ ਦਲੇਰ ਸ਼ਿਸ਼ਾਂ ਦਾ,
ਜਾਮਾਵੰਤ ਸੁਆਨ ਸਰਦਾਰ ਰਿੱਛਾਂ ਦਾ।

ਨਲ-ਨੀਲ ਖਰਚ ਅਕਲ ਕੁੱਲ ਨੂੰ,
ਬਾਣੀ ਕੋਹ ਸਮੁੰਦਰ ਬੰਨ੍ਹਣ ਪੁੱਲ ਨੂੰ।
ਅਗਲੇ ਮਹੀਨੇ 'ਚ ਬਰਿਜ ਬੰਝ ਸੂ।
ਲੰਕ ਪਾਸੇ ਜੰਗ ਦਾ ਬਿਗਲ ਵੱਜ ਜੂ।

ਨੌ ਮਹੀਨੇਂ ਵੇਖਿਆਂ ਕੁੱਖ 'ਚ ਕੁਸੱਲਿਆ,
ਜੇ ਮੈਂ ਦਸਰਥ ਦਾ ਪੁੱਤਰ ਬੋਲਿਆ।
ਗੋਦ 'ਚ ਖਿਡਾਇਆ ਲੱਖਣ ਸੁਮਿੱਤਰਾ,
ਮੁੜਨੇਂ ਪਿਛਾਂਹ ਨਾ ਕੋਹਰ ਵਿੱਤਰਾਂ।

ਚਰਨੂੰਗਾ ਨਾਲ ਬਾਂਦਰਾਂ ਲੰਗੂਰਾਂ ਦੇ,
ਮਾਰਨਗੇ ਪੰਜੇ ਵਾਂਗਰਾਂ ਜੰਮੂਰਾ ਦੇ।
'ਰਜਬਲੀ ਖਾਨ' ਤਾਂ ਸਵਾਦ ਜਿਊਂਦੇ ਦਾ,
ਪੂੰਆ ਧਾਰ ਕਰ ਦਿਆਂ ਜ਼ਜ਼ੀਰਾ ਜਿਊਨੇ ਦਾ।

॥ਦੋਹਿਰਾ॥

ਹੁਕਮ ਦੀਆ ਰਘੁਬੀਰ ਨੇ, ਗਿਆ ਸਮੁੰਦਰ ਚੀਰ।
ਪੁੱਛਲੇ ਤੇ ਸੁੱਖ ਸਾਂਦ ਜੀ, ਧਰੇ ਜਾਨਕੀ ਧੀਰ।
ਮਾਂ ਮੈਨੂੰ ਭੁੱਖ ਲੱਗ ਗਈ, ਕਹੇ ਹਨੂੰ ਹੱਥ ਜੋੜ।
ਆਗਿਆ ਦੇ ਫਿਰ ਬਾਗ 'ਚੋਂ, ਪੇਟ ਭਰਾਂ ਫਲ ਤੋੜ।

**ਤਰਜ਼—19**

ਹਨੂੰਮਾਨ ਨੂੰ ਬੜੀ ਭੁੱਖ ਲੱਗ ਗਈ, ਜਾਨਕੀ ਤੋਂ ਲੈ ਲੀ ਆਗਿਆ,
ਬੜੇ ਮਾਰਦਾ ਗਲਾਫੇ ਮੂੰਹ ਭੰਗਾ ਗਈ, ਵਾਂਦਰ ਫਰੂਟ ਖਿਆਂ ਗਿਆ।

ਬਾਗੋਂ ਪੱਕੇ ਵੀ ਸੰਗਤਰੇ ਮਾਲੇ, ਪਾਕੇ ਜ਼ਰਦਾਲੂ ਡਾਲੀ ਦੇ,
ਮੇਵੇ ਡੇਗਾਵੇ ਮਰੋੜ-ਤੋੜ ਡਾਲੇ, ਖਿੜਾ ਤੇ ਫੁੱਲ ਫੁਲਵਾੜੀ ਦੇ।

ਐਬ ਚੂਸਲੇ ਉਤਾਰ ਖਿਉਂਦੀਂ, ਤੂਤੀਆਂ ਲੁਕਾਟ ਜਾਮਣਾ,
ਗਲਗਲ ਨਾ ਬ੍ਰਿਛ ਤੇ ਸਿਉਂਦੀ, ਰਸਿਆ ਅਨਾਰ ਖਾਮਣਾਂ,
ਬੱਗੇ ਬਾਦਰ ਮਾਲਟੇ ਬਾਹਲੇ, ਮਿੱਠੇ ਅਮਰੂਦ ਪਾੜੀ ਦੇ,
ਮੇਵੇ ਡੇਗਾਵੇ ਮਰੋੜ-ਤੋੜ ਡਾਲੇ, ਖਿੜਾ ਤੇ ਫੁੱਲ ਫੁਲਵਾੜੀ ਦੇ।

ਖਾ ਗਿਆ ਉੱਥਕੇ ਅੰਗੂਰ ਗੁੱਛੇ ਵੇਲੋਂ, ਧਰ ਕੇ ਜਿਮੀਂ ਤੇ ਖੌਂਜੀਆਂ,
ਦੁੱਧ ਪੀ ਗਿਆ ਸਲੇਰ ਨਰੇਲੋਂ, ਲੈਮੀਆਂ ਗਰਾਚਾਂ ਛੱਜੀਆਂ।
ਫੜ ਡਾਲਸੇ ਅਨਾਨਾਸ ਗਾਲੇਂ, ਖਿੱਚਲੇ ਫਰੂਟ ਡਾਲੀ ਦੇ,
ਮੇਵੇ ਡੇਗਾਵੇ ਮਰੋੜ-ਤੋੜ ਡਾਲੇ, ਖਿੜਾ ਤੇ ਫੁੱਲ ਫੁਲਵਾੜੀ ਦੇ।

ਆਇਆ ਐਹੋ ਜਿਹਾ ਜਨਾਵਰ ਲਾਹੌਰ, ਚਾਕਰ ਹਟੌਂਦੇ ਥੱਕ ਗਏ,
ਸਾਰੇ ਸੂਰਲੇ ਬਦਾਮ ਬਦਾਮੋਂ, ਨਿਵਜੇ ਅਖਰੋਟ ਫੱਕ ਗਏ।
ਫਗਵਾੜਿਆਂ ਦੇ ਕੇਰੇ ਪਏ ਖਾਲੇਂ, ਲਾਬੜੇ ਬਬੇਰੇ ਝਾੜੀ ਦੇ,
ਮੇਵੇ ਡੇਗਾਵੇ ਮਰੋੜ ਤੋੜ ਡਾਲੇ, ਖਿੜਾ ਤੇ ਫੁੱਲ ਫੁਲਵਾੜੀ ਦੇ।

ਕੇਲੇ ਸੇਬ ਤੇ ਅਲੂਚੇ ਗੋਹਲਾਂ, ਆਗਿਆ ਜੁਲਾਲ ਦਾਖਾਂ ਨੂੰ,
ਲੈ ਗਿਆ ਕੂੜਾਂ ਤੋਂ ਉਛਾਟੀਆਂ ਕੇਲਾਂ, ਮਾਰਿਆ ਹਲੂਣਾ ਨਾਖਾਂ ਨੂੰ।
ਬੇਰ ਖੱਟੀਆਂ ਲਗਾੜੇ ਟਾਲੇ, ਫਿਰੇ ਉੱਪਰ ਪਹਾੜੀ ਦੇ।
ਮੇਵੇ ਡੇਗਾਵੇ ਮਰੋੜ-ਤੋੜ ਡਾਲੇ, ਖਿੜਾ ਤੇ ਫੁੱਲ ਫੁਲਵਾੜੀ ਦੇ।

ਤਾਰਾਂ ਵਾਲਿਆਂ ਬੰਦਿਆਂ ਨੇ ਵੇਖੇ, ਸਾਰੇ ਕੇ ਹਮਾਰੇ ਘਰ ਜੀ,
ਮਾੜੀ ਮੱਲਕੇ ਬਗੀਚਾ ਸੇਖੋ, ਸਿਵੀਆਂ, ਸਮਾਲਸਰ ਜੀ,
ਚੀਦ੍ਹਾ, ਬਾਦਰ, ਬੁਰਜ, ਠੱਠੀ ਨਾਲੇ, 'ਬਾਬੂ' ਕੱਲੇ ਬਰਗਾੜੀ ਦੇ,
ਮੇਵੇ ਡੇਗਾਵੇ ਮਰੋੜ-ਤੋੜ ਡਾਲੇ, ਖਿੜਾ ਤੇ ਫੁੱਲ ਫੁਲਵਾੜੀ ਦੇ।

॥ ਦੋਹਿਰਾ ॥
ਬਾਂਦਰ ਮਾਰੇ ਲੰਡੂਰਾਂ, ਵੇਂਚਦਾ ਫਿਰੇ ਫਰੂਟ।
ਢੇਰ ਲਗਾੜੇ ਬਾਗ ਮੇਂ, ਅਣਪੱਕ ਤੋੜ ਫਰੂਟ।

## ਬਰਕ—20

ਰਾਜਾ ਸੈਂ ਗਿਆ ਤਾਣ ਗਲੀਚੇ, ਬੇਗਾਂ ਉੱਤਰ ਮਹਿਲ ਤੋਂ ਨੀਚੇ,
ਤੁਰੇ ਪੱਟਣੇ ਬਾਗ ਬਗੀਚੇ, ਵਿਗੜਿਆ ਫਿਰਦਾ ਬੂਜਨਾ,
ਜਿਹੜੇ ਰੁੱਖ ਧਰ ਚੜ੍ਹਜੇ, ਛੱਡਦਾ ਨਾਮ ਨਮੂਜ ਨਾ।
ਪੱਟੀਆਂ ਉੱਚੀਆਂ ਉੱਚੀਆਂ ਖੰਬੀਆਂ,
ਟਾਹਣੀਆਂ ਵਸ ਵਸ ਰੁੱਖ ਦੀਆਂ ਭੰਨੀਆਂ,
ਗਾਲਗਾਲਾਂ ਆਣ ਜ਼ਿਮੀਂ ਤੇ ਵੱਜੀਆਂ, ਚਿੜਕ ਬਥੇਰਾ ਰੋਂਦੇ,
ਫਲਦਾਰ ਬੂਟੇ ਪੱਟ ਗਿਆ ਬਾਂਦਰ ਬਾਗ ਅਸ਼ੋਕ ਦੇ।

ਜਰਕ-ਜਰਕ ਜੋਂਦਾ ਤੇ ਹੱਥੇ ਸੇਬ ਨਾਰੰਗੀ ਟੋਟੇ ਆਣ ਨਸੂਕ ਤੋੜਤੇ।
ਪਲ ਵਿੱਚ ਜੜੋਂ ਉਖੇੜ ਖੱਥੇ, ਹੱਥੇ,
ਦੋਵੇਂ ਮਾਲੀ-ਮਾਲਕ ਰੋਪੇ, ਜ਼ੋਰ ਕਮਾਣਾ ਸ਼ੈਂਸ਼ ਦੇ,
ਫਲਦਾਰ ਬੂਟੇ ਪੱਟ ਗਿਆ, ਬਾਂਦਰ ਬਾਗ ਅਸ਼ੋਕ ਦੇ।

ਰਾਜਾ ਬਾਂਦਰ ਪੈ ਗਿਆ ਖਿਲਮੇਂ, ਪੰਦੂ ਬੇਰ ਅੰਜੀਰਾਂ ਮਿਲਮੇਂ,
ਮੇਰੇ ਉੱਠਣ ਭਭੂਕੇ ਦਿਲ ਮੇਂ, ਉਸਨੂੰ ਵੈਣ ਉਲ੍ਹਾਮਾ ਦੇ,
ਲਾ ਲਾ ਰੀਝਾਂ ਫਾਂਗੇ, ਜਿਤਨੇ ਬ੍ਰਿਛ ਬਦਾਮਾਂ ਦੇ।
ਗਰਕ ਲੁਬਾਣ ਬੁਖਾਰਾ ਆਲੂ, ਬੱਗੂ-ਗੋਸ਼ੇ ਭੇਨ ਕੇ ਸਾਹਲੂ,
ਸਾਨੂੰ ਘੂਰ ਘੂਰ ਕੇ ਫਾਲੂ, ਹਿੱਕ 'ਚ ਗੁਲੇਲਾਂ ਠੋਕਦੇ,
ਫਲਦਾਰ ਬੂਟੇ ਪੱਟ ਗਿਆ ਬਾਂਦਰ, ਬਾਗ ਅਸ਼ੋਕ ਦੇ।

ਘਾੜਾ ਗੁਲਸ਼ਨ ਵਿੱਚ ਪੁਰਦਾ ਐ, ਕਰੜਾ ਬੱਜਰ ਵਾਂਗ ਵਜੂਦ ਐ,
ਛੱਡਦੇ ਜੜੋਂ ਅਨਾਰ ਮਰੂਦ ਐ, ਪੱਟਤੇ ਫੁੱਲ ਕਚਨਾਰ ਜੋ।
ਪੰਦਰਾਂ ਪੰਦਰਾਂ ਗਜ਼ ਦੀ ਖੜਾ ਟਪੂਸੀ ਮਾਰ ਜੇ।
ਭੰਨ ਚਕੋਤਰੇ ਨਿੰਬੂ ਕੇਲੇ, ਪੱਟਕੇ ਵੇਲ ਅੰਗੂਰਾਂ ਖੋਲੇ,
ਬੇਰਕਾਂ ਕੱਢਦਾ ਤੇ ਛੇੜ ਪੋਲੇ, ਔਗਿਊਂ ਸਮਝ ਸਲੋਕ ਦੇ।
ਫਲਦਾਰ ਬੂਟੇ ਪੱਟ ਗਿਆ ਬਾਂਦਰ, ਬਾਗ ਅਸ਼ੋਕ ਦੇ।

ਮਾਲੀ ਰੋ ਰੋ ਕਰਦਾ ਗੱਲਾਂ, ਪੱਟ-ਪੱਟ ਕੱਢੀਆਂ ਕਰੀਆਂ ਵੱਲਾਂ,
ਦਿੱਤੀਆਂ ਪਾੜ੍ਹ ਵਿਚਾਲਿਉਂ ਅੱਲਾਂ, ਤਰ੍ਹਾਂ ਬਣਿਛੇ, ਖੀਰੇ ਪਏ;
ਰੁਲਦੇ ਫਿਰਨ ਖਰਬੂਜ਼, ਰੋਣੇ ਸੁਰਖ ਮਤੀਰੇ ਪਏ।
ਪਲ ਨਾ ਦਿੱਥ ਬਾਂ ਟਿਕਣ ਬਹਿੰਦਾ, ਰੁੱਖ ਨੂੰ ਰੂਕੀਆਂ ਬਰ-ਕਰ ਪੈਂਦਾ,

'ਬਾਬੂ' ਉਹ ਨਾ ਮਗਰੋਂ ਲਹਿੰਦਾ, ਚਿੰਬੜਿਆ ਵਾਂਗੂ ਜੋਂਕ ਦੇ।
ਫਲਦਾਰ ਬੂਟੇ ਪੱਟ ਗਿਆ ਬਾਂਦਰ ਬਾਗ਼ ਅਸ਼ੋਕ ਦੇ।

॥ਦੋਹਿਰਾ॥

ਸੱਦ ਲਿਆ ਅੱਛੂ ਰੈਣ ਨੇ, ਵਾਜ ਮਾਰਕੇ ਕੋਲ।
ਜਾਹ ਬਾਂਦਰ ਨੂੰ ਗੋਹਰ ਦੇ, ਬਾਗ਼ ਅਸ਼ੋਕੋਂ ਦੌੜ।

ਮੁਖੰਦ ਛੰਦ—21

ਅੱਛੂ ਨੂੰ ਰੈਣ ਨੇ ਅਵਾਜ਼ ਮਾਰਲੀ,
ਰੈਜਦੇ ਨਾ ਖਾਂਦੇ ਲਈ ਖ਼ਬਰ ਬਾਹਰਲੀ।
ਮਾਲੀ ਜੀ ਹਟਾਵੇ ਨਾ ਹਟਾਂਦਿਆਂ ਹਟ ਗਿਆ,
ਜਾਹ ਉੱਥੇ ਸੇਰਾ ਬਾਂਦਰ ਰੁੱਖਾਂ ਨੂੰ ਪੱਟ ਗਿਆ।

ਸਾਹੀ ਗਾਰਡਨ ਮੇਂ ਗਦਰ ਮੱਚਿਆ,
ਬੂਜਨੇ ਦਾ ਲਾਹਦੇ ਅੜਕੌਂਦਾਂ ਰੰਚਿਆ।
ਟਾਹਣੀਆਂ ਛਿਕ੍ਰਾਵੇ ਨਾ ਫਰਾਂਦਿਆਂ ਲੈਂਟ ਗਿਆ,
ਜਾਹ ਉੱਥੇ ਸ਼ੇਰਾ ਬਾਂਦਰ ਰੁੱਖਾਂ ਨੂੰ ਪੱਟ ਗਿਆ।

ਨਾਮ ਕਿਸੇ ਰਾਮ ਦਾ ਜ਼ੁਬਾਨੋਂ ਜਪਦਾ,
ਛਾਲਾਂ ਮਾਰ-ਮਾਰ ਕੇ ਪਲਾਂਟ ਟੱਪਦਾ।
ਮਾਰਦਾ ਟਪੂਸੀਆਂ ਸਮਾਨ ਲੈਂਟ ਗਿਆ,
ਜਾਹ ਉੱਥੇ ਸ਼ੇਰਾ ਬਾਂਦਰ ਰੁੱਖਾਂ ਨੂੰ ਪੱਟ ਗਿਆ।

ਫੁੱਲ ਗੋਭੀ ਪੱਟਕੇ ਕਿਆਰੇ ਤਰਤੇ,
ਮਟਰ ਟਮਾਟਰ ਵੀਰਾਨ ਕਰਤੇ,
ਰੋਤਲੇ ਸ਼ਤਾਬੂੰ ਨਾ ਕਿਨਾਰਾ ਛੱਟ ਗਿਆ,
ਜਾਹ ਉੱਥੇ ਸ਼ੇਰਾ ਬਾਂਦਰ ਰੁੱਖਾਂ ਨੂੰ ਪੱਟ ਗਿਆ।

ਚੋਰ ਲਾਡਾ ਰੋਕ ਵੇਰਿਆਂ ਕਰੂਟਾਂ ਨੂੰ,
ਜਿਹੜਾ ਰੱਦਾ ਰਖੇ ਦੇਖਦਾ ਘਰੂਟਾਂ ਨੂੰ।
ਕੋਟ ਅੱਗੇ ਲੈਂਗਿਆ ਨਸੂੜਾ ਛੱਟ ਗਿਆ,
ਜਾਹ ਉੱਥੇ ਸ਼ੇਰਾ ਬਾਂਦਰ ਰੁੱਖਾਂ ਨੂੰ ਪੱਟ ਗਿਆ।

ਨੈਗਰੇਟਾ ਉੱਪਰ ਲਿਟਾਇਆ ਕੁੜੀ ਦੇ,
ਜਿਹੜੇ ਰੋਗ ਪੈਂਦੇ ਗਏ ਅਜ਼ਾਦ ਭੂਰੀ ਦੇ,
ਦੋਵੇਂ ਨਾਸਾਂ ਨਪੁੰਦਰਾਂ ਰਲਾਕੇ ਵੱਟ ਗਿਆ,
ਜਾਹ ਉਏ ਬੇੜਾ ਬਾਂਦਰ ਰੁੱਖਾਂ ਨੂੰ ਪੱਟ ਗਿਆ।

'ਬਾਬੂ' ਫਲ ਰਸੇ ਦੇ ਤਮਾਮ ਝਾੜ੍ਹ ਤੇ,
ਮਾਰੀ ਬੇਲਦਾਰਨੀ ਚਲਾਕੇ ਬਾੜ ਤੇ,
ਮਾਲਣ ਗਰੀਬਣੀ ਦੇ ਮਾਰ ਸੱਟ ਗਿਆ,
ਜਾਹ ਉਏ ਬੇੜਾ ਬਾਂਦਰ ਰੁੱਖਾਂ ਨੂੰ ਪੱਟ ਗਿਆ।

॥ਦੋਹਿਰਾ॥

ਉਹ ਹਰਚੰਦ ਲੰਕੇਸ਼ ਦਾ, ਵਡਾ ਬਹਾਦਰ ਜੁਆਨ।
ਮਾਲੀ ਦੇ ਨਾਲ ਰਲ ਗਿਆ, ਚੁੱਕਕੇ ਤੀਰ ਕਮਾਨ।

**ਮੁਕੰਦ ਛੰਦ—22**

ਜਦੋਂ ਵਾਜ ਪਈ ਬੰਨ 'ਚ ਪੁੰਤਰ ਦੇ,
ਚੰਚਲੀ ਕਮਾਨ ਮਹਿਲਾਂ 'ਚੋਂ ਉੱਤਰ ਕੇ,
ਦਮ-ਦਮ ਮਾਰਦਾ ਜ਼ਿਮੀ ਤੇ ਅੱਡੀ ਗਿਆ,
ਅੱਛਰੂ ਦੇ ਬਾਂਦਰ ਘਰੂਟ ਵੱਢੀ ਗਿਆ।

ਨੇੜੇ ਜਾ ਕੇ ਲੱਗਾ ਗਿਆ ਕਸਣ ਤੰਦੀਆਂ,
ਘੁਰ-ਘੁਰ ਕਰਕੇ ਚੜ੍ਹਾਉਂਦਾ ਦੰਦੀਆਂ।
ਲਾਲ ਆਨੇ ਦੂਰ ਥੋਂ ਸੰਗੂਰ ਟੋਣੀ ਗਿਆ,
ਅੱਛਰੂ ਦੇ ਬਾਂਦਰ ਘਰੂਟ ਵੱਢੀ ਗਿਆ।

ਚੌਹਾਂ ਪੰਜਾਂ ਰੁੱਖਾਂ ਦੇ ਉੱਤੋਂ ਦੀ ਟੱਪਕੇ,
ਕੰਜਰੂ ਦੀ ਸੂਰਤ ਡਰਾਣੀ ਨੱਪਕੇ,
ਤਾੜ-ਤਾੜ ਮੂੰਹ ਤੇ ਚਪੇੜਾਂ ਛੱਡੀ ਗਿਆ,
ਅੱਛਰੂ ਦੇ ਬਾਂਦਰ ਘਰੂਟ ਵੱਢੀ ਗਿਆ।

ਸਾਰੀ ਸੋਟਿਆਂ ਖਿਚਲੀ ਮਰੋੜ ਬਾਹਾਂ ਨੂੰ,
ਧਰਤੀ ਤੇ ਮਾਰਿਆ ਚੁੱਕਕੇ ਉਤਾਹਾਂ ਨੂੰ,
ਜਰੜ-ਜਰੜ ਜਰਕੇਂਦਾ ਹੱਡੀ ਗਿਆ,
ਅੱਛਰੂ ਦੇ ਬਾਂਦਰ ਘਰੂਟ ਵੱਢੀ ਗਿਆ।

ਛੌਰਤਾ ਖਿਚਾਲਿਉਂ ਧਰ ਲੈੜ-ਲੈਂਤ ਤੋਂ,
ਦਗੀ ਜਾਂਦੇ ਪਿੱਛੇ 'ਚੋਂ ਧਲਾਣੇ ਰੰਤ ਦੇ।
ਭੇਜ ਧੰਸਾ ਹਿੱਕ ਤੇ ਵਿਖਾਲੇ ਰੌਂਗੋ ਗਿਆ,
ਅੱਛਰੂ ਦੇ ਸ਼ਾਂਦਰ ਘਰੂਟ ਵੱਢੀ ਗਿਆ।

ਸ਼ੋਰ-ਸ਼ੋਰ ਕਰਤਾ ਲੜਾਕਾਂ ਸ਼ਾਹਿਨ ਦਾ,
ਮੌਲਾ ਰੱਜ ਪੀਤਾ ਸ਼ਾਹ-ਰਗਾਂ 'ਚੋਂ ਧੌਣ ਦਾ,
ਮਾਰੇ ਖੜ੍ਹਾ ਬੈਠਕਾਂ ਦਲੇਰ ਕੱਢੀ ਗਿਆ,
ਅੱਛਰੂ ਦੇ ਬਾਂਦਰ ਘਰੂਟ ਕੈਂਢੀ ਗਿਆ।

'ਬਾਬੂ' ਸ਼ੈਰੀ ਬਣੀ ਕਸਟ ਬਲਾਸ ਸੀ,
ਬੈਠਾ ਸ਼ੇਰ ਖਾਨ ਹੈ ਹਮਾਰੇ ਪਾਸ ਜੀ।
ਅਲੀ ਸਰਦਾਰ ਖੰਡਣ ਕਬੱਡੀ ਗਿਆ,
ਅੱਛਰੂ ਦੇ ਬਾਂਦਰ ਘਰੂਟ ਵੱਢੀ ਗਿਆ।

## ਬੈਂਤ—23

ਮਰਿਆ ਪੁੱਤ ਦਸੌਂਧਗੀ ਰੋਣ ਤਾਹਿਗੀ, ਕਰਨਹਾਰ ਦਾਂ ਥਰੋਂ ਫੈਲਵਾਦ ਹੋਣਾਂ।
ਤੈਨੂੰ ਬਖ਼ਸ਼ਿਆ ਦੀਪ ਸਵਰਨ ਦਾ ਜੀ, ਤਿੰਨ ਲੱਖ ਦੇ ਨੰਗੇ ਔਲਾਦ ਹੋਣਾਂ।

ਪਾਲਣਹਾਰ ਦਤਾਰ ਬੇਅੰਤ ਕੋਲੋਂ, ਕੋਈ ਮੰਗਲੈ ਹੋਰ ਮੁਰਾਦ ਰੋਣਾ।
ਬਹੁ ਰੌਂਗੋਆ ਤੈਂਕ ਅਕਾਬ ਉੱਤੇ, ਘਟਣਾ ਲੱਗਜੇਂਗਾ ਇੰਦ੍ਰ ਬਾਦ ਹੋਣਾਂ।

ਪਤੀ ਸੁੱਤੀਆਂ ਬਲਾ ਜਗਾਲੀਆਂ ਨੂੰ, ਐਸੀ ਹੋਈ ਨਾ ਆਦਿ ਜੁਗਾਦਿ ਰੋਣਾਂ।
ਵੰਸ਼ ਕੱਲ੍ਹ ਕੀ ਚੰਦ ਚੜ੍ਹਾ ਲਿਆ ਤੂੰ, ਨਵਾਂ ਲੈਕ ਗਿਆ ਪਾਉਣ ਅਨਾਦ ਹੋਣਾਂ।

ਲਿਆਇਆ ਚੱਕ ਗਰੀਬਣੀ ਸਾਧਣੀ ਨੂੰ, ਪਿੱਛੇ ਵਿਲਕਦੇ ਹੋਣਗੇ ਸਾਧ ਰੋਣਾਂ।
ਕੂੰਜ ਵਾਂਗ ਵਖਰੇਂਦ ਕੁਰਲਾਂਵਦੀ ਐ, ਰੋਈ ਜਾਵੇ ਨਾ ਫਰੋ ਪ੍ਰਸਾਦ ਹੋਣਾਂ।

ਹਾਹਾਂ ਸਿਧੀਆਂ ਜਾਂਦੀਆਂ ਅਰਸ਼ ਉੱਤੇ, ਰੱਬ ਦੁਖੀ ਦੀ ਸੁਣੇ ਫਰਿਆਦ ਹੋਣਾਂ।
ਜਿਵੇਂ ਫਿਰੇਂ ਉਜਾੜਦਾ ਉੱਜੜਿਆਂ ਨੂੰ, ਏਵੇਂ ਹੋਵੇਂਗਾ ਆਪ ਬਰਬਾਦ ਹੋਣਾਂ।

ਰੋਕ ਲੈਣਗੇ ਲੂਕੇ ਨੂੰ ਅੰਦਰੇ ਜੀ, ਵੱਜਣ ਆਣ ਸਮੁੰਦਰ ਤੇ ਨਾਦ ਹੋਣਾ।
ਖਪ ਜਾਊਗਾ ਕੁੱਲ ਪ੍ਰੀਵਾਰ ਤੇਰਾ, ਏਥੇ ਖੇਣਗੇ ਸਖ਼ਤ ਫ਼ਸਾਦ ਹੋਣਾ।

ਦਸੇ ਸੀਸ ਤਲਵਾਰ ਸੇ ਲਾਹੁਣਗੇ ਜੀ, ਲੈ ਲੀਂ ਸੀਤਾ ਚੁਰਾਈ ਦਾ ਸੁਆਦ ਹੋਣਾ।
ਉਹਨੂੰ ਆਵਣੀ ਰੋਕ ਕੰਗਾਲ ਨੂੰ ਜੀ, ਜੀਹਦਾ ਵੱਢ ਲਿਆ ਰਾਤ ਸ਼ਮਾਦ ਹੋਣਾ।

ਤੈਨੂੰ ਫੂਕਣਗੇ ਲੋਕ ਹਰੇਕ ਗਾਉਂਦੇ, ਤੇਰੀ ਬਣੂੰ ਨਾ ਕਿਤੇ ਸਮਾਧ ਹੋਣਾ।
'ਬਾਬੂ' ਹੋਵੇ ਜਹਾਨ ਵਿੱਚ ਦੁਰਦਸ਼ਾ ਜੀ, ਮੇਰੀ ਗੱਲ ਤੂੰ ਪਿਛਲੀਂ ਯਾਦ ਹੋਣਾ।

॥ਦੋਹਿਰਾ॥
ਹਨੂੰ ਪਕੜ ਲਿਆ ਫੌਜ ਨੇ, ਪੁੱਛਦੇ ਰੋਣ ਵਜ਼ੀਰ।
ਕਿਹੜੀ ਮੌਤ ਇਹਨੂੰ ਮਾਰੀਏ, ਤੂੰ ਹੀ ਦੱਸ ਤਦਬੀਰ।

ਕਬਿੱਤ ਛੰਦ—24
ਅੱਛੂ ਨੂੰ ਮਾਰਤਾ ਨਹੁੰਆਂ ਦੀ ਨੋਕ ਸੇ,
ਘੇਰਿਆ ਪਾ ਕੇ ਫੜ੍ਹਿਆ ਚਮਨ ਅਸ਼ੋਕ ਸੇ,
ਫਾਤੂ-ਫਾਤੂ ਬੋਲੇ ਕੰਮ ਕੀ ਕਰਨ ਦੇ;
ਕਾਲੇ ਸਿਆਹ ਬਣਾਤੇ ਭਵਨ ਸਵਰਨ ਦੇ।

ਕਿਵੇਂ ਮਰੇ ਪੁੱਛਿਆ ਬਾਦਸ਼ਾਹ-ਵਜ਼ੀਰਾਂ ਨੇ,
ਵਲੋ ਮੇਰੀ ਪੂਛ ਦੇ ਉਦਾਲੇ ਲੀਰਾਂ ਨੇ।
ਹਨੂੰਮਾਨ ਦੱਸਦਾ ਤਰੀਕੇ ਮਰਨ ਦੇ,
ਕਾਲੇ ਸਿਆਹ ਬਣਾਤੇ ਭਵਨ ਸਵਰਨ ਦੇ।

ਫੂਕਦੇ ਤੇ ਗੁੱਛੀਆਂ ਘਰਾਊਂ ਕੀ ਲਿਆ,
ਟਾਕੀਆਂ ਵਲ੍ਹੇਟ ਤੇਲ 'ਚ ਡੁਬੋ ਲਿਆ,
ਲਾਤੀ ਅੱਗ ਸੋਚਣੀ ਖਸਾਕੇ ਫਰਨ ਦੇ,
ਕਾਲੇ ਸਿਆਹ ਬਣਾਤੇ ਭਵਨ ਸਵਰਨ ਦੇ।

ਰਾਵਣ ਦੇ ਮੰਦਰ ਸੁਨਹਿਰੀ ਸੱਜਦੇ,
ਸੂਰਜ ਦੇ ਵਾਂਗ ਚਿਲਕਾਰੇ ਵੱਜਦੇ।
ਗੋਲਕ ਦੇਗਣ ਜਿਉਂ ਭੂਪਾਲ ਬਰਨ ਦੇ,
ਕਾਲੇ ਸਿਆਹ ਬਣਾਤੇ ਭਵਨ ਸਵਰਨ ਦੇ।

ਚੜ੍ਹਗੇ ਅਕਾਸ਼ ਨੂੰ ਚੰਗਿਆੜੇ ਭੁਕਦੇ,
ਹਿੰਗਾਰੇ ਤੇ ਜਾਲੀਆਂ ਬਲਸ ਫੂਕਦੇ।
ਅੱਗ ਦੀਆਂ ਬਾਰਬਾਂ ਅਕਾਸ਼ੀਂ ਵਧੂਨ ਦੇ,
ਕਾਲੇ ਸਿਆਹ ਬਣਾਤੇ ਭਵਨ ਸਵਰਨ ਦੇ।

ਧੂਏਂ ਨੇ ਝਲੂਟੀਆਂ ਕੰਧਾਂ ਹੋਈਆਂ ਕਾਲੀਆਂ,
ਪਲ ਵਿੱਚ ਖੰਗਾਰ ਬਣਾਕੇ ਢਾਹ ਲੀਆਂ।
ਚੰਦ ਜਿਉਂ ਕਲੰਕ ਨਾਲ ਹੋ ਗਿਆ ਗਰਨ ਦੇ,
ਕਾਲੇ ਸਿਆਹ ਬਣਾਤੇ ਭਵਨ ਸਵਰਨ ਦੇ।

ਦੇਖਕੇ ਅਸੂਲ ਚੰਗੇ ਰਾਜਨੀਤੀ ਦੇ,
ਚੰਗੂ ਲੈ ਲੂ ਸੁਆਦ ਕਰਤੂਤ ਕੀਤੀ ਦੇ,
ਰਾਮ ਪਿੱਛੇ ਲੱਗ ਗਿਆ, ਬਣਾਉਟੀ ਹਰਨ ਦੇ,
ਕਾਲੇ ਸਿਆਹ ਬਣਾਤੇ ਭਵਨ ਸਵਰਨ ਦੇ।

ਪੁੱਛਕੇ ਤੇ ਹਾਲ ਮਾਤਾ ਸੀਤਾ ਰਾਣੀ ਦੇ,
ਮਾਰਦਾ ਛਲਾਂਗ ਵਿੱਚ ਜਾ ਕੇ ਪਾਣੀ ਦੇ।
'ਰਜਬਲੀ' ਤਪਿਆ ਵਿਆ ਸਰੀਰ ਠਰਨ ਦੇ,
ਕਾਲੇ ਸਿਆਹ ਬਣਾਤੇ ਭਵਨ ਸਵਰਨ ਦੇ।

## ਬੈਤ—25

ਅੰਗਦ ਆ ਗਿਆ ਫੇਰ ਸਫ਼ੀਰ ਬਣਕੇ, ਰੈਣ ਬੋਲਦਾ ਬੋਲ ਨਘੋਰ ਦਾ ਜੀ।
ਬਾਲੀ ਵੀਰ ਦੀ ਖਿਦ ਭਤੀਜ ਮੇਰਾ, ਰੰਜ ਕਰੀਂ ਨਾ ਗੱਲ-ਗਲੋਰ ਦਾ ਜੀ।

ਬਣੇ ਨੌਕਰੀ ਪਿਤਾ ਦੇ ਕਾਤਲਾਂ ਦੀ, ਜੂਠੇ ਦੋਜਕੇਂ ਫਿਰੇ ਖਰੋਚਦਾ ਜੀ।
ਜੀਹਨੇ ਵੱਢਿਆ ਬਾਪ ਦਾ ਰੰਦਲਾ ਜੀ, ਉਹਦੀ ਸੀਤਾ ਮੁੜਾਉਣੀ ਲੋਚਦਾ ਜੀ।

ਮੈਥਾ ਲੱਗਿਆ ਫੇਰ ਦੇ ਜੀਊਂਦਾ ਕਿਉਂ, ਐਂਵੀ ਬਾਤ ਗਿਆਨ ਦੀ ਸੋਚਦਾ ਜੀ।
ਮਰਜਾਂ ਜਹਿਰ ਖਾ ਕੇ, ਬੇਗੈਰਤਾ ਤੂੰ, ਗੱਲਾਂ ਮਿੱਠੀਆਂ ਮਾਰਕੇ ਪੋਚਦਾ ਜੀ।

ਜਾ ਕੇ ਲੱਖਣ, ਰਘੁਬੀਰ ਦੇ ਨਾਲ ਲੜਕੇ, ਪੈਰ ਵਿੱਚ ਮੈਦਾਨ ਦੇ ਪੋਰਦਾ ਜੀ।
ਜੇ ਤੂੰ ਖਿਦ ਸਦਾਵਦਾ ਸੂਰਮੇ ਦੀ, ਉਹਦੀ ਇੱਕ ਤਲਵਾਰ ਤਾਂ ਬੋਚਦਾ ਜੀ।

ਆ ਕੇ ਮੱਛੀਆਂ ਟੋਲਦਾ ਟਿੱਬਿਆਂ 'ਚੋਂ, ਫਿਰੇ ਮਾਸ ਮੁਰਦਾਰ ਦਾ ਲੋਚਦਾ ਸੀ।
'ਰੰਗਬਲੀ ਖਾਂ' ਛਰੇਂ ਬਲੂੰਗੜਿਆਂ ਤੋਂ, ਫੜੇਂ ਚੀਚਰ ਗਿਆ ਉੱਠ ਬਲੀਚ ਦਾ ਜੀ।

॥ ਦੋਹਿਰਾ ॥

ਅੰਗਦ ਕਸੇ ਲੰਗੋਟ ਨੂੰ, ਰਾਖਸ਼ ਰਹਿਗੇ ਦੰਗ।
ਗਈ ਕਿਸੇ ਬਲਵਾਨ ਤੋਂ, ਨਹੀਂ ਉਠਾਈ ਟੰਗ।

## ਮੁਖੰਮਦ ਛੰਦ-26

ਰਾਮ ਦਾ ਲੰਕੇਸ਼ ਨੂੰ ਸਿੱਖਿਆ ਦਿਆ ਦੱਸਕੇ,
ਖੜ੍ਹ ਗਿਆ ਕਚਹਿਰੀ 'ਚ ਲੰਗੋਟ ਕੱਸ ਕੇ।
ਦੇਖਕੇ ਕਚਹਿਰੀ ਹੋ ਬਥੇਰਾ ਦੰਗ ਗਈ,
ਚੱਕੀ ਨਾ ਕਿਸੇ ਤੋਂ ਅੰਗਦ ਦੀ ਟੰਗ ਗਈ।

ਪਹਿਲਾਂ ਤਾਂ ਨਰਾਂਤਕ ਉਠਾਉਂਦਾ ਹੰਭ ਗਿਆ,
ਇੰਚ ਨਾ ਵਿਚ ਖਿਸਕਾਇਆ ਪੱਬ ਗਿਆ।
ਆ ਗਿਆ ਪਸੀਨਾ ਤੇ ਬਦਲ ਰੰਗ ਗਈ,
ਚੱਕੀ ਨਾ ਕਿਸੇ ਤੋਂ ਅੰਗਦ ਦੀ ਟੰਗ ਗਈ।

ਫੇਰ ਅਜੀ ਕੇਤ ਚਿੰਬੜ ਗਿਆ ਲੱਤ ਨੂੰ,
ਲੱਚਾ ਹੋ ਗਿਆ ਮੁੜ ਗਿਆ ਲਹਾਕੇ ਪੱਤ ਨੂੰ।
ਚੜ੍ਹੀ ਸੀ ਹੰਕਾਰ ਦੀ ਉੱਤਰ ਭੰਗ ਗਈ,
ਚੱਕੀ ਨਾ ਕਿਸੇ ਤੋਂ ਅੰਗਦ ਦੀ ਟੰਗ ਗਈ।

ਮੇਘ ਨੂੰ ਦਲੇਰੀ ਦਾ ਵਡੇਰਾ ਬਾਹਲਾ ਸੀ,
ਹਾਰ ਜਾਂਦਾ ਇੰਦਰ ਜਿੱਤਣ ਵਾਲਾ ਸੀ।
ਸੁਣੀਂ ਦੂਰ ਤੀਕਰਾਂ ਧੰਗੂਰਾ ਖੰਘ ਗਈ,
ਚੱਕੀ ਨਾ ਕਿਸੇ ਤੋਂ ਅੰਗਦ ਦੀ ਟੰਗ ਗਈ।

ਖੋਤ ਨੇ ਤੇਜ਼ੋਰਾ ਮਾਰਿਆ ਲੱਤ ਫੜ੍ਹ ਸੀ,
ਕਹਿੰਦਾ ਜਾ ਕੇ ਚੱਕ ਰੋਟੀਆਂ ਦੀ ਜੜ੍ਹ ਸੀ।
ਹਿਲਦੀ ਹਿਲਾਈ ਨਾ ਦਿਹਾੜੀ ਲੰਘ ਗਈ,
ਚੱਕੀ ਨਾ ਕਿਸੇ ਤੋਂ ਅੰਗਦ ਦੀ ਟੰਗ ਗਈ।

ਗੁੱਸਾ ਖਾ ਕੇ ਉੱਠਿਆ ਲੰਕੇਸ ਗੁਰਰਾ,
ਫੜੇ ਹੱਥ ਪੈਰੀਂ ਲਾਵੀਂ ਨਾ ਬਜ਼ੁਰਗਾ।
ਫੇਰ ਟੀ ਵੀ ਜਾਨ ਹੋ ਬਚੇਗੀ ਤੇਰਾ ਗਈ,
ਚੱਕੀ ਨਾ ਕਿਸੇ ਤੋਂ ਅੰਗਦ ਦੀ ਟੰਗ ਗਈ।

'ਰੰਜਬਲੀ' ਹੋ ਗਿਆ ਰਾਵਣ ਬਚੂਚ ਜੀ,
ਏਣਾ ਰਘੁਬੀਰ ਨਾ ਵਜ਼ਨ ਜੂਕ 'ਚ ਜੀ।
ਮੋੜਦਾ ਨਾ ਸੀਤਾ ਹੀ ਜ਼ਰੂਰ ਸੰਗ ਗਈ,
ਚੱਕੀ ਨਾ ਕਿਸੇ ਤੋਂ ਅੰਗਦ ਦੀ ਟੰਗ ਗਈ।

॥ਦੋਹਿਰਾ॥

ਅੰਗਦ ਦੇ ਹੱਥ ਮੋੜਦਾ, ਰਾਵਣ ਲਿਫ਼ਾਫ਼ਾ ਮੋੜ।
ਲੈ ਜਾ ਯੁੱਧ ਦਾ ਟਾਕਰਾ, ਹੋਰ ਸਭੀ ਕੰਮ ਛੋੜ।

## ਮੁਕੰਦ ਛੰਦ—27

ਰਾਮ ਨੂੰ ਲੰਕੇਸ ਨੇ ਜਵਾਬ ਲਿਖਿਆ,
ਗੋਂਦਣ ਰੋਮਕੀਆ ਕਿੰਨ੍ਹਾ ਤੇ ਸਿੱਖਿਆ।
ਵਿਹੂੰਡ ਸੂਰ ਅੰਣ ਦੀ ਰੁਮ੍ਹਾਰੀ ਦਿਉਂ ਦੀ ਨੀ,
ਆਗੀ ਹੱਥ ਰੋਣ ਦੇ, ਜਨਾਨੀ ਥਿਆਉਂਦੀ ਨੀ।

ਸਵਾ ਲੱਖ ਪੋਤਰੇ ਪੁੱਤਰ ਲੱਖ ਸੀ,
ਅਹੀ ਰੋਣ ਜੈਸੇ ਸੂਰਮਿਆਂ ਦਾ ਪੱਖ ਸੀ,
ਲੈ ਗਿਆ ਵੈਰ ਰੋਣ ਦਾ ਭੁੱਲੀ ਚੀ ਮਿਉਂਦੀ ਨੀ,
ਆਗੀ ਹੱਥ ਰੋਣ ਦੇ, ਜਨਾਨੀ ਥਿਆਉਂਦੀ ਨੀ।

ਪਹਿਲਾਂ ਕੁੰਭਕਰਨ ਨੂੰ ਜਿਮੀਂ ਤੇ ਲੇਟਾਵੇ,
ਸੀਤਾ ਲੈਸੈਂ ਟੁੱਕੜੇ ਬਣਾਕੇ ਮੇਘ ਦੇ।
ਮੋੜ ਸਣੇ ਜਿੰਦ ਨੇ ਗਵਾਉਂਦਾ ਕਿਉਂ ਦੀ ਨੀ,
ਆਗੀ ਹੱਥ ਰੋਣ ਦੇ, ਜਨਾਨੀ ਥਿਆਉਂਦੀ ਨੀ।

ਰੋਣ ਸੌਖਾ ਲਿਖੜਾ ਜਵਾਬ ਰਾਮ ਨੂੰ,
ਦਿਲ ਤੋਂ ਭੁਲਾਦੇ ਜਾਨਕੀ ਦੇ ਨਾਮ ਨੂੰ।

ਹੱਥੀਂ ਸੀਤਾ ਮੋੜਕੇ ਫਸਾਉਂਦੇ ਜਿਉਂਦੀ ਨੀ,
ਆਗੀ ਹੱਥ ਰੰਨ ਦੇ, ਜਨਾਨੀ ਖਿਆਉਂਦੀ ਨੀ।

ਜੇ ਤੂੰ ਰੱਖ ਦੇਵੇਂ ਹਿਕ ਤੇ ਅੰਗਿਆਰੀ ਵੀ,
ਮੋੜਦੇ ਪਿਛਾਂਹ ਨਾ ਜੁਬਾਨ ਮਾਰ-ਮਾਰੀ ਵੀ।
ਜਦੋ ਤੇਗ ਰੱਖ ਸ਼ਾਹ-ਰਗਾਂ ਦੀ ਚਿਉਂਦੀ ਨੀ,
ਆਗੀ ਹੱਥ ਰੰਨ ਦੇ, ਜਨਾਨੀ ਖਿਆਉਂਦੀ ਨੀ।

ਲੋਹੇ ਨਾਲ ਲੜੂ ਕੀ ਬਰੀਕਾ ਲੈਂਬੜੀ,
ਲੋਟੂ ਕੂੰਜ ਬਾਜ਼ ਦੇ ਪੰਜੇ 'ਚੋਂ' ਪਕੜੀ।
ਵਲ਼ ਫਰਮਾਹ ਨੂੰ ਤੇ ਜੰਦੋਰਾ ਪਿਉਂਦੀ ਨੀ,
ਆਗੀ ਹੱਥ ਰੰਨ ਦੇ, ਜਨਾਨੀ ਖਿਆਉਂਦੀ ਨੀ।

ਦੂਰ ਤੋਂ ਖੜੋਤੇ ਤਲਵਾਰਾਂ ਕੋਸਦੇ,
ਜ਼ੋਰ ਲਾਲੋ ਏਥੇ ਨਾ ਜੁਲਾਹੇ ਦੱਸਦੇ।
'ਰਜਬਲੀ' ਸੜੀ ਰਾਖਸ਼ਾਂ ਦੀ ਨਿਉਂਦੀ ਨੀ।
ਆਗੀ ਹੱਥ ਰੰਨ ਦੇ, ਜਨਾਨੀ ਖਿਆਉਂਦੀ ਨੀ।

॥ਦੋਹਿਰਾ॥

ਸਮਝਾਉਂਦੇ ਥੱਕ ਮੰਤਰੀ, ਮੰਨਦਾ ਨਹੀਂ ਲੰਕੇਸ਼।
ਨਹੀਂ ਜਨਾਨੀ ਮੋੜਦਾ, ਪਾ ਕੇ ਹਟੂ ਕਲੇਸ਼।

**ਮੁਕੰਦ ਛੰਦ—28**

ਛੱਡਿਆ ਵੈਰ ਅੱਗੋਂ ਵਾਗਾਂ ਨਾ ਸਿੱਧੀ ਆ,
ਨਾਂਹ-ਨਾਂਹ ਕਰੀ ਜਾਂਵਦਾ ਲੰਕੇਸ਼ ਜਿੱਦੀ ਆ।
ਸ਼ੀਹਦੇ ਆਖੇ ਲੱਗਦਾ ਗੁਰੂ ਦਾ ਮਾਰਿਆ ਗਿਆ,
ਮੰਨੇ ਨਾ ਕਿਸੇ ਦੀ ਰਾਵਣ ਹੰਕਾਰਿਆ ਗਿਆ।

ਬੋਲਦੇ ਵਜ਼ੀਰ ਉੱਚੀ ਜੋਸ਼ ਨਾਲ ਨਾ,
ਚਾਹੀਦਾ ਸਗਾਹਨਾਂ ਉਤਾਰਾਂ ਨਾਲ ਨਾ,
ਚੱਕ ਲਿਆਇਆ ਜਾਨਕੀ ਧਰਮ ਹਾਰਿਆ ਗਿਆ,
ਮੰਨੇ ਨਾ ਕਿਸੇ ਦੀ ਰਾਵਣ ਹੰਕਾਰਿਆ ਗਿਆ।

ਹੱਥ ਬੰਨ੍ਹ ਪੈਰੀਂ ਡਿੱਗਾ ਵੇ ਭਭੀਸ਼ਣ ਜੀਂ,
ਲੱਤ ਮਾਰ ਲੰਗ ਗਿਆ ਦੰਦਾਂ ਨੂੰ ਪੀਸਣ ਜੀਂ।
ਟਲਦਾ ਨਾ 'ਨੱਥ' ਭੌਣ ਦਾ ਉਤਾਰਿਆ ਪਿਆ,
ਮੰਨੇ ਨਾ ਕਿਸੇ ਦੀ ਰਾਵਣ ਹੰਕਾਰਿਆ ਪਿਆ।

ਮੋਹਰੇ ਦੇ ਮੰਦੋਦਰੀ ਬਥੇਰਾ ਵਰਜੇ,
ਬੱਦਲਾਂ ਦੇ ਵਾਂਗਰਾਂ ਲੰਕੇਸ਼ ਗਰਜੇ,
ਮੂੰਹ ਤੇ ਪੰਜਾ ਮਾਰੇ ਜ਼ੋਰ ਸੇ ਉਲਾਰਿਆ ਪਿਆ,
ਮੰਨੇ ਨਾ ਕਿਸੇ ਦੀ ਰਾਵਣ ਹੰਕਾਰਿਆ ਪਿਆ।

ਅੰਗਦ ਸਫ਼ੀਰ ਬਣਕੇ ਤੇ ਆ ਰਿਹਾ,
ਜਾਵੇ ਇੱਕੇ ਲੱਤ ਤੇ ਸੀ ਸਮਝਾ ਰਿਹਾ।
ਢਹਿਜੂਗਾ ਬੁਰਜ ਰੇਤ ਦਾ ਉਸਾਰਿਆ ਪਿਆ,
ਮੰਨੇ ਨਾ ਕਿਸੇ ਦੀ ਰਾਵਣ ਹੰਕਾਰਿਆ ਪਿਆ।

ਹਨੂੰਮਾਨ ਤਾਈਂ ਰਾਮ ਜੀ ਘਲਾ ਗਿਆ,
ਫਲ ਖਾਣਾਂ ਮੰਗਦਾ ਜੁਆਨ ਆ ਗਿਆ।
ਪੱਟ ਗਿਆ ਅਸ਼ੋਕ ਬਾਗ਼ ਵਡਕਾਰਿਆ ਪਿਆ,
ਮੰਨੇ ਨਾ ਕਿਸੇ ਦੀ ਰਾਵਣ ਹੰਕਾਰਿਆ ਪਿਆ।

ਸੀ ਫਿਰੋਜ਼ਪੁਰ ਮੇਂ ਗੁਜ਼ਾਰੀ ਉਮਰੀ,
'ਬਾਬੂ' ਰਚਣ ਲੱਗਗੇ 'ਮਿੰਟ ਗੁੰਮਰੀ',
ਤੁਰਗੇ ਜਾਂਦੇ ਅੰਨ ਜਲ ਜਾ ਖਿਲਾਰਿਆ ਪਿਆ,
ਮੰਨੇ ਨਾ ਕਿਸੇ ਦੀ ਰਾਵਣ ਹੰਕਾਰਿਆ ਪਿਆ।

॥ਦੋਹਿਰਾ॥

ਅੰਗਦ ਨੇ ਆ ਕੇ ਦੀਆ, ਨੈਗੇਟਿਵ ਜਵਾਬ।
ਲਛਮਣ ਕਹਿੰਦਾ ਵੀਰ ਨੂੰ, ਕਰੋ ਅਟੈਕ ਸ਼ਤਾਬ।

**ਮੁਖੰਡ ਛੰਦ—29**

ਮਿਲ ਗਿਆ ਜਵਾਬ ਲਛਮਣ ਬੋਲ ਪਿਆ,
ਕਦੇ ਪਸ਼ੂ ਆਵੇ ਨਾ ਪਿਛਾੜੀ ਗੈਲ ਗਿਆ।

ਰਾਖਸ਼ਾਂ ਦੇ ਨਾਲ ਆਪਣਾ ਮਿਲਾਪ ਨੀ,
ਪੋਲੇ ਪੈਰੀਂ ਫਿਰਦੇ ਨੀ ਜ਼ਨਾਨੀ ਆਪਣੀ।

ਰਿਜ਼ਕ ਬਹਾਨੇ ਨੌਕਰੀ ਵਸੀਲੇ ਤੋਂ,
ਦਿਲ ਜਾਨੀ ਮਿਲਦਾ ਪ੍ਰਾਨ ਹੀਲੇ ਤੋਂ।
ਮਰੇ ਬਿਨਾਂ ਮਣੀ ਨੂੰ ਖੁਹੌਂਦਾ ਸਾਪ ਨੀ,
ਪੋਲੇ ਪੈਰੀਂ ਫਿਰਦੇ ਨੀ ਜ਼ਨਾਨੀ ਆਪਣੀ।

ਚੱਲ ਚਮੁਗਿੱਦੜ ਉਡਾਵੇ ਬੇਰਾਂ ਤੋਂ,
ਔਖਾ ਮੋੜਣਾ ਹੁੰਦਾ ਹੈ ਸ਼ਿਕਾਰ ਸ਼ੇਰਾਂ ਤੋਂ।
ਇੱਥ ਵਿੱਚੋਂ 'ਦੱਬ' ਨਾ ਸੁਖਾਲੀ ਟਾਪਣੀ,
ਪੋਲੇ ਪੈਰੀਂ ਫਿਰਦੇ ਨਾ ਜ਼ਨਾਨੀ ਆਪਣੀ।

ਜਦੋਂ ਤੱਕ ਸੀਸ ਨਾ ਉਡਾਉਂਦੇ ਦਾਨੋਂ ਦਾ,
ਮਿਲਦਾ ਨਜ਼ਾਰਾ ਨਾ ਹੁਸਨ ਖਾਨੇ ਦਾ।
ਪੈਰੀਂ ਧੂਣੀ ਜੇਠ ਦੇ ਦੁਪਹਿਰੇ ਤਾਪਣੀ,
ਪੋਲੇ ਪੈਰੀਂ ਫਿਰਦੇ ਨੀ ਜ਼ਨਾਨੀ ਆਪਣੀ।

ਨੱਕ ਵੱਢਿਆ ਉਨ੍ਹਾਂ ਦੀ ਕੁਆਰੀ ਭੈਣ ਦਾ,
ਹੋਣਾ ਖਿਆਲ ਬਦਲਾ, ਅਸਾਂ ਤੋਂ ਲੈਣ ਦਾ।
ਬੁਰਾ ਕੰਮ ਆਪਦੀ ਬੁਰਿਆਈ ਛਾਪਣੀ,
ਪੋਲੇ ਪੈਰੀਂ ਫਿਰਦੇ ਨੀ ਜ਼ਨਾਨੀ ਆਪਣੀ।

ਉਹਨੇ ਰਿਸ਼ੀ ਪਾ ਦਿੱਤੇ ਬਣਾ, ਦੋ ਸੁਪਣੇ,
ਰਾਵਣ ਮਾਰੇ ਬਿਨਾਂ ਨਾ ਕਲੇਸ਼ ਮੁੱਕਣੇ।
ਪਾਪੀ ਮਾਰ ਦੇਸ਼ ਤੋਂ ਮਿਟਾਉਂਦਾ ਪਾਪ ਨੀ।
ਪੋਲੇ ਪੈਰੀਂ ਫਿਰਦੇ ਨੀ ਜ਼ਨਾਨੀ ਆਪਣੀ।

ਤਾਰੇ ਵਿਦਵਾਨਾਂ ਦੇ ਗ੍ਰੰਥ ਲਿਖੇ ਐ।
ਲੋਕਾਂ ਨੇ ਗੁਰਮੁਖੀ ਅੱਖਰ ਸਿੱਖੇ ਐ।
'ਬਾਬੂ ਜੀ' ਪੰਜਾਬੀ ਮੈਂ ਰਮਾਇਣ ਛਾਪਣੀ।
ਪੋਲੇ ਪੈਰੀਂ ਫਿਰਦੇ ਨੀ ਜ਼ਨਾਨੀ ਆਪਣੀ।

॥ਦੋਹਿਰਾ॥
ਲੰਕਾ ਹਿੰਦ ਦੇ ਸਾਹਿਲ ਤੋਂ, ਪੂਰਾ ਬਾਈ ਮੀਲ।
ਬੜੇ ਮਸ਼ਹੂਰ ਇੰਜੀਨੀਅਰ, ਪੁਲ ਬੰਨ੍ਹਦੇ ਨਲ-ਨੀਲ।
ਬਿਗਲ ਵਜਾਤਾ ਰਾਮ ਨੇ, ਸੈਨਾ ਕਰਗੀ ਕੂਚ।
ਕੈਂਪ ਲਗਾਤਾ ਸੂਰਮਿਆਂ, ਜਾ ਰਾਵਣ ਦੀ ਜੂਹ 'ਚ।

**ਦੋ ਭਾਗਾ ਛੰਦ—30**

ਨਵਾਂ ਪੁਲ ਬੰਨ੍ਹਕੇ ਉੱਤੋਂ ਦੀ ਲੰਘਕੇ, ਲਾਏ ਰਾਮ ਚੰਦ ਨੇ ਕਨਾਤ ਜੰਗ ਕੇ।
ਦਾਰਲ ਕਿਨਾਰੇ ਫੌਜ ਸੀ ਲੰਕੇਸ਼ ਦੀ, ਮੇਘ ਨਾਥ ਕਰਦਾ ਕਮਾਨ ਏਸ ਦੀ।

ਚੁੱਣ-ਚੁੱਣ ਜੁਆਨ 'ਚ ਭਰੀ ਦੀ ਬੀਰਤਾ, ਲਕਕੇ ਖ਼ਿਆਲ ਦੇਵਤਿਆਂ ਦਾ ਚੀਰਤਾ।
ਜਾਣੇ ਕਿਸੇ ਖੰਦੀ ਦਾ ਤਰੀਕਾ ਜਾਹਰੀ ਜੀ, ਫੇਦਾ ਇਕ ਮਰੇ, ਸੌ ਮਰਨ ਵੈਰੀ ਜੀ।

ਬਣਕੇ ਦਲੇਰੀ ਦਾ ਨਮੂਨਾ ਸੱਚ ਦਾ, ਆਣ ਰਣ-ਭੂਮੀ 'ਚ ਖਡੋਲਾ ਨੱਚਦਾ।
ਔਨ ਆਗਿਆ ਲੈਲੀ ਲੱਖਣ ਔਤਾਰ ਤੋਂ, ਆਊਣ ਬੰਗਿਆੜੇ ਭੜਦੇ ਕਟਾਰ ਤੋਂ।

ਗੁੰਦਵਾਂ ਸਰੀਰ ਰੇਸ਼ਮ ਦੇ ਲੱਛੇ ਜੇ, ਸਣ-ਸਣ ਉੱਠਦੇ ਗੁਲਾਬੀ ਕੱਛੇ ਜੇ।
ਪੈਰੇ ਆ ਚੜ੍ਹਨ ਨਵੀਆਂ ਜੁਆਨੀਆਂ, ਹੱਥਾਂ 'ਚ ਕਰਨ ਮਚਾਰੇ ਤਦਵਾਨੀਆਂ।

ਲਛਮਣ ਪੈਂਤਰੇ ਬਥੇਰੇ ਬਦਲੇ, ਐਨੇ ਮੇਘ ਮਾਰ ਲਲਕਾਰਾਂ ਸੋਵਲੇ।
ਜਿਵੇਂ ਦੋ ਦਲੇਰ ਸ਼ਿੰਘਲੇ ਸ਼ਿਕਾਰ ਨੂੰ, ਵਾਰੀ ਵਾਰੀ ਲੈਂਗੇ ਕਰਨ ਵਾਰ ਨੂੰ।

ਬਣਾ ਦੇ ਕੰਚਰ ਦਾਰਗਾਂ ਚੰਗਿਆੜਕੇ, ਲੀਰ-ਲੀਰ ਕਰਤੇ ਸਰੀਰ ਪਾੜ੍ਹਕੇ।
ਰੋਣ ਦਾ 'ਪੁੱਤਰ' ਰਾਮ ਜੀ ਦਾ 'ਭਾਈ' ਜੀ, ਇੱਕੋ ਜੇ ਦਲੇਰ ਨਾ ਫ਼ਰਕ ਰਾਈ ਜੀ।

ਲੱਗੇ ਦੇ ਲੜਨ ਪਹੁ ਫੁੱਟੀ ਤੋਂ, ਦੋਰਾਂ ਦੇ, ਲਹੂ ਨਾਲ ਲਿੱਬੜੇ ਸਰੀਰ ਸ਼ੇਰਾਂ ਦੇ।
ਤੀਰਾਂ ਨਾਲ ਹਿੱਕ ਦੇ ਦਵਾਲੇ ਛੇਕ ਪਏ, ਫੁੱਲ੍ਹ-ਫੁੱਲ੍ਹ ਖ਼ੂਨ ਦੇ ਫੁਹਾਰੇ ਦੇ ਲੰਗ ਪਏ।

ਫੂੰ ਦੇ ਵਾਂਗ ਮਾਸ ਦੇ ਫੁਹਾਰੇ ਛੁੱਟੇ ਜੇ, ਲਹਿਕੇ ਸੀਸ ਧੜਾਂ ਤੋਂ ਡਿੱਗਣ ਭੁੰਜੇ ਜੇ।
ਸੂਰਜ ਲਥੈ ਗਿਆ ਮੂੰਹ, ਚੜ੍ਹਿਆ ਚੰਦ ਜੀ, 'ਰੱਜਬਲੀ' ਹੋਗੀ ਐ ਲੜਾਈ ਬੰਦ ਜੀ।

॥ਦੋਹਿਰਾ॥
ਕਰੇ ਲੜਾਈ ਸੂਰਮਾ, ਫਿਰ ਦੂਜੇ ਦਿਨ ਮੇਘ।
ਬਰਛੀ ਮਾਰ ਕ੍ਰੋਧ ਸੇਂ, ਦੇ ਲਛਮਣ ਕੋ ਡੇਗ।

## ਮੁਕੰਦ ਛੰਦ—31

ਸ਼ਸਤਰ ਪਹਿਨਦਾ ਲੜਾਕਾ ਰੰਣ ਦਾ,
ਰੋਕਿਆ ਨਾ ਜਾਵੇ ਅਥਰੇਵਾਂ ਘੋੜ ਦਾ।
ਬਿਜਲੀ ਦੇ ਵਾਂਗ ਝਲਕਾਰੇ ਤੇਗ ਦੀ,
ਚੱਲਗੀ ਲੱਖਣ ਤੇ ਭਵਾਨੀ ਮੇਘ ਦੀ।

ਕੱਦ ਮੇਘ ਨਾਥ ਦਾ ਪਹਾੜ ਜੋੜ ਸੀ,
ਬਾਹਾਂ ਜੋੜ ਟਾਹਣਾਂ ਪਿੱਪਲਾਂ ਦੇ ਪੇੜ ਸੀ।
ਚੰਡੇ ਬਲ ਜਾਣੋਂਦੀ ਮੁਹਾਰ ਵੇਗ ਦੀ,
ਚੱਲਗੀ ਲੱਖਣ ਤੇ ਭਵਾਨੀ ਮੇਘ ਦੀ।

ਚਰਖੀ ਚੱਕਰ ਵਾਂਗੂੰ ਜਾਵੇ ਘੂਕਦੀ,
ਰੋਕ ਲਾ ਲਿਆ ਨਾ ਜਖ਼ਮੋਂ ਭੁੰ ਰੁਕਦੀ।
ਇੰਦਰ ਦੇ ਵਾਂਗ ਸੀ ਜ਼ਿਮੀਂ ਤੇ ਰੇਂਗਦੀ,
ਚੱਲਗੀ ਲੱਖਣ ਤੇ ਭਵਾਨੀ ਮੇਘ ਦੀ।

ਛਾਗੀ ਐ ਸੁੰਦਰ ਮੁੱਖੜੇ ਤੇ ਜ਼ਰਦੀ,
ਸਾਰੀ ਗੱਲ ਹੋਗੀ ਸੀ ਲਹੂ 'ਚ ਵਰਦੀ,
ਭਰੀ ਨਦੀ ਚੱਲਗੀ ਲਹੂ ਦੇ ਵੇਗ ਦੀ,
ਚੱਲਗੀ ਲੱਖਣ ਤੇ ਭਵਾਨੀ ਮੇਘ ਦੀ।

ਤੋਤੇ ਦੇ ਸਮਾਨ ਅੱਖਾਂ ਹੋਈਆਂ ਥੱਕੀਆਂ,
ਇੱਕ ਥਾਂ ਤੇ ਰਹਿਗੀਆਂ ਗਟਾਰੇ ਲੱਗੀਆਂ।
ਹੋਗੀ ਲਾਲ ਰੰਗਤ ਸਫ਼ੈਦ ਰੰਗ ਦੀ,
ਚੱਲਗੀ ਲੱਖਣ ਤੇ ਭਵਾਨੀ ਮੇਘ ਦੀ।

ਲੂੰ ਲੂੰ ਵਿੱਚ ਰਚਗੀ ਘੜੀ 'ਚ ਵਿਸ਼ ਜੀ,
ਜਾਪੂ ਘੜੀ ਪਲ ਨੂੰ ਸਰੀਰ ਖਿਸ ਜੀ,
ਜ਼ਹਿਰ ਰਚੀ ਚਹਿਰ 'ਚ ਭੁੱਖੀ ਪਰੰਗ ਦੀ।
ਚੱਲਗੀ ਲੱਖਣ ਤੇ ਭਵਾਨੀ ਮੇਘ ਦੀ।

ਫਰਕੇ ਨਾ ਅੰਗ ਰਹੀ ਉਮੈਦ ਮਲਕੀ,
ਤੇ ਨਬਜ਼ ਲੈਗਗੀ ਚੱਲਣ ਹਲਕੀ।

ਰਾਖੀ ਪੈਗੀ ਰਾਖੀ ਜਿਉਂ ਪਵੇ ਪਲੰਘ ਦੀ,
ਚੱਲਗੀ ਲੱਖਣ ਤੇ ਭਵਾਨੀ ਮੰਘ ਦੀ।

ਤੀਵੀਂ ਖੁੰਸੀ ਸੱਟ ਸੀ ਭਰਾ ਦੀ ਸੰਗਾਲੀ,
'ਰਜਬਲੀ' ਗਿੱਲ ਭਾਂ ਗਮਾਲੀ ਅਗਲੀ।
ਰਹੀ ਨਾ ਐਤ ਰਾਮ ਦੇ ਦਰੰਗ ਦੀ।
ਚੱਲਗੀ ਲੱਖਣ ਤੇ ਭਵਾਨੀ ਮੰਘ ਦੀ।

॥ ਦੋਹਿਰਾ ॥
ਆਗੀ ਜੰਗ ਵਿੱਚ ਮੂਰਛਾ, ਗਿਰੇ ਪਿਆਰਾ ਵੀਰ।
ਅਕਲ ਟਿਕਾਣੇ ਨਾ ਰਹੀ, ਤੇ ਰੋਂਦੇ ਰਘੁਬੀਰ।

### ਮਨੋਹਰ ਭਵਾਨੀ ਛੰਦ—32

ਸੁਣੀ ਕਹਿਰ ਦੀ ਜਾਂ ਗੱਲ, ਬਣੇ ਕਾਲਜੇ 'ਚ ਸੱਲ, ਟਲੀ ਪੈਗੀ ਤਰਥੱਲ,
ਸੀ ਬਣੂੰਗਾ ਸਿਆਣਿਉਂ, ਰਾਮ ਜੀ ਦੀ ਹਿੱਲੀ ਅਕਲ ਟਿਕਾਣਿਉਂ।
ਵਿੱਚੇ ਬਾਣੀ ਨੇ ਨਿਚੋੜ, ਛੱਜਿਆ ਜਾਵੇ ਸਿਰ ਤੋੜ, ਮੱਥੇ ਨਾਲ ਮੱਥਾ ਜੋੜ।
ਕੁਰਲਾਉਣ ਡਹਿ ਗਿਆ, ਰਘੁਬੀਰ ਵੀਰ ਦੇ ਸਰਾਹਣੇ ਵਹਿ ਗਿਆ।

ਸੁੱਤਾ ਜਾਗਾ ਅੱਖ ਪੱਟ, ਰਵੇ ਪਾਸੇ ਨੂੰ ਪਲੱਟ, ਨਾ ਮੱਥੇ ਤੇ ਪਵੇ ਵੱਟ,
ਨਾ ਖੁੱਲਦ ਬੁੱਲੀਆਂ, ਇੰਝਾਂ ਰਾਮ ਰੋਵਦ ਏ ਅੱਖਾਂ 'ਚੋਂ ਡੁੱਲੀਆਂ।
ਧੰ ਵੰਦਣ ਜੁੜੇ ਵੰਦ. ਬਣਦਾ ਨਾ ਪ੍ਰਬੰਧ, ਛਿਪੇ ਚੌਂਦਵੀਂ ਦਾ ਚੰਦ,
ਨਾ ਵਿਛੋੜਾ ਸਹਿ ਗਿਆ, ਰਘੁਬੀਰ ਵੀਰ ਦੇ ਸਰਾਹਣੇ ਬਹਿ ਗਿਆ।

ਟੇਗ ਟੰਹੇ ਬਾਂਹ ਨੂੰ ਚੁੰਮੇ, ਵੀਰ ਦੇ ਦੁਆਲੇ ਘੁੰਮੇ, ਮੂੰਹ ਜਾ ਲਾਵੇ ਮੂੰਹ ਨੂੰ ਚੁੰਮੇ,
ਤੇ ਸੁਣਾਉਂਦਾ ਵਾਰਾਂ, ਰੋਊ ਗੱਲਾਂ ਕਰਦਾ ਸੁਦਾਈਆਂ ਵਾਂਗਰਾਂ।
ਲਵੇ ਹਿੱਕ ਨਾਲ ਲਾਲੇ, ਨਾਲ ਲਾਸ਼ ਦੇ ਬਨਾਲੇ, ਚਾਹੀਦਾ ਜਾ ਹੁੰਦ ਪਗੂ ਬਾਲੇ,
ਜੋ ਮੂੰਹੋਂ ਤੋਂ ਬਹਿ ਗਿਆ, ਰਘੁਬੀਰ ਵੀਰ ਦੇ ਸਰਾਹਣੇ ਬਹਿ ਗਿਆ।

ਚੋਗਾ ਮੁੜ ਜਾਂਦਾ ਰਾਹੀਂ, ਛਾਹਿਲੇ ਉਨ੍ਹਾਂ ਨੂੰ ਕੀ ਬਾਹੋ, ਵੀਰ ਖਿੱਚ ਕੇ ਤੇ ਬਾਹੋਂ,
ਸਾਹਮਣੇ ਬਹਾ ਲਿਆ, ਕਰ ਗੱਲ ਜਾਨਕੀ ਮੁੜਾਉਣ ਵਾਲਿਆ।
ਮੈਨੂੰ ਜਾਨ ਤੋਂ ਪਿਆਰਾ, ਟੁੱਟੀ ਬਾਂਹ ਵਿਜੋਗ ਭਾਰਾ, ਜਤੀਆਂ ਦਿਆ ਸਰਦਾਰਾ,
ਨਾ ਸਹਾਰਾ ਰਹਿ ਗਿਆ, ਰਘੁਬੀਰ ਵੀਰ ਦੇ ਸਰਾਹਣੇ ਵਹਿ ਗਿਆ।

ਜਾਮਵੰਤ ਬਲਵਾਨ, ਸੁਗਰੀਵ ਹਨੂੰਮਾਨ, ਰੋਂਦੇ ਝੱਲੇ ਨਾ ਜਾਣ,
ਸਣੇ ਨਲ-ਨੀਲ ਦੇ, ਅੰਗਦ ਉੱਥਲ ਜਾਂਦਾ ਵਾਂਗ ਗੋਲ੍ਹ ਦੇ।
ਰਿੱਛਾਂ ਜਿਆ ਦੇ ਔਖੇ ਸੂਰ, ਰੋਂਦੇ ਬਾਂਦਰ ਲੰਗੂਰ, ਚਾਂਗਾਂ ਸੁਣਨ ਦੂਰ-ਦੂਰ,
ਤਰਥੱਲ ਪੈ ਗਿਆ, ਰਘੁਬੀਰ ਵੀਰ ਦੇ ਸਰਾਹਣੇ ਢਹਿ ਗਿਆ।

ਚੱਲਾ ਗਿਆ ਜੋ ਪਿਤ੍ਰੀ ਦੇ ਸ਼ਹਿਰ, ਨਾ ਲੱਖਣ ਪਾਇਆ ਪੈਰ, ਆਹੂ ਮਾਂ ਦੇ ਜਾ ਦਾ ਕਹਿਰ,
ਸਹੂਗੀ ਸੁਮਿੱਤਰਾ, ਕਿਹੜੀ ਥਾਂ ਗੁਆ ਕੇ ਆ ਗਿਆ, ਮਾਂ ਦਾ ਖਿੱਤਰਾ।
ਚੱਲਾ ਜਾਂਦਾ ਰਿਹਾ ਜੋ ਘਰੋਂ, ਮਾਤਾ ਧੀਰਾ ਚੱਟ ਮਰੇ, ਇਹਨੂੰ ਕਾਲ ਚੌਕ ਪਵੇ,
ਜੋ ਦਲਾਂ 'ਚੋਂ ਲੈ ਗਿਆ, ਰਘੁਬੀਰ ਵੀਰ ਦੇ ਸਰਾਹਣੇ ਢਹਿ ਗਿਆ।

'ਬਾਬੂ' ਲੋਕੀ ਚੌਕ ਹੋਏ, ਸਾਰੇ ਬੈਠਕਾਂ ਚੁਫੇਰੇ, ਸਿਆਣੇ ਆਦਮੀ ਘਨੇਰੇ,
ਕਹਿੰਦੇ ਸ਼ਰ ਕਰਕੇ, ਭਰਦੀ ਨਾ ਝੋਲੀ ਵਿਰਲਾਪ ਕਰਕੇ।
ਲਿਆਉ ਸੱਦਕੇ ਹਕੀਮ, ਕੋਈ ਹੋਗੀ ਹੀਮ-ਬੀਮ, ਵੇਰ ਥਣੇ ਨਾ ਸਕੀਮ;
ਰੂਹ ਸਰੀਰੋਂ ਵਹਿ ਗਿਆ, ਰਘੁਬੀਰ ਵੀਰ ਦੇ ਸਰਾਹਣੇ ਢਹਿ ਗਿਆ।

॥ ਦੋਹਿਰਾ ॥
ਸੁਣੇ ਮਚਾਨ ਉਠਾਲਿਆ, ਜਿਸਦਾਸ ਬੈਦ ਸੁਖੈਣ।
ਬੂਟੀ ਮਿਲੇ ਪਹਾੜ ਤੋਂ, ਰਾਮ ਚੰਦਰ ਨੂੰ ਕਹਿਣ।

ਤਰਜ਼—੩੩
ਹਨੂੰਮਾਨ ਨੇ ਸੁਖੈਣ ਲਿਆਂਦਾ, ਕਮਰੇ ਸਮੇਤ ਚੱਕਕੇ,
ਬੜਾ ਵੈਦ ਨੂੰ ਫਿਕਰ ਚੰਚ ਖਾਂਦਾ, ਓਪਰਾ ਜਵਾਨ ਤੱਕਕੇ,
ਮੈਨੂੰ ਫੜ੍ਹ ਲਿਆ ਬਗੈਰ ਕਸੂਰੋਂ, ਜਿਵੇਂ ਚੋਰ ਧਾੜ੍ਹ ਦੇ ਉੱਤੇ,
ਬੂਟੀ ਰਾਮ ਜੀ ਲਿਆਉਣੀ ਦੂਰੋਂ, ਮਾਧਨ ਪਹਾੜ ਦੇ ਉੱਤੇ।

ਦੱਸੀ ਉਹਨਾਂ ਹਕੀਕਤ ਸਾਰੀ, ਮਾਰਦਾ ਸੁਖੈਣ ਸਿਰ ਜੀ,
ਬੜੀ ਮੂਰਛਾ ਲੱਛਮਣ ਨੂੰ ਭਾਰੀ, ਜੀਵੇ ਨਾ ਜਿਆਦਾ ਚਿਰ ਜੀ,
ਆਵੇ ਦੱਸਦੇ ਨੂੰ ਸਰਮ ਹਜ਼ੂਰੋਂ, ਦਮ ਸੰਘ ਜਾਣ ਦੇ ਉੱਤੇ,
ਬੂਟੀ ਰਾਮ ਜੀ ਲਿਆਉਣੀ ਦੂਰੋਂ, ਮਾਧਨ ਪਹਾੜ ਦੇ ਉੱਤੇ।

ਕਿਰਣੀਨ ਹੋਵਣ ਲੋਹ ਪੈਂਡੇ, ਰਣੇ ਕੋਈ ਬਣਤ ਨਹੀਂ,
ਰਹਿਣ ਟੋਲੀਆਂ ਬਣਾ ਕੇ ਗੱਡੇ, ਹਾਥੀਆਂ ਦਾ ਅੰਤ ਨਹੀਂ।
ਡਰ ਲੱਗਦਾ ਜੁਵਾਨ ਲੰਗੂਰੋਂ, ਬੈਠੇ ਬਘਿਆੜ ਦੇ ਉੱਤੇ,
ਬੂਟੀ ਰਾਮ ਜੀ ਲਿਆਉਣੀ ਦੂਰੋਂ, ਮਾਧਨ ਪਹਾੜ ਦੇ ਉੱਤੇ।

ਥਾੜ੍ਹ ਖਿਲੀਆਂ ਬਥੇਰੇ ਖਿੜੀਆਂ, ਚਿੱਤਰਿਆ ਦੇ ਰੰਗ ਫਿਰਦੇ,
ਨਾਗ ਸੁਕਦੇ ਸਰ੍ਹਾਲਾਂ ਨਿਰੀਆਂ, ਪਹੁੰਚੀ ਦਾ ਹਜ਼ੂਰ ਸਿਰ-ਦੇ।
ਜਿਹੜਾ ਬਚਜੇ ਰਿਛਾਂ ਦੀ ਘੂਰੋਂ, ਬੱਬਰ ਚੰਘਿਆੜਦੇ ਉੱਥੇ,
ਬੂਟੀ ਰਾਮ ਜੀ ਲਿਆਉਣੀ ਦੂਰੋਂ, ਮਾਧਨ ਪਹਾੜ ਦੇ ਉੱਤੇ।

ਫਿਰ ਰਹਿਣ ਨਾ ਮਰਨ ਦੇ ਖ਼ਤਰੇ, ਬਚਣ ਮਰੀਜ਼ ਸਹਿਕਦੇ,
ਜੜ੍ਹਾਂ ਖਿਟੀਆਂ ਸਬਜ਼ ਜੋ ਪੱਤਰੋਂ, ਫੁੱਲ ਜਿਉਂ ਚੰਗਿਆੜੇ ਟਹਿਕਦੇ।
ਮੇਵੇ ਲੰਗਾਵੇ ਬਰੀਕ ਅੰਗੂਰੋਂ, ਪਰਿੰਦੇ ਬਹਿੰਦੇ ਝਾੜ ਦੇ ਉੱਤੇ,
ਬੂਟੀ ਰਾਮ ਜੀ ਲਿਆਉਣੀ ਦੂਰੋਂ, ਮਾਧਨ ਪਹਾੜ ਦੇ ਉੱਤੇ।

ਹੁੰਦੇ ਉਸ ਪਰਬਤ ਤੇ ਬਾਹਲੇ, ਹੋਰ ਜਗ੍ਹਾ ਉਗਦੇ ਨਹੀਂ,
ਜੀਂਵਦੀ ਰੰਗੀ ਕਿਸਮਤ ਉਹ ਭਾਲੇ, ਜਣੇ ਖਣੇ ਥੁੰਗਦੇ ਨਹੀਂ।
ਜਿਵੇਂ ਝਲੀਆਂ ਖਿੜੇਣ ਸੰਧੂਰੋਂ, ਕੋੜਿਆਂ ਦੀ ਝਾੜ ਏ ਉੱਤੇ,
ਬੂਟੀ ਰਾਮ ਜੀ ਲਿਆਉਣੀ ਦੂਰੋਂ, ਮਾਧਨ ਪਹਾੜ ਦੇ ਉੱਤੇ।

ਉੱਚਾ ਸੈਂਤ ਕੋਹ ਪਹਾੜ ਡਰਾਉਣਾ, 'ਥਾਬੂ' ਜੀ ਬੁਲੰਦ ਚੋਟੀਆਂ,
ਨਹੀਂ ਨੁਸਖਾ ਸੁਖਾਲਾ ਲਿਆਉਣਾ, ਜੋੜਦੇ ਸ਼ਾਬਾਸ਼ ਜੋਟੀਆਂ।
ਦੌੜ ਦੇਂਦੀਆਂ ਬੜ੍ਹਾਉਂਦੇ ਦੂਰੋਂ, ਜਿਹੜਾ ਫੜ ਚਾੜ੍ਹ ਦੇ ਉੱਤੇ,
ਬੂਟੀ ਰਾਮ ਜੀ ਲਿਆਉਣੀ ਦੂਰੋਂ, ਮਾਧਨ ਪਹਾੜ ਦੇ ਉੱਤੇ।

॥ ਦੋਹਿਰਾ ॥

ਆਗਿਆ ਲੈ ਗਿਆ ਰਾਮ ਤੋਂ, ਹੋ ਗਿਆ ਹਨੂੰ ਰਵਾਨ।
ਮਾਧਨ ਗੰਧ ਪਹਾੜ ਤੇ, ਆਵੇ ਨਜ਼ਰ ਚਟਾਨ।

### ਪੰਧਸ਼ੀ ਛੰਦ—34

ਲੈ ਲੀ ਆਗਿਆ ਤਿਆਰ ਹਨੂੰਮਾਨ ਹੋ ਗਿਆ, ਧਰੀ ਚੋਂਧ ਤੇ ਗੁਰਜ਼ ਰਵਾਨ ਹੋ ਗਿਆ,
ਛੈਂਬ ਦੋਵਾਂ ਪਰੌਂਠੇ ਵਾਲਾਂ ਪੱਖੀਆਂ ਪਈਆਂ, ਸਿਲਾਂ ਚਿੱਟੀਆਂ ਬਰਫ਼ ਨਾਲ ਢਕੀਆਂ ਪਈਆਂ।

ਚਿੱਤਾ ਬੁੱਢੇ ਬਘਿਆੜ ਘੜ੍ਹੇ ਪੌਂਦੇ ਖਿਲੀਆਂ, ਰਿੱਛ ਮਾਰਦੇ ਧਪੂਰੇ ਰੋਣ ਬਾੜ੍ਹ ਖਿਲੀਆਂ,
ਗੈਂਡੇ ਸੰਗੋ ਹਥਨੀਆਂ ਚੋ ਥੱਕੀਆਂ ਪਈਆਂ, ਸਿਲਾਂ ਚਿੱਟੀਆਂ ਬਰਫ਼ ਨਾਲ ਢਕੀਆਂ ਪਈਆਂ।

ਕੀਹਣੀ ਮੁੰਡੀ ਖੰਡ 'ਚ ਪਏ ਗੌਲਰ ਝੂਕਦੇ, ਨਾਗ ਜ਼ਹਿਰੀ ਪਰਬਤਾਂ ਤੇ ਬੈਠੇ ਸ਼ੂਕਦੇ,
ਮਾਸ ਖਾ ਕੇ ਸਵਾਲਾਂ ਕਿਤੇ ਛੱਕੀਆਂ ਪਈਆਂ, ਸਿਲਾਂ ਚਿੱਟੀਆਂ ਬਰਫ਼ ਨਾਲ ਢਕੀਆਂ ਪਈਆਂ।

ਕਿਤੇ ਘਾਟੀਆਂ ਤੇ ਕਿਸੇ ਥਾਂ ਬੁਲੰਦ ਚੋਟੀਆਂ, ਕਿਤੇ ਬੈਠਕੇ ਸੀ ਕੁਦਰਤ ਪਕਾਉਂਦੇ ਰੋਟੀਆਂ।
ਲਾਲ ਕਾਲੇ ਪੱਥਰ ਜਾਣੀ ਰੱਖੀਆਂ ਪਈਆਂ, ਸਿਲਾਂ ਚਿੱਟੀਆਂ ਬਰਫ਼ ਨਾਲ ਢੱਕੀਆਂ ਪਈਆਂ।

ਜਾਕੇ ਸਾਰਾ ਹੀ ਹਿਮਾਲਿਆ ਫਰੋਲ ਸਿੱਟਿਆ, ਉਹ ਬੂਟੀ ਮਿਲਦੀ ਨਾ ਹਨੂੰਮਾਨ ਖਿੱਝਿਆ,
ਹੋ ਨਾ ਖਿੜੇ ਪੁਸ਼ਪ ਵੱਲਾਂ ਲੱਗੀਆਂ ਪਈਆਂ, ਸਿਲਾਂ ਚਿੱਟੀਆਂ ਬਰਫ਼ ਨਾਲ ਢਕੀਆਂ ਪਈਆਂ।

'ਬਾਬੂ' ਦੇਖਿਆ ਦੁਰੇਡਿਉਂ ਪਹਾੜ ਹੋਰ ਜੀ, ਫੁੱਲ ਰਹੇ ਟਹਿਕ ਵੱਲੀ ਸੀ ਚਿਤਚੋਰ ਜੀ,
ਲਾਲ ਖਿੜੇ ਪੁਸ਼ਪ ਜਾਣੀ ਮੌਲੀਆਂ ਪਈਆਂ, ਸਿਲਾਂ ਚਿੱਟੀਆਂ ਬਰਫ਼ ਨਾਲ ਢਕੀਆਂ ਪਈਆਂ।

॥ ਦੋਹਿਰਾ ॥

ਕਿਸਮ ਕਿਸਮ ਦੀਆਂ ਬੂਟੀਆਂ, ਤੇ ਰੰਗ ਰੰਗ ਦੇ ਝਾੜ।
ਦਿਲ ਦੇ ਵਿੱਚ ਉੱਠ ਗੁਜ਼ਰਿਆ, ਚੁੱਕ ਲਿਆ ਸਭੀ ਪਹਾੜ।

**ਮੁਖੰਦ ਛੰਦ—35**

ਮੈਂ ਚਲਾ ਪਹਾੜ ਝਾੜ ਕਈ ਰੰਗ ਦੇ,
ਕਿਹੜੀ ਬੂਟੀ ਇਨ੍ਹਾਂ 'ਚੋਂ ਹਕੀਮ ਮੰਗਦੇ।
ਜ਼ੋਰ ਮਾਰ ਸਾਰਾ ਪੁੱਟ ਲਿਆ ਪਲਾਟ ਜਿਹਾ,
ਪੈਂਦਾ ਜਾਵੇ ਅਸਮਾਨ ਤੇ ਫਕਾਰ ਜਿਹਾ।

ਹਨੂੰ ਇੱਕ ਆਸਰਾ ਹਰੀ ਦਾ ਤੱਕ ਲਿਆ,
ਲਿਉਂਕੇ ਥਾਪੀ ਮਾਰਕੇ ਪਹਾੜ ਚੱਕ ਲਿਆ।
ਜਾਏ ਅਯੁੱਧਿਆ ਤੇ ਚੜ੍ਹਿਆ ਘੁਕਾਰ ਜਿਹਾ,
ਪੈਂਦਾ ਜਾਏ ਅਸਮਾਨ ਤੇ ਫਕਾਰ ਜਿਹਾ।

ਤੀਰ ਲਾ ਭਰਥ ਨੇ ਜਿਮੀਂ ਤੇ ਸਿੱਟਣਾ,
ਲੱਖਣ-ਕੰਗਸ਼ ਮਹਿਲੀ ਪੈ ਗਿਆ ਪਿੱਟਣਾ,
ਪੈਂਦਾ ਸੁਣੇਂ ਮੰਦਰਾਂ 'ਚ ਕੁਰਲਾਟ ਜਿਹਾ,
ਪੈਂਦਾ ਜਾਵੇ ਅਸਮਾਨ ਤੇ ਫਕਾਰ ਜਿਹਾ।

ਲੱਛਣ ਬੀਮਾਰ ਹੋਗਣਾ ਸੀ ਰਾਮ ਨੂੰ,
ਰੱਬਰੂ ਦੁਬਾਰਾ ਉੱਡ ਗਿਆ ਅਕਾਸ਼ ਨੂੰ।
ਦੋ ਘੜੀ ਮੇਂ ਟੱਪ ਗਿਆ ਗੰਗਾ ਦਾ ਪਾਟ ਜਿਹਾ,
ਪੈਂਦਾ ਜਾਵੇ ਅਸਮਾਨ ਤੇ ਫਕਾਰ ਜਿਹਾ।

ਐਨਾ ਤੇਜ਼ ਉੱਡਿਆ ਜਾਂਦਾ ਨਾ ਜਨੌਰ ਭੀ,
ਮਥਰਾ ਨੂੰ ਲੈਕ ਟੱਪ ਗਿਆ ਇੰਦੌਰ ਤੋਂ।
ਘੂਕ ਪੱਖੇ ਜਿਵੇਂ ਚੱਲਦਾ ਘਰ੍ਹਾਟ ਜਿਆ,
ਪੈਂਦਾ ਜਾਵੇ ਅਸਮਾਨ ਤੇ ਛਰਾਟ ਜਿਆ।

ਚੱਕੀ ਗਿਆ ਪਹਾੜ ਨੂੰ ਹਜ਼ਾਰ ਕੋਸ਼ ਤੋਂ,
ਕੋਈ ਨਾ ਦਿਸਿਆ ਬਲਵਾਨ ਉਸ ਤੋਂ।
ਐਵੇਂ ਲੰਘੀ ਫਿਰੇ ਕਰਦੀ ਤਰਾਟ ਜਿਆ।
ਪੈਂਦਾ ਜਾਵੇ ਅਸਮਾਨ ਤੇ ਛਰਾਟ ਜਿਆ।

ਘੋਟ ਕੇ ਸੁਖੈਣ ਪੱਤੇ ਲਾਤੇ ਫੱਟ ਤੇ,
ਨਾਲੇ ਰਸ ਜਰਾ ਕੁ ਜਬਾਂ ਤੇ ਚੱਟ ਤੇ।
ਹੋਸ਼ ਆਗੀ ਦੂਰ ਹੋ ਗਿਆ ਘਬਰਾਹਟ ਜਿਆ,
ਪੈਂਦਾ ਜਾਵੇ ਅਸਮਾਨ ਤੇ ਛਰਾਟ ਜਿਆ।

ਲਛਮਣ ਬਹਿ ਗਿਆ ਉੱਠਕੇ ਅਖੀਰ ਨੂੰ,
'ਰਜਬਲੀ' ਆਖਦਾ ਬਸੰਤ ਵੀਰ ਨੂੰ।
ਤੂੰ ਖੁਰਾ ਦੇ ਦੋਹਾਂ ਛੰਦਾਂ ਦਾ ਕਪਾਟ ਜਿਆ,
ਪੈਂਦਾ ਜਾਵੇ ਅਸਮਾਨੇ ਤੇ ਛਰਾਟ ਜਿਆ।

॥ ਦੋਹਿਰਾ ॥
ਤੀਜੇ ਦਿਨ ਨਲ-ਨੀਲ ਤੇ ਅੰਗਦ ਮਾਰਨ ਜ਼ੋਰ।
ਹਨੂੰਮਾਨ ਸੁਗਰੀਵ ਤੇ, ਬੜੇ ਬਹਾਦਰ ਹੋਰ।

**ਦੋ ਭਾਗਾ ਛੰਦ—36**

ਪੈਗੇ ਤੀਜੇ ਰੋਜ਼ ਦੇ ਮੁਕਾਉਣੇ ਸਾਕੇ ਐ, ਹਥਿਆਰ ਲਾਉਂਦੇ ਗੱਭਰੂ ਲੜਾਕੇ ਐ।
ਗਹਿਮਾ ਗਹਿਮੀ ਹੋ ਰਹੀ ਵਿਚਾਲੇ ਰਣ ਦੇ, ਅੱਗੋਂ ਤੜਾਂ ਮਾਰਦੇ ਬੱਬਰ ਬਣ ਦੇ।

ਚੜ੍ਹੇ ਜਿਵੇਂ ਚੇਤ ਦੇ ਬੱਦਲ ਗੱਜਦੇ, ਬਰਛੋਲ ਪੈਗੇ ਲਲਕਾਰੇ ਵੱਜਦੇ।
ਖੇਡਦੇ ਮੈਦਾਨ 'ਚ ਚਿਰਨ ਗੰਢਕੇ, ਤੇਗੋ ਵਿੱਚ ਦੂਜੇ ਨੂੰ ਕਮੰਦ ਪੱਟਕੇ।

ਬਿਜਲੀ ਸਮਾਨ ਖੰਡੇ ਜਾਣ ਚਿਲਕੀ, ਅੱਜ ਪੂਰੀ ਹੋ ਗਈ ਦਲੀਲ ਦਿਲ ਕੀ।
ਹਨੂੰਮਾਨ ਜੁਆਨ ਮਾਰੀ ਕਿਲਕਾਰੀ ਐ, ਆਸੀ ਗਾਹਾ ਮਚਨ ਦੀ ਜਿਨ੍ਹਾਂ ਦੀ ਵਾਰੀ ਐ।

ਲਲਕਾਰੇ ਮਾਰਦਾ ਪੰਕਾਰਿਆ ਧੂੰਮਰ ਐ, ਮਾਰ ਹਨੂੰਮਾਨ ਦੇਂਵਤਾ ਧੂੰਮਰ ਐ।
ਫੇਰ ਆ ਕੇ ਅੰਗਦ ਕੰਪੂਰਾ ਮਾਰ ਗਿਆ, ਖੜਾ ਰਾਖਸ਼ਾਂ ਦੀ ਸੈਨਾ ਨੂੰ ਵੰਗਾਰ ਗਿਆ।

ਅੰਕਪਨ ਸੂਰਮਾ ਜ਼ਮੀਨ ਪੱਟਦਾ, ਪੈਰ ਤੋਂ ਨ ਅੰਗਦ ਲਪੂ ਨੂੰ ਚੱਟਦਾ।
ਫੇਰ ਨਲ ਸ਼ੇਰ ਨੇ ਕ੍ਰੋਧ ਧਾਰਿਆ, ਫੜ੍ਹ ਬਾਹੂ-ਖੰਜਰ ਚਲਾਕੇ ਮਾਰਿਆ।

ਅੱਗੋਂ ਵਧੇ ਰਾਖਸ਼ ਲਭਾੜ ਲਾਸ਼ਾਂ ਨੂੰ, ਲੋਮੇ ਪਾਛੇ ਰਿੱਛ ਧਾਕਤਾ ਬਰਾਛਾਂ ਨੂੰ,
ਬਾਂਦਰ ਫਿਰਨ ਤੌਸੇ ਦੂਰ-ਦੂਰ ਜੀ, ਜਾਨ੍ਹਾਂ ਹੇਠ ਲੈ ਕੇ ਵੇਖਦੇ ਲੰਗੂਰ ਜੀ।

ਗੋਡੇ ਗੋਡੇ ਪੱਟਣੀ ਜੁਆਨਾਂ ਧਰਤੀ, ਸੂਰਜ ਛਿਪਣ ਦੀ ਤਿਆਰੀ ਕਰਤੀ।
'ਬਾਬੂ ਜੀ' ਰੱਖੀ ਨਾ ਵੈਰੀ ਦੀ ਰੜਕ ਗਈ, ਜੰਗ ਬੰਦ ਹੋ ਗਿਆ ਨੌਬਤ ਖੜਕ ਗਈ।

॥ ਦੋਹਿਰਾ ॥

ਰਾਵਣ ਭਰ ਗਿਆ ਕਰੋਧ ਦਾ, ਅਹਿਲਕਾਰ ਭੁੱਲ ਕਰਨ।
ਚੌਥੇ ਦਿਨ ਹਥਿਆਰ ਲਾ, ਲੜਨ ਗਿਆ ਕੁੰਭਕਰਨ।

ਕਬਿਤ—37

ਕੋਣ ਬੈਠਾ ਤਖਤ ਤੇ, ਟੱਪਦਾ, ਮੱਥਾ ਵਾਂਗ ਅੰਗਿਆਰੇ ਤੱਪਦਾ, ਮੂੰਹ ਚੌੜਿਆ ਜਿਵੇਂ ਵਣ ਸ਼ੇਰ ਦਾ,
ਅੱਖੀਉਂ ਚੰਗਿਆੜੇ ਝੜਦੇ ਐ, ਛਹਿ ਜਾਂਦੇ ਚੜ੍ਹਦੇ-ਚੜ੍ਹਦੇ ਐ।
ਸੰਗੋਂ ਅੰਕਪਨ ਜੁਆਨ ਧੂਮਰ, ਰੋਂਦਿਆ ਬਾਹੂ ਮਾਰ ਕੜੂੰਮਰ, ਰਿੱਛ ਬਾਂਦਰ ਪਾਉਂਦੇ ਹੂੰਮਰ,
ਸਾਰੀ ਹੋਣੀ ਗਰਮ ਕਚਹਿਰੀ ਐ, ਚੜ੍ਹ ਢੁੱਕ ਰੋਟੀਆਂ ਦਾ ਵੈਰੀ ਐ।

ਸੁਣ ਸੁਣਕੇ ਭਰਾ ਦੇ ਤਾਨ੍ਹੇ, ਗੁੰਭ ਕੱਢਦਾ ਲਾਲ ਜੇ ਆਲੇ, ਤੇਜ ਚੜ੍ਹ ਗਿਆ ਬਾਜ਼ਰਗੀ ਖਾਨੇ,
ਬਹਿਕੇ ਨਿਗਲਨ ਲੱਗ ਗਿਆ ਮੱਛਿਆਂ ਨੂੰ, ਗਿਆ ਕੋਹਿਆਂ ਦਲੁੰਦੀ ਗੰਢਿਆਂ ਨੂੰ।
ਸੌ ਢੇਰਾਂ ਚਾਵਲ ਲਾਹੇ, ਮਿੱਠੇ ਅੰਨ ਦੇ ਪਹਾੜ ਕੜਾਹੇ, ਉਹਦਾ ਢਿੱਡ ਸੀ ਦਰਿਆ ਦੇ ਢਾਹੇ,
ਫਿਰੇ ਲਾਂਗਰੀਆਂ ਨੂੰ ਗਾਹਿਰੀਐ ਐ, ਚੜ੍ਹ ਢੁੱਕ ਰੋਟੀਆਂ ਦਾ ਵੈਰੀ ਐ।

ਭੁੰਮੇ, ਚਿੱਬੜ ਬੀਸ ਮਣ ਕੋੜੇ, ਨਾਲ ਮੱਠੀਆਂ ਦੇ ਰਲੇ ਪਕੌੜੇ, ਤੀਹ ਪੰਜੀ ਦਾਲ ਦੇ ਤੋੜੇ,
ਧੀਏ ਲਾ ਸ਼ਰਬਤ ਨੂੰ ਚਿੱਖੀਆਂ ਜੀ, ਹਦਿਆ ਅੰਨ ਨੇ ਛਿਲਕ ਕਰ ਛਿੱਗੀਆਂ ਜੀ।
ਆਟਾ ਗੁੰਨਤਾ ਭਰੋਹਟ ਪਾਂਤਾਂ, ਰੋਟ ਪੱਕਗੇ ਭਰਨ ਸਵਾਤਾਂ, ਆਹ ਰਾਖਸ਼ ਬੁਰੇ ਅਵਾਤਾਂ।
ਮੂੰਹ 'ਚ ਚੜ੍ਹਗੀ ਚਬਲਤੀ ਗਲ੍ਹੈਗੀ ਐ, ਚੜ੍ਹ ਢੁੱਕ ਰੋਟੀਆਂ ਦਾ ਵੈਰੀ ਐ।

ਤਿੰਨ ਬੋਰੇ ਪਏ ਵਿੱਚ ਆਲੂ, ਰੱਲ ਕੂਠਵੇ ਮੱਛੀ ਦੇ ਗਾਲੂ, ਫੀਮ ਨਿਗਲ ਗੱਟਾ ਗੁੜ ਛਾਲੂ,
ਅਜੇ ਹੋਇਆ ਅਮਲ ਨਾ ਪੂਰਾ ਹੈ, ਧੀਣਾ ਅਮਲੀ ਘੱਟ ਧਤੂਰਾ ਹੈ।

ਰੌਤ ਵਰਗਾ ਅੰਤ ਨਾ ਛੱਡਦੇ, ਅੱਠ ਗੈਲਣ ਭਰੇ ਵੇ ਮੱਧ ਦੇ, ਮੂੰਹ ਦੇਂਝ ਕੇ ਸ਼ਰਾਬ ਉਲੱਦ ਦੇ,
ਪੀਂਹਦਾ ਨਸ਼ਾ ਚੜ੍ਹੇ ਤੋਂ ਵੱਧ ਜ਼ਹਿਰੀ ਐ, ਚੜ੍ਹ ਕੁੰਭ ਰੋਟੀਆਂ ਦਾ ਵੈਰੀ ਐ।

ਲਵੇ ਸ਼ਾਸਤਰ ਪਹਿਲ ਜੁਆਨ ਐਂ, ਕੁੰਭਕਰਨ ਬੜਾ ਬਲਵਾਨ ਐਂ, ਜਿਵੇਂ ਚੰਦਰੂ ਭਜੌਂਦਾ ਸਾਨ੍ਹ ਐਂ,
ਫੜ੍ਹ ਫਗਾਵਨ ਲੱਗ ਗਿਆ ਸੈਨਾ ਨੂੰ, ਨਹੀਂ ਮੋੜਦੇ ਰਾਮ ਦੀ ਸੈਨਾਂ ਨੂੰ।
ਬਣ-ਮਾਣਸ ਰਿੱਛ ਜੋ ਦੌਂਗਲੇ, ਸੁਆਦ ਲੱਗਦੇ ਬਾਂਦਰ ਚੌਬਲੇ, ਕੰਮਜ਼ੋਰ ਲੰਗੂਰਾਂ ਲੱਭਲੇ,
ਜਿਵੇਂ ਸੱਪ ਨੂੰ ਫੜ੍ਹੇ ਗਾਲਹਿਰੀ ਐ, ਚੜ੍ਹ ਕੁੰਭ ਰੋਟੀਆਂ ਦਾ ਵੈਰੀ ਐ।

ਜਿਹੜਾ ਕੁੰਭ ਦੇ ਰੋਣ ਦਾ ਭੇਤੀ, ਸੁਗਰੀਵ ਲਿਟਾਤਾ ਛੇਤੀ, ਫੇਰ ਮੂਰਛਾ ਹਨੂੰ ਨੂੰ ਦੇਤੀ,
ਨਾ ਅੰਗਦ ਢੁੱਕਦਾ ਨੇੜੇ ਸੀ, ਨਲ-ਨੀਲ ਨੂੰ ਖੁਆੜੇ ਗੇੜੇ ਸੀ।
ਦਿਲ ਛਿਪਲੂ ਰਾਮ ਨੂੰ ਸੈਂਦਦਾ, ਬੁੱਕ ਪੜ੍ਹਕੇ ਬੜਾ ਚਿੱਤ ਲੱਗਦਾ, ਜਾਣੀ ਪੀ ਲਿਆ ਪਿਆਲਾ ਮੱਧ ਦਾ,
'ਰੱਜਬਲੀ' ਰਸੀਲੀ ਸ਼ਾਇਰੀ ਐ, ਚੜ੍ਹ ਕੁੰਭ ਰੋਟੀਆਂ ਦਾ ਵੈਰੀ ਐ।

॥ ਦੋਹਿਰਾ ॥
ਚਬਲ-ਚਬਲ ਕੇ ਪਾੜਤੇ, ਬਾਂਦਰ ਰਿੱਛ ਲੰਗੂਰ।
ਤਾਂ ਹਥਿਆਰ ਲਗਾਇਕੇ, ਚੜ੍ਹਦੇ ਰਾਮ ਹਜ਼ੂਰ।

ਮੁਕੰਦ ਛੰਦ—34
ਲਲਕਾਰਾਂ ਮਾਰਦੇ ਬੁਲਾਵੇ ਕੁੰਭ ਜਾ,
ਰਾਮ ਆਖੇ ਵੱਢਕੇ ਕੁੰਭ ਨੂੰ ਅੜ੍ਹੰਬ ਜਾ।
ਉਸੇ ਵੇਲੇ ਸੂਟ ਜੰਗ ਦੇ ਸਵਾਉਣੇ ਪਏ,
ਜੁਆਨ ਰਘੁਬੀਰ ਨੂੰ ਹਥਿਆਰ ਲਾਉਣੇ ਪਏ।

ਮਾਰਕੇ ਝਪਟ ਸੁਗਰੀਵ ਛੇੜ ਲਿਆ,
ਨਵਰਾ। ਸ਼ੀਂਹ ਮਾਰਨਾ ਸਭਾਰੀ ਭੇੜ ਲਿਆ,
ਲੋਥਾਂ ਦੇ ਅੰਬਾਰ ਲੱਗੇ ਲੈਟੇ-ਛੋਟੇ ਪਏ,
ਜੁਆਨ ਰਘੁਬੀਰ ਨੂੰ ਹਥਿਆਰ ਲਾਉਣੇ ਪਏ।

ਭੈਂਸਰੀ ਲੰਗੂਰ ਪੀਂਦਾ ਘੁਰ-ਘੁਰ ਵਾ,
ਆਗਰੀ ਹਨੂੰਮਾਨ ਨੂੰ ਦੁਪਹਿਰੇ ਮੂਰਛਾ,
ਮਰੇ ਸਾਥੀ ਮੇਰੇ ਰਾਖਸ਼ਾਂ ਤੋਂ ਚੋਣੇ ਪਏ,
ਜੁਆਨ ਰਘੁਬੀਰ ਨੂੰ ਹਥਿਆਰ ਲਾਉਣੇ ਪਏ।

ਡਰਦਾ ਭਭੀਸ਼ਨ ਦਲਾਂ 'ਚੋਂ ਬਾਹਰ ਗਿਆ,
ਲੰਮਾ ਪਾਤਾ ਬਾਲੀ ਦਾ ਅੰਗਦ ਹਾਰ ਗਿਆ,
ਜਾਨਕੀ ਚੌਕਣ ਵਾਲੜੇ ਛੁਡਾਉਣੇ ਪਏ,
ਜੁਆਨ ਰਘੁਬੀਰ ਨੂੰ ਹਥਿਆਰ ਲਾਉਣੇ ਪਏ।

ਅੱਜ ਨਲ-ਨੀਲ ਨੇ ਉਠਾਇਆ ਬੀੜਾ ਨਾ,
ਛੇਗੀ ਦਾ ਲੰਕੇਸ਼ ਦਾ ਭਰਾੜਾ ਚੀਹੜਾ ਨਾ।
ਦੋਹਨੂੰ ਮਾਰ ਫੌਖ ਬਾਂਦਰ ਰਜਾਉਣੇ ਪਏ,
ਜੁਆਨ ਰਘੁਬੀਰ ਨੂੰ ਹਥਿਆਰ ਲਾਉਣੇ ਪਏ।

ਖੜ੍ਹੇ ਜਾਮਵੰਤ ਨੂੰ ਵਖਾਊਂ ਬੰਮ੍ਹਾਂ ਪਾ,
ਚੌਲ ਉਏ-ਮਨਾਂ ਵਾਧਰੇ ਜ਼ਿਮੀਂ ਤੇ ਲੰਮਾ ਪਾ।
ਦੁਸ਼ਮਣ ਸਿਰੋਂ ਚੜ੍ਹੇ ਵੇ ਨਿਵਾਉਣੇ ਪਏ,
ਜੁਆਨ ਰਘੁਬੀਰ ਨੂੰ ਹਥਿਆਰ ਲਾਉਣੇ ਪਏ।

ਹੁਣ ਚੋਰਾਂ ਵਾਂਗੂੰ ਹਟੀਦਾ ਪਿਛਾੜੀ ਨਾ,
ਸੋਣ ਕਹੂ ਰਾਮ ਨੇ ਕਗਾਰ ਧਾੜੀ ਨਾ,
'ਬਾਬੂ' ਸੌਂਦੀ ਜਾਂਦੇ ਮੌਤ ਦੇ ਪ੍ਰਾਹੁਣੇ ਪਏ,
ਜੁਆਨ ਰਘੁਬੀਰ ਨੂੰ ਹਥਿਆਰ ਲਾਉਣੇ ਪਏ।

॥ਦੋਹਿਰਾ॥

ਜਾ ਥੋ ਕਰੇ ਮੁਕਾਬਲਾ, ਦਸ਼ਰਥ ਦਾ ਰਘੁਬੀਰ।
ਲੀਰਾਂ ਕਰਤਾ ਰਾਮ ਨੇ, ਕੁੰਭ ਦਾ ਪਾਕ ਸਰੀਰ।

### ਮੁਖੰਦ ਛੰਦ—39

ਟਲੇ ਨਾ ਹੰਕਾਰਿਆ ਸ਼ੇਰ ਦਸ਼ਰਥ ਦਾ,
ਧਾਉਂਦਾ ਆਵੇ ਚਾਂਬੜਾ ਹਥਿਆਰ ਹੱਥ ਦਾ,
ਮੀਲ-ਮੀਲ ਸੁਣਦੀ ਅਵਾਜ਼ ਨਾਹਰੇ ਦੀ,
ਲੀਰ-ਲੀਰ ਕਰਦੀ ਸਰੀਰ ਭਾਰੇ ਦੀ।

ਬਣਦਾ ਕੀ ਬੰਦੇ ਦੀ ਮੁਨਿਆਦ ਪੁੱਗਜੇ,
ਚਾਹੁਣਾ ਵਿੱਚ ਮਾਸ ਦੇ ਉਛਾੜੇ ਕੁੱਗ ਜੇ।
ਧਾੜਵੀ ਸਿਆਲਿਉਂ ਗੰਗਾਣ ਹੰਕਾਰੇ ਦੀ,
ਲੀਰ-ਲੀਰ ਕਰਦੀ ਸਰੀਰ ਭਾਰੇ ਦੀ।

ਜਿਵੇਂ ਰਜਬਾਹੇ ਖਿੰਡ ਦੇ ਬਹਿੰਦਿਉਂ,
ਵਗੀ ਜਾਂਦੇ ਲਹੂ ਦੇ ਪਰਾਲ ਪਿੰਡਿਉਂ।
ਨਾੜ ਨਾੜ ਖੈਂਦੜੀ ਵਜੂਦ ਸਾਰੇ ਦੀ,
ਲੀਰ-ਲੀਰ ਕਰਤੀ ਸਰੀਰ ਭਾਰੇ ਦੀ।

ਚੀਰਨਾ ਜਿਸਮ ਨੂੰ ਵਿਚਾਲਿਉਂ ਚੀਰ ਪਾ,
ਰਾਖਸ਼ ਕਰੇ ਦੇ ਦੰਦਗਾਂ ਵਹੀਰ ਪਾ
ਝੱਲੀ ਨਾ ਗਰਜ ਰਾਮ ਲਲਕਾਰੇ ਦੀ,
ਲੀਰ-ਲੀਰ ਕਰਤੀ ਸਰੀਰ ਭਾਰੇ ਦੀ।

ਰੂੰ ਦੇ ਵਾਂਗੂ ਉੱਡ ਦਾ ਪਿੰਜਰ-ਪਿੰਜੜਾ,
ਲਹੂ ਨਾ ਕਨਾਲ ਦਾ ਕਆਰਾ ਸਿੰਜਤਾ।
ਖੁਸ਼ੀ ਹੋਗੀ ਵੇਖ ਔਰਤ ਮੁਜ਼ਾਰੇ ਦੀ,
ਲੀਰ-ਲੀਰ ਕਰਤੀ ਸਰੀਰ ਭਾਰੇ ਦੀ।

ਖੇੜਾ ਰਾਮ ਚੰਦ ਦਾ ਕਲੇਜਿਉਂ ਪਾਰ ਗਿਆ,
ਫੇਟ ਰੂਹ ਨਿੱਕਲਕੇ ਉੜਾਰੀ ਮਾਰ ਗਿਆ।
'ਬਾਬੂ' ਲਾਜ ਰੱਖਲੀ ਔਤਾਰ ਧਾਰੇ ਦੀ,
ਲੀਰ-ਲੀਰ ਕਰਤੀ ਸਰੀਰ ਭਾਰੇ ਦੀ।

॥ ਦੋਹਿਰਾ ॥

ਪੰਜਵੇਂ ਦਿਨ ਜੰਗ ਕਰਨ ਨੂੰ, ਲਛਮਣ ਹੋ ਗਿਆ ਤਿਆਰ।
ਆ ਗਿਆ ਕਰਨ ਮੁਕਾਬਲਾ, ਮੇਘ ਨਾਥ ਬਲਕਾਰ।

**ਮੁਕੰਦ ਛੰਦ—40**

ਮਾਰੇ ਆ ਕੇ ਲੈਂਖਣ ਰਣਾਂ 'ਚ ਬੜ੍ਹਕਾਂ,
ਲੱਗ ਗਿਆ ਪਿਛਲੀਆਂ ਕੱਢਣ ਰੜਕਾਂ।
ਅੱਗ ਲੱਗੀ ਲਛਮਣ ਦੇ ਸਰੀਰ ਨੂੰ,
ਚਾਅ ਚੜ੍ਹਿਆ ਕਿਆ ਰਾਮ ਦੇ ਲਡਾਰੇ ਵੀਰ ਨੂੰ।

ਗਿਆ ਰਣ-ਭੂਮਕਾ ਚਲਾਉਂਦਾ ਤੇਗ ਨੂੰ,
ਜਾਂਦੇ ਸਾਰ ਧੁੰਦ 'ਚ ਵੰਗਾਰੇ ਮੇਘ ਨੂੰ।
ਅਵਾਸਾਰ ਲੱਗ ਗਿਆ ਚਲੌਣ ਤੀਰ ਨੂੰ,
ਚਾਅ ਚੜ੍ਹਿਆ ਕਿਆ ਰਾਮ ਦੇ ਲਡਾਰੇ ਵੀਰ ਨੂੰ।

ਪੈਂਤਰਾ ਬਦਲ ਪਾਉਂਦਾ ਫਿਰੇ ਫਰੀਆ,
ਕਰ ਦੇਵੇ ਮੇਘ ਦੇ ਪਿੱਛੇ 'ਚ ਮੋਰੀਆਂ।
ਪਾ ਕੇ ਕਮੰਦ ਬੰਨ੍ਹ ਲਿਆ ਅਖ਼ੀਰ ਨੂੰ।
ਚਾਅ ਚੜ੍ਹਿਆ ਵਿਆ ਰਾਮ ਦੇ ਲੜਾਕੇ ਵੀਰ ਨੂੰ।

ਜ਼ੋਰ ਨਾਲ ਮਾਰਦਾ ਉਲਾਰ ਸਾਂਗ ਜੀ,
ਚਮਕੀ ਉਧੇੜਦੀ ਗਲੇਟੇ ਵਾਂਗ ਜੀ।
ਪਾੜਾ ਕੱਢੂ ਮੌਰਾਂ ਦੇ ਵਿਚਾਲੇ ਚੀਰ ਨੂੰ,
ਚਾਅ ਚੜ੍ਹਿਆ ਵਿਆ ਰਾਮ ਦੇ ਲੜਾਕੇ ਵੀਰ ਨੂੰ।

ਗੁੰਦਵੇਂ ਜਿਸਮ ਦੇ ਉਛਾੜੇ ਪੜਛੇ,
ਭਖ-ਭਖ ਡੁੱਲ੍ਹਦੇ ਲਹੂ ਦੇ ਕੜਛੇ।
ਤੇ ਉਛਾੜਾ ਹਿੱਕ ਦੇ ਵਿਚਾਲਿਉਂ ਲੀਰ ਨੂੰ,
ਚਾਅ ਚੜ੍ਹਿਆ ਵਿਆ ਰਾਮ ਦੇ ਲੜਾਕੇ ਵੀਰ ਨੂੰ।

ਧਰ ਲਿਆ ਕੁਹਾੜਾ ਲੱਕ ਪੈਗੀ ਲਾਂਗੜੇ ਦੀ,
ਅੱਖ ਲੀੜੇ ਡੋਲੇ ਜਿਉਂ ਲਿੰਬਰ ਫਾਂਗੀ ਦੀ।
ਮੈਂਸੀ ਭੁਜਾ ਉੱਡ ਖੰਤਗੀ ਵਹੀਰ ਨੂੰ,
ਚਾਅ ਚੜ੍ਹਿਆ ਵਿਆ ਰਾਮ ਦੇ ਲੜਾਕੇ ਵੀਰ ਨੂੰ।

ਬਾਂਦੀ ਭਾਲੇ ਜਿਵੇਂ ਦੂਰ ਤੋਂ ਬਲੋਚਣਾਂ,
'ਬਾਬੂ' ਬਾਜ ਮਾਰ ਸੈਂਦਲੀ ਸਲੋਚਨਾ,
ਠੱਲਿਆ ਨਾ ਜਾਂਵਦਾ ਅੱਖਾਂ ਦੇ ਨੀਰ ਨੂੰ,
ਚਾਅ ਚੜ੍ਹਿਆ ਵਿਆ ਰਾਮ ਦੇ ਲੜਾਕੇ ਵੀਰ ਨੂੰ।

## ਬੈਂਤ—41

ਕਹਿੰਦੀ ਭੁਜਾ ਪਛਾਣ ਲੈ ਮੇਘ ਦੀ ਜੀ, ਦਿਲ ਰਿਹਾ ਸਵੇਰ ਦਾ ਦਹਿਲ ਬਾਂਦੀ।
ਵੱਢੀ ਗਈ ਨਵਾਬ ਦੇ ਪਲੰਘ ਉੱਤੇ, ਦਿਲ ਡੁੱਬਿਆ ਹੈ ਅੱਜ ਖ਼ੇਲ ਬਾਂਦੀ।

ਸਰੀ ਰੋਵਣਾ ਨਾਲ ਮਹਿਬੂਬ ਦੇ ਮੈਂ, ਵੇਦ ਪੜ੍ਹੀ ਨਲੋਕ ਨਾ ਜੋਹਲ ਬਾਂਦੀ?
ਮੇਰਾ ਖੋਲ੍ਹਦੇ ਸੀਸ ਸੁਹਾਗ ਦਾ ਤੂੰ, ਗਈ ਬਰਖ਼ਤਾਂ ਤੇ ਚਹਿਲ-ਪਹਿਲ ਬਾਂਦੀ।

ਮੇਰਾ ਲਹਿ ਗਿਆ ਸੀਸ ਤੋਂ ਛਤਰ ਕੇੜੋ, ਵੱਸ ਵੇਖਕੇ ਖਾਣਗੇ ਮਹਿਲ ਬਾਂਦੀ।
ਨਹੀਂ ਮੈਂਟ ਵਿਯੋਗ ਦੀ ਸਹਿਣ ਜੋਗੀ, ਹੁੰਦਾ ਨਹੀਂ ਰੋਕੋਪ ਸਬਰ ਸਹਿਲ ਬਾਂਦੀ।

ਝਗੂੰ ਸੇਜ ਤੇ ਮੁੱਠੀਆ ਵਿਸ ਵੀਆਂ ਮੈਂ, ਖਏਂ ਬਹੁ ਭਰਥਾਰ ਦੀ ਟਹਿਲ ਬਾਂਦੀ।
ਸੁਆਨ ਸਾਧਨੀ ਕੱਢਲੀ ਸਾਧੂਆਂ ਦੀ, ਕਰੀ ਸੋਹਰੇ ਚੰਡਾਲ ਨੇ ਪਹਿਲ ਬਾਂਦੀ।

ਫੂਕ ਦੇਣ ਸਵਰਨ ਦਾ ਸ਼ਹਿਰ ਸਾਰਾ, ਉਨ੍ਹਾਂ ਇੱਥ ਨਾ ਛੱਡਣੀ ਰਹਿਲ ਬਾਂਦੀ।
ਏਥੇ ਕਰਨ ਹਕੂਮਤਾਂ ਬਾਂਦਰੇ ਨੀ, ਜਿਨ੍ਹਾਂ ਰਾਜਪੁਰ ਕਰਨ ਦੇ ਮਹਿਲ ਬਾਂਦੀ।

'ਰਾਬੂ' ਸੀਸ ਲਿਆਵਣਾ ਰਾਮ ਬੋਲੇਂ, ਚਹਿੰਦੇ ਨਦਰ ਨੂੰ ਜੋੜ ਲੈ ਸੈਲ ਬਾਂਦੀ।

॥ਦੋਹਿਰਾ॥

ਸਤੀ ਹੋਣ ਦੇ ਵਾਸਤੇ, ਸੀਸ ਲੈਣ ਨੂੰ ਜਾਏ।
ਹਟਕੇ ਬਹਿ ਨੂੰਹ ਰਾਣੀਏਂ, ਸਸੁਰ ਰਿਹਾ ਸਮਝਾਏ।

ਮੁਕੰਦ ਛੰਦ—42

ਆਈ ਤਜਵੀਜ ਗੈਣ ਦੇ ਪਸਿੰਦ ਨਾ,
ਦਸਾਂ ਸਿਰਾਂ ਵਾਲੇ ਨੂੰ ਕਬਾਲੇ ਜਿੰਦ ਨਾ।
ਡੂੰਗਾ ਪਾਕੇ ਦਾਹੜੀ ਪਿੱਛੇ ਮੁੱਛੇ ਦੀ ਦੋਹੋਂ ਨੀ,
ਵੇਖੀਂ ਲਾਜ ਸੋਹਰੇ ਨੂੰ ਲਵਾਦੀਂ ਨੂੰਹੇ ਨੀ।

ਉਸ ਜਾ ਮਿਊਂਦੇ ਵੈਰੀਆਂ ਦੇ ਸੰਥੇ ਨਾ,
ਲੰਗੀ ਤੂੰ ਪੁੱਤਰ ਸੂਰਜ ਦੇ, ਮੱਥੇ ਨਾ।
ਬੈਠੀ ਬੀਬੀ ਰਾਣੀਏਂ ਮਹਿਲੀਂ ਸੋਹੇ ਨੀ,
ਵੇਖੀਂ ਲਾਜ ਸੋਹਰੇ ਨੂੰ ਲਵਾਦੀਂ ਨੂੰਹੇ ਨੀ।

ਮੰਨ ਗੱਲ ਮੇਰੀ ਮੇਰਿਆਂ ਵਜ਼ੀਰਾਂ ਦੀ,
ਵੇਖ ਵੈਂਧ ਜਾਊ ਆਕੜ ਫਕੀਰਾਂ ਦੀ।
ਅੰਸੋ ਕੱਟ ਬੰਧੜੇ ਮਰੇ ਤੋਂ ਕੋਹੇਂ ਨੀ,
ਵੇਖੀਂ ਲਾਜ ਸੋਹਰੇ ਨੂੰ ਲਵਾਦੀਂ ਨੂੰਹੇ ਨੀ।

ਵੇਖੀਂ ਕੇਸ ਦੇਵੀਂ ਨਾ ਜਹਾਜ਼ ਲਾਜ ਦੇ,
ਬੋਲੀ ਆਂਡੇ ਆਹਲਣਿਊਂ ਚੱਕਣ ਬਾਜ਼ ਦੇ।
ਮਛੀਆਂ ਕਮਲੀਏ ਟਿੱਬਿਆਂ ਤੋਂ ਟੋਹੇਂ ਨੀ,
ਵੇਖੀਂ ਲਾਜ ਸੋਹਰੇ ਨੂੰ ਲਵਾਦੀਂ ਨੂੰਹੇ ਨੀ।

ਪਾਵੇਂ ਦੁੱਧ ਸੱਪ ਨੂੰ, ਸਹੂੰਦੇ ਨੂੰ ਚੰਗਾ ਨੀ,
ਛੱਡਿਆ ਕਿਤੇ ਜਿਊਂਦਾ ਨਾ ਖਰਨ ਜੋਗਾ ਨੀ।
ਖਿੜੇ ਫੁੱਲ ਅਗਲੀ ਮਚਾਵੇਂ ਲੋਹੇਂ ਨੀ,
ਵੇਖੀਂ ਲਾਜ ਸੋਹਰੇ ਨੂੰ ਲਵਾਦੀਂ ਨੇਹੇਂ ਨੀ।

ਮੇਰੇ ਜਿਊਂਦੇ ਵੈਰੀ ਦੀ ਬਰਨ ਲੱਗੀਂ ਨੀ,
ਹੋ ਜਾ ਧਰੂ ਮੇਰੀਆਂ ਅੱਖਾਂ ਦੇ ਅੱਗੇਂ ਨੀ।
ਰਾਮ ਬੋਲੇ ਸਾ ਥੇ ਰੈਣ ਨੂੰ ਬਚੋਹੇਂ ਨੀ,
ਵੇਖੀਂ ਲਾਜ ਸੋਹਰੇ ਨੂੰ ਲਵਾਦੀਂ ਨੇਹੇ ਨੀ।

ਛੋੜ ਗਿਆ ਤਰਾਤਾਂ ਜਿਊਂਦੇ ਪ੍ਰੀਵਾਰ ਨੂੰ,
ਵਾਹਨੂੰ ਮੱਥਾ ਚੱਲੀ ਟੇਕਣ ਗਦਾਰ ਨੂੰ।
'ਬਾਬੂ' ਜੀ ਕਿਉਂ ਰਾਮ ਦੇ ਚਰਨ ਛੋਹੇਂ ਨੀ,
ਵੇਖੀਂ ਲਾਜ ਸੋਹਰੇ ਨੂੰ ਲਵਾਦੀ ਨੇਹੇ ਨੀ।

॥ਦੋਹਿਰਾ॥

ਮੰਨਦੀ ਨਹੀਂ ਸਲੋਚਣਾ, ਗਈ ਰਾਮ ਦੇ ਪਾਸ।
ਸੀਸ ਦੇ ਦਿਉ ਮੇਘ ਦਾ, ਸਤੀ ਹੋਣ ਦੀ ਆਸ।
ਸੀਸ ਹਸਾਵੋ ਲੈ ਜਿਊ, ਕਹੇ ਰਾਮ ਅਵਤਾਰ।
ਸੀਸ ਹੱਸੇ ਕਿੱਚ ਰੱਖ ਦੇ, ਆਹ ਗੱਲ ਸੁਣਦਿਆਂ ਸਾਰ।

## ਸ਼ਬਦ ਨੰਬਰ—43

ਸਤੀ ਧਤੀ ਦਾ ਪੱਟਾ ਤੋ ਸਿਰ ਧਰਕੇ, ਹੱਥ ਦੇ ਉਤਾਰ ਨੂੰ ਜੋੜ ਲੈ,
ਜਿਹੜਾ ਜਿਉਂ ਗਿਆ ਉਸ ਤੋਂ ਡਰਕੇ, ਕਰਕੇ ਨਿਹਾਲ ਮੋੜਲੋ।
ਧੂਲ ਥਿਨ੍ਹਤੇ ਸੱਚੇ ਦੇ ਜੱਸ ਦੇ, ਬੈਠਗੀ ਪਿਆਰੀ ਰਾਮ ਦੀ,
ਖਿੜ-ਖਿੜ ਸੀ ਚਿੱਟੇ ਜੇ ਦੰਦ ਹੱਸਦੇ, ਵੇਖਦੀ ਕਚੈਹਰੀ ਰਾਮ ਦੀ।

ਰਹੀ ਸਾਰੀ ਜੋ ਉਮਰ ਦੁੱਧ ਧੋਤੀ, ਪਤੀ ਤੂੰ ਜਵਾਨ ਸੀ ਹੁੰਦਾ,
ਜਾਣੀਂ ਕਲੀਆਂ ਖਿੜਨ ਫੁੱਲੋ ਮੋਤੀ, ਕਿਉਂ ਨੀ ਕੁਰਬਾਨ ਤੂੰ ਹੁੰਦਾ।
ਪੁੱਤ ਜਣੇ ਜੋ ਬਹਾਦਰ ਸੱਸ ਦੇ, ਮੰਨਦੇ ਪਿਆਰੀ ਰਾਮ ਦੀ,
ਖਿੜ-ਖਿੜ ਸੀ ਚਿੱਟੇ ਜੇ ਦੰਦ ਹੱਸਦੇ, ਵੇਖਦੀ ਕਚੈਹਰੀ ਰਾਮ ਦੀ।

ਮਰੇ ਮੇਘ ਨੂੰ ਸੁਣਾਉਂਦੀ ਮਿਹਣੀਆਂ, ਵੇਖੀ ਜਰ ਜ਼ਾਲਿਮ ਤੂੰ ਪੀਆ।
ਸਦਾ ਚਾਹੁੰਦਾ ਟਹਿਲ ਵਿੱਚ ਛਿਣੀਆਂ, ਕਰ ਦੇਂਦਾ ਰਹਿਮ ਤੂੰ ਪੀਆ।

ਬੋਲੀ ਔਗਣ ਜ਼ਬਾਨੋਂ ਦੱਸਦੇ, ਖੈਰ ਮੈਂ ਮਨਾਵਾਂ ਸ਼ਾਮ ਦੀ,
ਖਿੜ-ਖਿੜ ਸੀ ਚਿੱਟੇ ਜੋ ਹੱਸਦੇ, ਵੇਖਦੀ ਕਚਹਿਰੀ ਰਾਮ ਦੀ।

ਦੋਵੇਂ ਗਿੱਲੀਆਂ ਸੁਰਖ਼ ਜਿਹੀਆਂ ਬੁੱਲ੍ਹੀਆਂ, ਦੂਰੋਂ ਝਮਕਾਰ ਜਿਹਾ ਪਿਆ,
ਨਾਲੇ ਅੱਖੀਆਂ ਰੜਕ ਦੇ ਮੁੱਲ੍ਹੀਆਂ, ਝਾਕੇ ਸਰਦਾਰ ਜਿਹਾ ਪਿਆ।
ਚੰਗੇ ਐਹੋ ਜੋ ਸਖ਼ੀ ਦੇ ਘਰ ਵੱਸਦੇ, ਦੁਨੀਆਂ ਚੁਫੇਰੋਂ ਗਾਂਵਦੀ,
ਖਿੜ-ਖਿੜ ਸੀ ਚਿੱਟੇ ਜੋ ਦੰਦ ਹੱਸਦੇ, ਵੇਖਦੀ ਕਚੀਹਰੀ ਰਾਮ ਦੀ।

ਦੋਵੇਂ ਗਿੱਲੀਆਂ ਸੁਰਖ਼ ਜਿਹੀਆਂ ਬੁੱਲ੍ਹੀਆਂ, ਦੂਰੋਂ ਝਮਕਾਰ ਜਿਹਾ ਪਿਆ,
ਨਾਲੇ ਅੱਖੀਆਂ ਭੜਕ ਕੇ ਮੁੰਦ੍ਹੀਆਂ, ਝਾਕੇ ਸਰਦਾਰ ਜਿਹਾ ਪਿਆ।
ਚੰਗੇ ਐਹੋ ਜੋ ਸਖ਼ੀ ਦੇ ਘਰ ਵੱਸਦੇ, ਦੁਨੀਆਂ ਚੁਫੇਰੋਂ ਗਾਂਵਦੀ।
ਖਿੜ-ਖਿੜ ਸੀ ਚਿੱਟੇ ਜੋ ਦੰਦ ਹੱਸਦੇ, ਵੇਖਦੀ ਕਚੀਹਰੀ ਰਾਮ ਦੀ।

ਸੀਸ ਮੇਘ ਦਾ ਖੁਸ਼ੀ ਦੇ ਨਾਲ ਹੱਸਿਆ, ਉੱਠ ਸਲੋਚਨਾ ਖੜ੍ਹੀ,
ਆ ਕੇ ਕੋਦਲ ਮੇਘ ਦਾ ਵੇਖਿਆ, ਰਾਮ ਕੋਲੇ ਲੰਕਾਗੀ ਝੜੀ।
ਮਾਰ ਘਟਾਂ 'ਚੋਂ ਚੰਦਰਮਾ ਜਿਉਂ ਲੱਕਦੇ, ਲੱਗੀ ਸੀ ਖੁਸ਼ਹਾਲ ਸਾਹਮ ਦੀ,
ਖਿੜ-ਖਿੜ ਸੀ ਚਿੱਟੇ ਜੋ ਦੰਦ ਹੱਸਦੇ, ਵੇਖਦੀ ਕਚੀਹਰੀ ਰਾਮ ਦੀ।

ਲੈ ਕੇ ਵਾਸਨਾ ਉੱਡਣ ਫੁੱਲੋਂ ਭੌਰ ਜਾਂ, ਲੈਣਾ ਇਕ ਥਾਂ ਕੀ ਖੜ੍ਹਕੇ,
ਰਾਜ਼ੀ ਹੋਣਗੇ ਮਰਦ ਸਣੇ ਔਰਤਾਂ, 'ਬਾਬੂ' ਦੀ ਰਮਾਇਣ ਪੜ੍ਹਕੇ।
ਵਿੱਚ ਤਰਜ਼ਾਂ ਭਰੇ ਦੇ ਛੰਦ ਰਸਦੇ, ਸਾਰੇ ਲਾਇਕ ਨੇ ਅਨਾਮ ਦੀ,
ਖਿੜ-ਖਿੜ ਸੀ ਚਿੱਟੇ ਜੋ ਦੰਦ ਹੱਸਦੇ, ਵੇਖਦੀ ਕਚੀਹਰੀ ਰਾਮ ਦੀ।

## ਬੈਂਤ—44

ਰਾਵਣ ਪੁੱਤਰ ਨਰਾਂਤਕ ਨੂੰ ਬਾਹਿਣ ਲੱਗਾ, ਲਾ ਕੇ ਪੰਜ ਹਥਿਆਰ ਤੂੰ ਸਰਗ ਦੇ ਜੀ।
ਮੇਘਨਾਥ ਦੇ ਲੱਖਣ ਫੁਲਵਾਰ ਮਾਰੀ, ਤੂਜਾ ਉੱਭਰੀ ਵਾਂਗਰਾਂ ਗਰਜ ਦੇ ਜੀ।

ਵੈਰੀ ਜਾਵੇ ਨਾ ਦੇਖ ਰਣ ਭੂਮਕਾ 'ਚੋਂ, ਪਰਬਤ ਨਾਲ ਸਮੁੰਦਰ ਦੇ ਨਰੜ ਦੇ ਜੀ।
ਹਾਥੀ ਨਾਲ ਮੁਕਾਬਲਾ ਲੂੰਬੜੀ ਦਾ, ਚੋਰ ਚੰਗੀਆਂ ਜਰਕ ਕੇ ਸਰਕ ਦੇ ਜੀ।

ਜਿਹੜੇ ਚੱਕ ਪਟਾਥਾਇ ਦੇ ਧਰਤ ਉੱਤੇ, ਸਾਹਨ ਵਾਂਗਰਾਂ ਹੇਠ ਲੈ ਦਰਸ਼ ਦੇ ਜੀ।
ਫੇੜੀ ਜੋੜ ਦੇਹ ਬਲਦ ਸੁਹਾਗਿਆਂ ਨੂੰ, ਭਲੇ ਤੇਗ ਕਿਆਰਕੱ ਫਰਕ ਦੇ ਜੀ।

ਜਿਸਮ ਪੱਛਦੇ ਮਾਰਕੇ ਬਰਛੀਆਂ ਨੂੰ, ਸੀਸ ਵਾਂਗ ਖਰਬੂਜ਼ ਦੇ ਫਰਜ਼ ਦੇ ਜੀ।
ਪੇਟ ਪਾੜ ਬਣਾਇਦਿਉ ਘੋਗਰੇ ਜੀ, ਵਢ ਰਗਾਂ ਤੇ ਗਰਦਨਾਂ ਪਰਗ ਦੇ ਜੀ।

ਰਤੂ ਨਹਿਰ ਵਗ੍ਹਾ ਦਿਉ ਮੈਲਿਆਂ ਦੀ, ਧੁੰਡ ਚਵਲ ਦੇ ਵਾਂਗਰਾਂ ਹਰਫ਼ ਦੇ ਜੀ।
ਹੁਣ 'ਬਾਬੂ' ਜੇ ਮੈਟ੍ਰਿਕ ਪਾਸ ਕਰਦੇ, ਪਾਸ ਹੋਣ ਫਾਈਨਲ ਵਿੱਚ ਬਰਫ਼ ਦੇ ਜੀ।

॥ ਦੋਹਿਰਾ ॥

ਅਹੀ ਰੌਣ ਗਿਆ ਲੜਨ ਨੂੰ, ਨਹੀ ਜੋਰ ਦਾ ਅੰਤ।
ਮਾਰੂ ਡਾਲ ਪਤਾਲ 'ਚੋਂ, ਹਨੂੰਮਾਨ ਬਲਵੰਤ।

**ਮੁਕੰਦ ਛੰਦ—46**

ਅਹੀ ਰੌਣ ਲੜਕੇ ਲੜਾਈ ਹਾਰ ਗਿਆ,
ਹਨੂੰਮਾਨ ਮਕਾਰੋਂ ਉਡਾਰੀ ਮਾਰ ਗਿਆ।
ਜਿਵੇਂ ਗੋਲੀ ਨਿੱਕਲੇ ਬੰਦੂਕ ਨਾਲ ਤੋਂ,
ਅਹੀ ਰੌਣ ਮਾਰਿਆ ਭਾਲਕੇ ਪਤਾਲ ਤੋਂ।

ਰਾਖਸ਼ ਨਸੰਕ ਵੇਖ ਦਿੰਦੇ ਅੰਗਾਰੇ,
ਹਨੂੰ ਜਾਂਦਾ ਮਾਰਦਾ ਦੁਸ਼ਟੀ ਸੰਘਾਰੇ,
ਦੇ ਗਿਆ ਭੀੜ ਨਿੱਕਲ ਕਮੰਦ ਜਾਲ ਤੋਂ,
ਅਹੀ ਰੌਣ ਮਾਰਿਆ ਭਾਲਕੇ ਪਤਾਲ ਤੋਂ।

ਪੁੱਤ ਦਸ ਸਿਰਾਂ ਵਾਲੇ ਦਾ ਦੰਗਿਆੜਦਾ,
ਪਿੱਛੇ ਜਾਵੇ ਘੁਰਦਾ ਕਰੇਲਾ ਹਾੜ੍ਹ ਦਾ।
ਬਚਣਾ ਮੁਹਾਲ ਅੰਜਨੀ ਦੇ ਲਾਲ ਤੋਂ,
ਅਹੀ ਰੌਣ ਮਾਰਿਆ ਭਾਲਕੇ ਪਤਾਲ ਤੋਂ।

ਬਗਲੇ ਨੇ ਖਿੱਚਲੀ ਘਕੀਸ ਬੌਛ 'ਚੋਂ,
ਚੂੰਢ ਮਾਰ ਚੂਸ ਲਿਆ ਕਲੌਂਜ ਡੌਂਡ 'ਚੋਂ।
ਵੇਖ ਜਿੰਦ ਜਾਵੇ ਦੁਸ਼ਮਣੋ ਮਖਿਆਲ ਤੋਂ,
ਅਹੀ ਰੌਣ ਮਾਰਿਆ ਭਾਲਕੇ ਪਤਾਲ ਤੋਂ।

ਸੀਸ ਤੋਂ ਉਲਾੜ ਮਾਰਦਾ ਗੁਰਜ ਨੂੰ,
ਰੌਲੀਆਂ ਇੱਟਾਂ ਦੇ ਢੇਰ ਲਿਆ ਬੁਰਜ ਨੂੰ।

ਹਿੱਲਿਆ ਨਾ ਜਾਵੇ ਕੱਟੜ ਸਵਾਲ ਤੋਂ,
ਅਹੀ ਰੌਣ ਮਾਰਿਆ ਭਾਲਕੇ ਪਤਾਲ ਤੋਂ।

ਮਾਰਕੇ ਫੜੌਂਪੇ ਗੁਣ ਜੀ ਨੂੰ ਮਿੱਧਦਾ,
ਭੂੰਚ ਕੀ ਬਣਾਊਂ ਖਾਣ ਵਾਲਾ ਲਿੰਦ ਦਾ,
ਮਿਲਣਾ ਬਦੇ ਨਾ ਛੁਟਕਾਰਾ ਕਾਲ ਤੋਂ,
ਅਹੀ ਰੌਣ ਮਾਰਿਆ ਭਾਲਕੇ ਪਤਾਲ ਤੋਂ।

ਚਣੀ ਜਾਪ ਕਰਦੇ ਬਣਾਕੇ ਖਬ ਜੀ,
ਜ਼ੋਰ ਨਾਲ ਲੈਂਦੇ ਰਿਖੀਆਂ ਤੋਂ 'ਕਰ' ਜੀ।
ਲਗੋਂ ਪਾਥ ਪਾਪੀਓਂ ਬਥੇਰੇ ਸਾਲ ਤੋਂ,
ਅਹੀ ਰੌਣ ਮਾਰਿਆ ਭਾਲਕੇ ਪਤਾਲ ਤੋਂ।

ਜੰਗਲਾਂ 'ਚੋਂ ਇਨ੍ਹਾਂ ਨੇ ਉਜਾੜੇ ਵੱਸਦੇ,
ਇਹਦੀ ਰਾਜਧਾਨੀ ਅਮਰੀਕਾ ਦੱਸਦੇ,
ਗਿਣ-ਗਿਣ ਲੈ ਲੂ ਬਦਲੇ ਚੰਡਾਲ ਤੋਂ,
ਆਹੀ ਰੌਣ ਮਾਰਿਆ ਭਾਲਕੇ ਪਤਾਲ ਤੋਂ।

'ਰੰਜਬਲੀ' ਛਾਪੜੀ ਕਿਤਾਬ ਤੀਸਰੀ,
ਕਿਤਨੀ ਕੁ ਦੇਖੋ ਲੱਚਰ ਕਵੀਸ਼ਰੀ,
ਪੁੱਛ ਲੈ ਧੀਰਾਂਇਉਂ ਰਾਮ ਸਿਉਂ ਦਿਆਲ ਤੋਂ,
ਅਹੀ ਰੌਣ ਮਾਰਿਆ ਭਾਲਕੇ ਪਤਾਲ ਤੋਂ।

॥ ਦੋਹਿਰਾ ॥

ਆਹੀ ਰੌਣ ਨੂੰ ਮਾਰਤਾ, ਮੁੱਕ ਗਿਆ ਜਦੋਂ ਕਲੇਸ਼।
ਤੇ ਮਕਰੋਂ ਪ੍ਰਬੰਧ ਕਰਨ ਨੂੰ, ਚੜ੍ਹਦਾ ਰੌਣ ਲੰਕੇਸ਼।

**ਛੰਦ ਕੋਰੜਾ—47**

ਲੰਕਪਤੀ ਨੇ ਤਿਆਰੀ ਕਰਲੀ, ਪੁੱਤ ਸਰਦਾਰ ਦੇ ਪਿੱਛੋਂ,
ਜਿੰਦ ਵੱਢਕੇ ਤਲੀ ਤੇ ਧਰਲੀ, ਸਾਰੇ ਪਰਿਵਾਰ ਦੇ ਪਿੱਛੋਂ।
ਨਾਰਾਂ ਵੇਖੀ ਜਾਣ ਮਹਿਲ ਝਰੋਖੇ, ਸ਼ੇਰ ਨੂੰ ਘਰੂਰਕੇ ਪੈਂਦੇ,
ਜੋਹਨੂੰ ਵਡਲੇ ਜ਼ਿਮੀਂ ਦੇ ਲੋਕੇ, ਆਫ਼ਰੀ ਦਲੇਰ ਰੌਣ ਦੇ।

ਨਲ-ਨੀਲ ਨੇ ਬਣਾਲੀ ਜੋਟੀ, ਰਾਮ ਜੀ ਚੜ੍ਹਾਤੇ ਚੰਮ੍ਹਾਲਾ,
ਕਹਿੰਦਾ ਖੰਤ 'ਚ ਖਿਲਾਰੂੰ ਬੋਟੀ, ਮੇਰਾ ਨਾ ਸੁਖਾਲਾ ਹਮਲਾ,

ਵਾਰੀ-ਵਾਰੀ ਤਾਂ ਲਵੇ ਸਭ ਚੋਵੇਂ, ਪਾਊਂ ਜਰਖਾਣੇ ਪੈਣ ਦੇ,
ਜੋਹਨੂੰ ਫੜਲੇ ਜ਼ਿਮੀਂ ਤੇ ਠੋਕੇ, ਆਫ਼ਰੀ ਦਲੇਰ ਰੌਣ ਦੇ।

ਹਨੂੰਮਾਨ ਦੇ ਮਾਰਦਾ ਠੇਡੇ, ਫੁੱਟਬਾਲ ਵਾਂਗੂੰ ਸਿੱਟਦੇ,
ਜੜ੍ਹੋਂ ਪੱਟ ਤੇ ਅਸ਼ੋਕ ਦੇ ਪੇੜੇ, ਮੰਦਰ ਸੁਨਹਿਰੀ ਢਿੱਟ ਕੇ,
ਭਰ ਵੱਗੀ ਗਿਆ ਲਹੂ ਦੇ ਬੋਕੇ, ਉੱਪਰ ਖੜ੍ਹਕੇ ਮੋੜ ਦੇ,
ਜੋਹਨੂੰ ਫੜਲੇ ਜ਼ਿਮੀਂ ਤੇ ਠੋਕੇ, ਆਫ਼ਰੀ ਦਲੇਰ ਰੌਣ ਦੇ।

ਉਤਾਂਹ ਅੰਗਦ ਉਠਾ ਲਿਆ ਪੱਟ ਤੋਂ, ਕਹਿੰਦਾ ਫਿਰੇ ਪੱਟ ਨਾ ਹੌਂਕਿਆ,
ਪਰ੍ਹੇ ਮਾਰਿਆ ਛਲਾਂਗ ਦੂਰ ਚੱਟ ਤੋਂ, ਹੱਸੀ ਜਾਏ ਨਸ਼ੇ ਦਾ ਤੌਂਕਿਆ।
ਡਿੱਗਿਆ ਪੱਥਰਾਂ ਵਿਚਾਲੇ ਪੁੱਠਾ ਹੋ ਕੇ, ਗੋਡੇ ਖਾਂਦਾ ਵਾਂਗ ਭੇਣ ਦੇ,
ਜੋਹਨੂੰ ਫੜਲੇ ਜ਼ਿਮੀਂ ਤੇ ਠੋਕੇ, ਆਫ਼ਰੀ ਦਲੇਰ ਰੌਣ ਦੇ।

ਕਿਹੜਾ ਜੰਗ ਤੇ ਬਰਾਬਰ ਜਲ ਮੋਂ, ਵੈਰੀ ਨੂੰ ਉਡੀਕਾਂ ਚਿਰ ਦਾ,
ਲਛਮਣ ਦੇ ਕਮੰਦ ਪਾਲੀ ਗਲ ਮੋਂ, ਚਾਹਣਾਂ 'ਚ ਘਸੀਟੀ ਫਿਰਦਾ,
ਤੇਜ਼ ਖੰਡੇ ਜੋ ਮੁੜਨ ਵੇਲ ਟੱਕੋਂ, ਰੋਜ ਫੜ ਨਾਲ ਲੋਹਣ ਦੇ,
ਜੋਹਨੂੰ ਫੜਲੇ ਜ਼ਿਮੀਂ ਤੇ ਠੋਕੇ, ਆਫ਼ਰੀ ਦਲੇਰ ਰੌਣ ਦੇ।

ਨਾਥੇ ਦੇ ਵਿਉਂ ਰਾਮ ਨੂੰ ਰਪਟਾਂ, ਲੋਗੜੇ ਕੁਮਾਰੇ ਨਾਲ ਦੇ,
'ਬਾਬੂ' ਆਉਂਦੀਆਂ ਛੰਦਾਂ 'ਚੋਂ ਲਪਟਾਂ, ਮੋਮ ਵਾਂਗੂੰ ਜਾਂਦੇ ਢਾਲਦੇ,
ਜੋੜ, ਭਗਤੂ ਸੁਣਾਉਣ ਖੜਕੇ, ਤਰਜ਼ਾਂ ਜਵਾਰ ਲੈਣ ਦੇ,
ਜੋਹਨੂੰ ਫੜਲੇ ਜ਼ਿਮੀਂ ਤੇ ਠੋਕੇ, ਆਫ਼ਰੀ ਦਲੇਰ ਰੌਣ ਦੇ।

॥ਦੋਹਿਰਾ॥
ਤਰੱਥਲ ਪਾਤਾ ਜੁਆਨ ਨੇ, ਚੜ੍ਹੇ ਅਕਾਸ਼ ਗੁਬਾਰ।
ਰਾਮ ਚੰਦਰ ਅਵਤਾਰ ਨੇ, ਦੀਆ ਰੌਣ ਕੋ ਮਾਰ।

**ਛਿੜ੍ਹਕਾ ਛੰਦ—48**

ਲੱਖ ਪੁੱਤ ਤੇ ਲੱਖ ਤੋਂ ਜ਼ਿਆਦਾ ਪੋਤੇ ਸੀ, ਤੇ ਸ਼ਹਿਰ ਸੀ ਸਵਰਨ ਦਾ,
ਘੋੜੇ ਲੱਖੇ ਹਾਥੀ ਝੂਲਦੇ ਖਫੇਤੇ ਸੀ, ਸੁਨੇਹਾ ਆ ਗਿਆ ਮਰਨ ਦਾ।
ਚੰਦ ਵਾਂਗੂੰ ਪੈਂਣ ਚਮਕਾਰੇ ਫੇਸ ਦੇ, ਹੋਬਾਰ ਪਾਤਾ ਮਾਲ ਨੇ,
ਧਾਗੇ ਨਾਲ ਬਾਲ ਬੰਨ੍ਹਿਆ ਵਿਆ ਲੰਕੇਸ਼ ਦੇ, ਲੰਕੇਸ਼ ਮਾਰਿਆ ਕਾਲ ਨੇ।

ਆ ਕੇ ਚੰਦ ਸੂਰਜ ਰਸੋਈ ਕਰਦੇ, ਪਵਣ ਛੱਲੇ ਪੱਖੀਆਂ,
ਦੇਵ ਤੇ ਇੰਦਰ ਵਰਗੇ ਵੀ ਡਰਦੇ, ਸੀ ਨਾ ਮਿਲਾਉਂਦੇ ਅੱਖੀਆਂ।
ਪੈਰਾਂ ਪੈਂਦੇ ਸਾਰੇ ਰਜਵਾੜੇ ਦੇਸ਼ ਦੇ, ਸੀ ਜਿਤਨੇ ਭੂਪਾਲ ਨੇ,
ਪਾਵੇ ਨਾਲ ਕਾਲ ਬੰਨ੍ਹਿਆ ਪਿਆ ਲੰਕੇਸ਼ ਦੇ, ਲੰਕੇਸ਼ ਮਾਰਿਆ ਕਾਲ ਨੇ।

ਟੀਕਾ ਲੰਕਾਪਤੀ ਨੇ ਕਰਿਆ ਸੀ ਵੇਦਾਂ ਦਾ, ਬੜਾ ਪੰਡਤ ਭਾਰੀ ਸੀ,
ਸੂਰਜ ਗਰੂਬ ਹੋ ਗਿਆ ਉਮੀਂਦਾ ਦਾ, ਜੋ ਰਘਵੀਰ ਹਾਰੀ ਸੀ।
ਪੌੜੀ ਲਾਉਂਦੀ ਸੁਰਗ ਨੂੰ ਇਰਾਦੇ ਏਸ ਦੇ, ਤੇ ਘੇਰਾ ਪਾ ਲਿਆ ਜਾਲ ਨੇ,
ਪਾਵੇ ਨਾਲ ਕਾਲ ਬੰਨ੍ਹਿਆ ਪਿਆ ਲੰਕੇਸ਼ ਦੇ, ਲੰਕੇਸ਼ ਮਾਰਿਆ ਕਾਲ ਨੇ।

ਹੱਥਕੜੀ ਮੌਤ ਨੂੰ ਲਗਾਈ ਕਰੜੀ, ਸੀ ਖ਼ੈਰ ਨਾ ਗੁਜ਼ਾਰਾਂਗੇ,
ਥੁੰਡੀ ਵਾਂਗੂੰ 'ਦੈਂਤ' ਦੇ ਅਠਾਰਾਂ ਨਰੜੀ, ਜਦੋਂ ਜੀ ਚਾਹੂ ਮਾਰਾਂਗੇ।
ਕਰ ਲੈਂਦੇ ਕਿਸੇ ਮੁਨੀ ਨੂੰ ਅਡੇਸ ਦੇ, ਡਬੋਣਾ ਧੂੰਣੀ ਚਾਲ ਨੂੰ,
ਪਾਵੇ ਨਾਲ ਕਾਲ ਬੰਨ੍ਹਿਆ ਪਿਆ ਲੰਕੇਸ਼ ਦੇ, ਲੰਕੇਸ਼ ਮਾਰਿਆ ਕਾਲ ਨੇ।

ਨਾਲ ਉਹਨੂੰ ਦਸਾਂ ਸਿਰਾਂ ਦਾ ਵੀ ਮਾਣ ਸੀ, ਤੇ ਵੀਰ ਕੁੰਭਕਰਨ ਦਾ,
ਦੇਵਤੇ ਜਿੱਤਣ ਵਾਲਾ ਪੁੱਤ ਜੁਆਨ ਸੀ, ਜੋ ਨਾ-ਨਾਂ ਲੈਂਦਾ ਡਰਨ ਦਾ,
ਆਖੇ ਜਿੰਦ ਵਿੱਚ ਵਸਗੀ ਕਲੇਸ਼ ਦੇ, ਨਾ ਹੋਣੀ ਵੇਲੇ ਟਾਲ ਨੇ,
ਪਾਵੇ ਨਾਲ ਕਾਲ ਬੰਨ੍ਹਿਆ ਪਿਆ ਲੰਕੇਸ਼ ਦੇ, ਲੰਕੇਸ਼ ਮਾਰਿਆ ਕਾਲ ਨੇ।

ਬੁਰਾ ਕੀਤਾ ਨਾਰ ਚੱਕਲੀ ਔਤਾਰ ਦੀ, ਪਛਤਾਉਂਦਾ ਮਰਜੂ,
ਜਿੰਦੜੀ ਗੁਆਬੈ ਸਾਰੇ ਪ੍ਰਵਾਰ ਦੀ, ਦਹਿ-ਸਿਰਾ ਜਿਆ ਠਰਜੂ।
ਰਾਮ ਹੋਗੇ ਵਿੱਚ ਸੀ ਫਕੀਰੀ ਭੇਸ ਦੇ, ਤੂੰ ਜਾ ਫਰੋਲੇਂ ਆਲ੍ਹਣੇ,
ਪਾਵੇ ਨਾਲ ਕਾਲ ਬੰਨ੍ਹਿਆ ਪਿਆ ਲੰਕੇਸ਼ ਦੇ, ਲੰਕੇਸ਼ ਮਾਰਿਆ ਕਾਲ ਨੇ।

'ਬਾਬੂ' ਢੰਗ ਰਚੇ ਦੁਨੀਆਂ ਕਮਾਉਣ ਦੇ, ਏਸ ਦੇਹ ਨਿਮਾਣੀ ਨੇ,
ਕੱਟ ਦਿੱਤੇ ਸਿਰ ਸੀ ਹੰਕਾਰੇ ਰੌਣ ਦੇ, ਰਾਮ ਦੀ ਜਵਾਨੀ ਨੇ।
ਏਹਦੇ ਨਾਵੇਂ ਜੱਗ 'ਚੋਂ ਬਣਾਵੇ ਮੇਸ ਦੇ, ਕੁਸ਼ੱਲਿਆ ਦੇ ਲਾਲ ਨੇ,
ਪਾਵੇ ਨਾਲ ਕਾਲ ਬੰਨ੍ਹਿਆ ਪਿਆ ਲੰਕੇਸ਼ ਦੇ, ਲੰਕੇਸ਼ ਮਾਰਿਆ ਕਾਲ ਨੇ।

॥ਦੋਹਿਰਾ॥
ਹੁੰਦੇ ਜ਼ੁਲਮ ਜਹਾਨ ਤੇ, ਬੜੇ ਧਰਤ ਸਿਰ ਭਾਰ।
ਕਾਲ਼ ਪਰਗਟ ਹੋ ਮਾਰਤਾ, ਰਾਵਣ ਕਰੇ ਹੰਕਾਰ।

## ਤਰਜ਼—49

ਰਾਜੇ ਜਨਕ ਨੇ ਬੜੇ ਅਡੰਬਰ, ਜਦੋਂ ਧੀ ਦੇ ਰਚੇ ਸਵੰਬਰ, ਜੀਹਦਾ ਸ਼ਰਮ-ਧਰਮ ਵਿੱਚ ਨੰਬਰ,
ਆਗੇ ਬਾਤਾਂ ਜਿਸ ਥਾਂ ਸੁਣੀਆਂ ਸੀ, ਦਰਸ਼ਦੀ ਮਰਦੀ ਦੁਨੀਆਂ ਸੀ।
ਆਉਂਦੇ ਜਾਂ ਉੱਡਣ ਖਟੋਲੇ, ਧਾਧੀ ਰੋਣ ਗਰਜ ਕੇ ਬੋਲੇ, ਨਾ ਹਿੱਲਿਆ ਧਨੁਸ਼ ਜਦ ਤੋਲੇ,
ਰੋਗ ਮੁਸ਼-ਮੁਤ ਧੌਂਸ ਛੀ ਵਾਰ ਗਿਆ, ਹੰਕਾਰ ਕਰਿਆ ਵਿਆ ਮਾਰ ਗਿਆ।

ਰਾਮ ਬਣ ਨੂੰ ਗਿਆ ਛੱਡ ਖੇਡੇ, ਆ ਰਾਵਣ ਦੀ ਭੈਣ ਕੋਲੇ, ਮੱਥੇ ਲਛਮਣ ਲੱਗੇ ਕੰਡੇ,
ਨੱਕ ਬਰਛੀ ਮਾਰਕੇ ਵੱਢ ਲਿਆ ਹੈ, ਮੂੰਹ ਆਲੇ ਵਾਂਗੂੰ ਟੰਗ ਲਿਆ ਹੈ।
ਜਾ ਕੇ ਘਰੇ ਬਚੇ ਨੱਕ ਟੱਬਲੀ, ਰੋਗੀ ਭੈਣ ਤੇ ਬੜੀ ਬੇਅਕਲੀ, ਉਹਨੇ ਤੌਰ ਦਾਸ਼ਰਥ ਦੀ ਚੌਕਲੀ,
ਜਦੋਂ ਰਾਮ ਅਵਤਾਰ ਸ਼ਿਕਾਰ ਗਿਆ, ਹੰਕਾਰ ਕਰਿਆ ਵਿਆ ਮਾਰ ਗਿਆ।

ਲੱਗੇ ਮਰਦ ਭਰਾ ਵੀ ਉਹਦੇ, ਫੜ ਤੀਰਾਂ ਨਾਲ ਖੁੰਦੇ, ਨਾਲ ਰਲਗੇ ਦੈਂਤ ਦੇ ਜੋਧੇ,
ਰਾਮ ਕਰਿਆ ਰੌਣ ਨੇ ਮਾੜਾ ਸੀ, ਸੀਤਾ ਚੌਕਲੀ ਮਾਰਕੇ ਧਾੜਾ ਸੀ।
ਲੋਕ ਕਰਨ ਰਾਮ ਦੀ ਮੰਨਤਾ, ਪੁਲ ਬਾਣੀ ਰੋਸ ਵਿੱਚ ਬੰਨ੍ਹਤਾ, ਸਾਰਾ ਬਾਗ਼ ਰੌਣ ਦਾ ਭੰਨਤਾ,
ਮਾਰਿਆ ਅੱਛਕੂਪਾਲ ਜਦ ਬਾਹਰ ਗਿਆ, ਹੰਕਾਰ ਕਰਿਆ ਵਿਆ ਮਾਰ ਗਿਆ।

ਆਕਸ਼ਰੀਨ ਮੇਘ ਦੀ ਬਰਛੀ, ਫੜ੍ਹ ਚੱਕਰੇ ਖਿਲਾਰੇਂ ਕਰ ਸੀ, ਵਰ ਮਿਲਿਆ ਉਸਨੂੰ ਅਰਸ਼ੀ,
ਆਜੇ ਹੱਥ 'ਚ ਚਲਾਈ ਮੁੜਕੇ ਜੀ, ਜੀਹਦੇ ਲੱਗਜੇ ਲਗਾੜ ਵਾਂਗ ਭੁੜਕੇ ਜੀ।
ਤੇਰੇ ਸ਼ਾਬਾਸ਼ ਮੇਘ ਦੀਏ ਤੇਗੋ, ਮਾਰ ਲਹੂ ਦੇ ਚੜ੍ਹਾਤੇ ਸੇਗੋ, ਮੱਲ ਲਛਮਣ ਰਣਗੀ ਛੇਗੋ,
ਉਹ ਤੋਂ ਇੰਦਰ ਰਾਜਾ ਹਾਰ ਗਿਆ, ਹੰਕਾਰ ਕਰਿਆ ਵਿਆ ਮਾਰ ਗਿਆ।

ਰਾਮ ਬੋਦ ਨੂੰ ਹਨੂੰਮਾਨ ਘੱਲਿਆ, ਪੁੱਤ ਪੌਣ ਦਾ ਪੌਣ ਬਣ ਚੱਲਿਆ, ਬੂਟੀ ਮਿਲੀ ਨਾ ਜਿਗਰ ਗਿਆ ਸੱਲਿਆ,
ਉੱਤੇ ਪਰਬਤ ਚੁੱਕ ਲਿਆ ਫਲੀਆਂ ਦੇ, ਅੜਬੀਨ ਐਹੋ ਜੇ ਬਲੀਆਂ ਦੇ।
ਉਹਨੇ ਦਿਨ ਨਾ ਚੜ੍ਹਨ ਦਾ ਜੁਆਨੇ, ਆਕੇ ਧੌਂਦਾ ਫਰਾਟੇ ਸਮਾਨੇ, ਜਤੀ ਲਛਮਣ ਬਚ ਗਿਆ ਜਾਨੋਂ,
ਹੱਥ ਦੇ ਕੇ ਰੱਖ ਕਰਤਾਰ ਗਿਆ, ਹੰਕਾਰ ਕਰਿਆ ਵਿਆ ਮਾਰ ਗਿਆ।

ਕਾਠ ਕੁੰਭਕਰਨ ਦਾ ਭਾਰਾ, ਮੂੰਹ ਚੌੜਾ ਨਾਸ ਚੁਬਾਰਾ, ਖਾ ਜੇ ਰਾਸ਼ਨ ਖਰ ਦਾ ਸਾਰਾ,
ਪੂਰੇ ਛਿਅਮਸ ਮਹੀਨੇ ਸੌਂਦਾ ਸੀ, ਸਾਰਾ ਇੱਕ ਦਿਨ ਦੇ ਵਿੱਚ ਛਕਦਾ ਸੀ।
ਫਿਰ ਹੋਰ ਸਾਧੂ ਦੇ ਚੌਬਲੇ, ਖਿਲਾਂ ਵਾਂਗਰ ਬਾਂਦਰ ਚੌਬਲੇ, ਉਹ ਵੀ ਇਜ਼ਰਾਈਲ ਨੇ ਲੱਭਲੇ,
ਉਹ ਵੀ ਇਕ ਦਿਨ ਛੱਡ ਸੰਸਾਰ ਗਿਆ, ਹੰਕਾਰ ਕਰਿਆ ਵਿਆ ਮਾਰ ਗਿਆ।

ਖਾਗੀ ਅਕਲ ਰੌਣ ਦੀ ਗੋਤਾ, ਵੇਦ ਪੜ੍ਹਕੇ ਬਣ ਗਿਆ ਖੋਤਾ, ਲੱਖ ਪੁੱਤਰ ਸਵਾ ਲੱਖ ਪੋਤਾ,
ਕਾਲ ਲੰਕਪਤੀ ਦਾ ਵੰਝਿਆ ਸੀ, ਦੀਵਾ ਬਲਣ ਜੋਗਾ ਨਾ ਛੱਡਿਆ ਸੀ।

ਕੁਝ ਮਾਰੇ ਮਾਰ ਤਜਾਤੇ, ਲੋਮੋਂ ਵਾਂਗ ਸੁਹਾਗਿਆਂ ਪਾੜੇ, 'ਬਾਬੂ' ਮਹਿਲ ਸੁਨਹਿਰੀ ਢਾੜੇ,
ਜਿੱਤ ਰਾਮ ਚੰਦਰ ਅਵਤਾਰ ਗਿਆ, ਹੰਕਾਰ ਕਰਿਆ ਵਿਆ ਮਾਰ ਗਿਆ।

### ਬੈਂਤ—30

ਰੋਣ ਹਾਰ ਗਿਆ ਰਾਮ ਦੀ ਜੇਤ ਹੋਗੀ, ਚੋਟ ਲੱਗਗੀ ਧੌਂਸ ਨਗਾਰਿਆਂ ਤੇ।
ਰਹੀਆਂ ਰਾਤ ਦਿਨ ਨੌਬਤਾਂ ਵੱਜਦੀਆਂ ਜੀ, ਹੋਗੇ ਬਾਂਦਰ ਰਿਛ ਬਕਾਰਿਆਂ ਤੇ।

ਪੁੱਤ ਪੋਤਰੇ ਰੋਣ ਦੇ ਖ਼ਤਮ ਹੋਗੇ, ਫਿੱਟ ਲਾਹਨਤਾਂ ਪੈਣ ਨਕਾਰਿਆਂ ਤੇ।
ਨਾਰਾਂ ਪਿੱਟਦੀਆਂ ਸਿੱਟਦੀਆਂ ਨੀਰ ਅੱਖੋਂ, ਸਿਆਪੇ ਕਰਦੀਆਂ ਫਿਰਨ ਹੰਕਾਰਿਆਂ ਤੇ।

ਛੋਟੇ ਰੋਣ ਦੇ ਵੀਰ ਨੂੰ ਤਿਲਕ ਦੇਤਾ, ਦੇਤਾ ਲੰਕ ਨੇ ਜ਼ੋਰ ਲਲਕਾਰਿਆਂ ਤੇ।
ਲਿਆਉਂਦੇ ਬਾਗ਼ ਅਸ਼ੋਕ 'ਚੋਂ ਜਾਨਕੀ ਨੂੰ, ਵਾਰੇ ਸੀਸ ਨਰੈਣ ਦੇ ਤਾਰਿਆਂ ਤੇ।

ਦੋਵੇਂ ਵੀਰ ਤੇ ਜਾਨਕੀ ਬੈਠ ਜਾਂਦੇ, ਨਾਲ ਹਨੂੰ ਬਬਾਨ ਸ਼ਿੰਗਾਰਿਆਂ ਤੇ।
ਜਾਮਵੰਤ ਨਲ, ਨੀਲ, ਸੁਗਰੀਵ, ਅੰਗਦ, ਬਾਕੀ ਹੋਣ ਅਸਵਾਰ ਤਿਆਰਿਆਂ ਤੇ,

ਜਾਂਦੇ ਵਤਨ ਨੂੰ ਉੱਡਣ ਖਟੋਲੜੇ ਜੀ, ਹੋਗੇ ਪੀਂਘ ਦੇ ਵਾਂਗ ਹੁਲਾਰਿਆਂ ਤੇ।
ਪਹੁੰਚ ਜਾਂਦੇ ਸ਼ਹਿਰ ਅਯੁੱਧਿਆ ਮੇਂ, ਨਾਰਾਂ ਫੁੱਲ ਬਰਸਾਉਣ ਚੁਬਾਰਿਆਂ ਤੇ।

ਲਾਲੇ ਹਿੱਕ ਨੂੰ ਪੁੱਤ ਸੁਮਿੱਤਰਾ ਨੇ, ਕਰੇ ਜਾਨ ਕੁਰਬਾਨ ਪਿਆਰਿਆਂ ਤੇ,
ਖੁਸ਼ੀ ਹੋਈ ਨੌਹਰ ਕੁਸ਼ੱਲਿਆ ਨੂੰ, ਧੰਨ ਵੇਹਦੀ ਵਾਰ ਦੁਲਾਰਿਆਂ ਤੇ।

ਵਾਜੇ ਵੱਜਦੇ ਵਿੱਚ ਅਯੁੱਧਿਆ ਦੇ, ਦੀਵੇ ਜਗਣ ਪਏ ਮਹਿਲ ਮੁਨਾਰਿਆਂ ਤੇ।
'ਬਾਬੂ' ਮੌਜ ਮਨਾਉਣ ਦੀਵਾਲੀਆਂ ਜੀ, ਹੋਗੇ ਬਹੁਤ ਮਸ਼ਹੂਰ ਜੱਗ ਸਾਰਿਆਂ ਤੇ।

।ਦੋਹਿਰਾ॥
ਨ੍ਹੇਰ ਪੈ ਗਿਆ ਸਹਿਰ ਮੇਂ, ਹੋਣ ਭਵਨ ਬਰਬਾਦ।
ਮਗਰੋਂ ਰਾਜ ਕਮਾਉਣ ਨੂੰ, ਘਰ ਨਾ ਬਚੀ ਔਲਾਦ।

### ਮੁਕੰਦ ਛੰਦ—31

ਫੱਟੇ ਸ਼ੇਰ ਵਾਂਗ ਰਾਵਣ ਚੰਗਿਆੜੀ ਗਿਆ,
ਰਾਮ-ਬਰਛੇ ਮਾਰ ਰੌਗਣ ਪਾੜ੍ਹੀ ਗਿਆ।
ਤਰਸੂਲ ਹਿੱਕ ਦੇ ਵਿਚਾਲੋਂ ਛੰਗੀ ਦਾ,
ਬੁਰਾ ਹਾਲ ਹੋਇਆ ਰਾਵਣ ਘਮੰਡੀ ਦਾ।

ਲਾਲ ਅਖਛਾਰ ਜਿਆ ਰਲਾੜਾ ਬਾਹਾਂ ਦਾ,
ਕਾਹਲਾ ਵਾਗ ਸੁਣਦਾ ਅਖ਼ੀਰੀ ਸਾਹਾਂ ਦਾ।
ਕਿਸੇ ਦਾ ਲਹੂ-ਮਾਸ ਜਿਆ ਖਿਡਾਤਾ ਘੰਡੀ ਦਾ,
ਬੁਰਾ ਹਾਲ ਹੋਇਆ ਰਾਵਣ ਪਖੰਡੀ ਦਾ।

ਰੋਣ ਕੁੰਭਕਰਨ ਸੀ ਮਿੱਟੀ ਦੀ ਗੋਬ ਤੇ,
ਸਿਆਪੇ ਹੋਣ ਮੇਘ ਸੁਰਮੇ ਦੀ ਲੋਥ ਤੇ,
ਮਾਰਤਾ ਜੁਆਨ ਧੂਮਰ ਫਰੰਡੀ ਦਾ,
ਬੁਰਾ ਹਾਲ ਹੋਇਆ ਰਾਵਣ ਪਖੰਡੀ ਦਾ।

ਰਾਖਸ਼ਾਂ ਨੂੰ ਬਾਂਦਰ ਲੰਗੂਰ ਛੋਗਏ,
ਛੰਡੀ ਵਹਾਗੇ ਉਸਨੇ ਸੁਰਗ ਰੰਗ ਦੇ।
ਮਾਰ ਲੰਮੇ ਪਾਤੇ ਜਿਉਂ ਸੁਹਾਗਾਂ ਜੰਡੀ ਦਾ,
ਬੁਰਾ ਹਾਲ ਹੋਇਆ ਰਾਵਣ ਪਖੰਡੀ ਦਾ।

ਰਿੱਛਾਂ ਨੇ ਖਤੰਡੇ ਨਹੁੰਦਰ ਘਰੂੰਡ ਦੇ,
ਚੋਣੀਆਂ ਨੂੰ ਖਾਗਲੇ ਗਿੱਦੜ ਝੁੰਡ ਦੇ।
ਤਾਜਾ ਮਾਸ ਚੂੰਢੇ ਸੂਅਰਾਂ ਨੂੰ ਵੰਡੀ ਦਾ,
ਬੁਰਾ ਹਾਲ ਹੋਇਆ ਰਾਵਣ ਪਖੰਡੀ ਦਾ।

ਫੱਟੇ ਗਾਰੇ ਗੁਰਜ਼ ਲਗਾਏ ਟਾਲੇ ਪਏ,
ਮੂਧੇ ਮੂੰਹ ਜ਼ਮੀਨ ਤੇ 'ਚੌਖਣ' ਚਾਲੇ ਪਏ,
ਕਿਤੇ ਰੂਲੇ ਬਰਛਾ ਸੁਨਹਿਰੀ ਘੰਡੀ ਦਾ,
ਬੁਰਾ ਹਾਲ ਹੋਇਆ ਰਾਵਣ ਪਖੰਡੀ ਦਾ।

ਚੂੰਡ ਜੈਸੇ ਵੀਰ ਮੇਘ ਜੈਸੇ ਪੁੱਤ ਜੋ,
ਫੂਕਦੇ ਦੁਸਹਿਰੇ ਨੂੰ ਬਣਾਕੇ ਬੁੱਤ ਜੋ,
ਆਂਵਦਾ ਅੰਤ ਨਾ ਮਰਿਆਂ ਦੀ ਮੰਡੀ ਦਾ,
ਬੁਰਾ ਹਾਲ ਹੋਇਆ ਰਾਵਣ ਪਖੰਡੀ ਦਾ।

ਰੋਂਦੀਆਂ ਸਵਾਣੀਆਂ ਸਿਰਾਂ ਤੇ ਰੇਤ ਪਾ,
ਗੱਦੀ ਤੇ ਭਭੀਸ਼ਨ ਬਹਾਤਾ ਜੇਠ ਪਾ।
'ਰਜਬਲੀ' ਉੱਡਦਾ ਫਲੇਗ ਝੰਡੀ ਦਾ,
ਬੁਰਾ ਹਾਲ ਹੋਇਆ ਰਾਵਣ ਪਖੰਡੀ ਦਾ।

# ਮਿਹਰ ਦੀ ਨਜ਼ਰ

|| ਦੋਹਿਰੇ ||

ਤੂੰ ਇਕ ਠੀਕ ਸਰੀਰ ਨਾ, ਤੇਰਾ ਨਾਮ ਗਫ਼ੂਰ।
ਦੂਰ ਅੰਧਰਾ, ਨੂਰ ਦੇਹ, ਸ਼ਾਇਰੀ ਬਖ਼ਸ਼ ਹਜ਼ੂਰ।

ਮੈਲ ਖੜਕੇ ਦੁਆਰੇ ਨੂੰ ਆਣ ਕੇ, ਦੇਣ ਸਲਾਮੀ ਨਿਉਂ ਕੇ,
ਤੇਰੇ ਘਰ ਵਿਚ ਕਮੀਆਂ ਕੀ, ਕਲਾ ਜੋ ਮੰਨ ਲੈ ਖੁਐਸ਼ਚਨ ਤਿਹੁੰ ਕੇ।
ਰੁੱਝ ਕਰੇ ਜਾਨਵਰ ਜੋ, ਲਵੇ ਮੁੱਕਦਾ ਇਲਮ ਖਜ਼ਾਨਾ,
ਰੰਗ ਢੰਗ ਜੋ ਕਚਹਿਰੀ ਮੈਂ, ਮੇਹਰ ਦੀ ਨਜ਼ਰ ਕਰੋ ਮੇਹਰਵਾਨਾਂ।

ਰੱਖੇ ਪਰਬਤ ਧਰਤੀ ਤੇ, ਉੱਡੇ ਰੰਗ-ਰੰਗ ਦੇ ਫਲਾਵਰ ਮਹਿਕਣ,
ਦਿਨੇ ਸੂਰਜਾ ਚਮਕੇ ਜੀ, ਰਾਤ ਨੂੰ ਚੰਦ ਤੇ ਸਿਤਾਰੇ ਟਹਿਕਣ।
ਬਿਨਾ ਥੰਮ੍ਹ ਉਸਾਰਿਆ ਤੂੰ, ਉੱਤੇ ਦੀ ਤਾਣਿਆਂ ਛਤਰ ਅਸਮਾਨਾਂ,
ਰੰਗ ਢੰਗ ਜੋ ਕਚਹਿਰੀ ਮੈਂ, ਮੇਹਰ ਦੀ ਨਜ਼ਰ ਕਰੋ ਮੇਹਰਵਾਨਾਂ।

ਕਿਤੇ ਟਿੱਬੀਆਂ ਰੇਤਲੀਆਂ, ਕਿਤੇ ਹਨ ਨਦੀਆਂ ਸਮੁੰਦਰ ਨਿੱਤਰੇ,
ਕਿਤੇ ਮੋਰ ਕੂਕਦੇ ਜੀ, ਬਨਾਂ ਵਿੱਚ ਘੁੰਮਣ ਚਕੋਰੇ ਚਿੱਤਰੇ।
ਕਿਤੇ ਖੁੰਬਰੇ ਸੁਣਾਉਂਦੇ ਜੀ, ਕੁਦਰਤ ਦੇ ਉਚੀਆਂ ਤੇਰੀਆਂ ਸ਼ਾਨਾਂ,
ਰੰਗ ਢੰਗ ਜੋ ਕਚਹਿਰੀ ਮੈਂ, ਮੇਹਰ ਦੀ ਨਜ਼ਰ ਕਰੋ ਮੇਹਰਵਾਨਾਂ।

ਕਰ ਬਖ਼ਸ਼ ਸੁਰੈਂਸਤੀ ਦਾ, ਦਾਸ ਨੂੰ ਦੇਹ ਲਿਟਰੇਚਰ ਰੱਜਮਾਂ,
ਆਂ ਜੋ ਜਾਚ ਗਾਰੰਮਰ ਦੀ, ਕਦੇ ਮੈਂ ਲੈਗਾ ਜਾ ਬਣਾਵਣ ਨਜ਼ਮਾਂ,
ਭਰੇ ਭਰੇ ਭੰਡਾਰੇ 'ਚੋਂ', ਦੇਖੋ ਨਾ ਮੰਗਾਵੇ ਮੁਸ਼ਕਲ ਵਿਦਵਾਨਾਂ,
ਰੰਗ ਢੰਗ ਜੋ ਕਚਹਿਰੀ ਮੈਂ, ਮਿਹਰ ਦੀ ਨਜ਼ਰ ਕਰੋ ਮੇਹਰਵਾਨਾਂ।

ਪਰਚਾਰਕ ਬੋਲਣ ਜੀ, ਮੀਤ ਜਨ ਸੁਣਨ ਕਵੀਸ਼ਰ ਗਾਉਂਦੇ,
ਰੱਲ ਥੰਝ ਗਏ ਖਿਲਕਤ ਦੇ, ਲੋਕ ਬੜੇ ਦੂਰ-ਦੂਰ ਤੋਂ ਆਉਂਦੇ।

ਖੰਡ ਨਾਲੋਂ ਮਿੱਠੀਆਂ ਜੀ, ਰਹੀਆਂ ਪਰ ਅੰਮ੍ਰਿਤ ਘੋਲ ਜ਼ਬਾਨਾਂ,
ਰੰਗ ਬੱਝ ਜੇ ਕਚਹਿਰੀ ਮੇਂ, ਮੇਹਰ ਦੀ ਨਜ਼ਰ ਕਰੇ ਮੇਹਰਵਾਨਾ।

ਬਾਬੇ ਨਾਨਕ ਵਰਗੀ ਜੀ, ਆਪਣ ਪਰਚਾਰ ਸੁਣਾ ਗਏ ਸਾਂਝੇ,
ਦਿਲ ਭਰੇ ਮੈਲ ਦੇ ਜੀ, ਧੁਰਾਂ ਨੇ ਵਾਂਗ ਗਲਾਸਾਂ ਮਾਂਜੇ।
ਚੰਦ ਦਿਨ ਦਾ ਮੇਲਾ ਜੀ, ਆਹਾਂ ਜੱਗ ਰੰਗਲਾ ਕਬੂਤਰ ਖਾਨਾ,
ਰੰਗ ਬੱਝ ਜੇ ਕਚਹਿਰੀ ਮੇਂ, ਮੇਹਰ ਦੀ ਨਜ਼ਰ ਕਰੇ ਮੇਹਰਵਾਨਾਂ।

ਸ਼ਾਇਰ ਵਧੀਆ 'ਮੋਹਨ ਸਿੰਘ', ਜੋ 'ਸ਼ੇਰ ਸਿੰਘ' ਬੇਦ ਸਿੰਘ ਤੇ 'ਸਿੰਘ ਮਾਘੀ'।
ਕਿਤੇ ਸੇਵਕ 'ਰਜਬ ਅਲੀ' ਦੇ ਸੁਣਨ ਨੂੰ ਦੁਨੀਆਂ ਫਿਰੇ ਵੈਰਾਗੀ।
ਇਹਨਾਂ ਸਭਨਾਂ ਨਾਲੋਂ ਜੀ, ਪਿੰਗਲ ਨੂੰ ਸਮਝੇ 'ਸੰਪੂਰਨ' ਦਾਨਾਂ,
ਰੰਗ ਬੱਝ ਜੇ ਕਚਹਿਰੀ ਮੇਂ, ਮੇਹਰ ਦੀ ਨਜ਼ਰ ਕਰੇ ਮੇਹਰਵਾਨਾਂ।

# ਕਿੱਸਾ ਸੁੱਚਾ ਸਿੰਘ ਸੂਰਮਾ

॥ ਦੋਹਿਰਾ ॥

ਸੁੱਚਾ ਸਿੰਘ ਜੁਆਨ ਦਾ, ਕਹੂੰ ਹਵਾਲ ਤਮਾਮ।
ਗੋਤ ਜਵੰਦੇ ਸਮਝਣਾ, ਰਹੇ ਸਮਾਂਹ ਦੇ ਗਾਮ।

ਮੁਖੰਦ ਛੰਦ—1

ਸੁੱਚਾ ਜੰਮਿਆ ਸਮਾਂਹ 'ਚ ਜਵੰਦੇ ਗੋਤ ਦਾ,
ਚੰਦ ਵਾਂਗੂ ਨੂਰ ਸੀ, ਮੱਥੇ ਦੀ ਜੋਤ ਦਾ।
ਛੈਲ ਬਾਂਕੇ ਗੱਭਰੂ ਜਵਾਨ ਉਚੇ ਦੀ।
ਸੁਣਲੋ ਕਵੀਸ਼ਰੀ ਜਵੰਦੇ ਸੁੱਚੇ ਦੀ।

ਜ਼ੋਰ ਵਾਲੇ ਚਹਿਲ, ਫੂਲ ਦੇ ਲਚਹਿਰੀ ਐਂ,
ਪੰਜ-ਸੱਤ ਜਾਵੇ ਤੇ ਵੱਸਣ ਗਹਿਰੀ ਐਂ।
ਚਲਦੀ ਨਾ ਪੇਸ਼ ਚੌਧਰ ਬਰੂੰਚ ਦੀ,
ਸੁਣਲੋ ਕਵੀਸ਼ਰੀ ਜਵੰਦੇ ਸੁੱਚੇ ਦੀ।

ਗਹਿਣੇ ਲੈਲੀ ਮੱਲ ਨੇ, ਉਚੇ ਦੀ ਧਰਤੀ,
ਦਗੇ ਨਾਲ ਮਿੱਠਰ ਬਰਾਂਡਾ ਕਰਤੀ।
ਵੀਰੋ ਨਾਰ ਖੋਹਲੀ ਐ ਨਕੋੜੇ ਬੁੱਢੇ ਦੀ,
ਸੁਣਲੋ ਕਵੀਸ਼ਰੀ ਜਵੰਦੇ ਸੁੱਚੇ ਦੀ।

ਫੇਰ ਚਿੱਠੀ ਲਿਖਤੀ ਤਰਾ ਨੇ ਵੀਰ ਨੂੰ,
ਅੱਗ ਲੱਗ ਜਾਵੇ, ਜੁਆਨ ਦੇ ਸਰੀਰ ਨੂੰ।
ਅਲਖ ਮੁਕਾਤੀ ਸੀ, ਘੁਮੰਡ ਲੁੱਚੇ ਦੀ,
ਸੁਣਲੋ ਕਵੀਸ਼ਰੀ ਜਵੰਦੇ ਸੁੱਚੇ ਦੀ।

ਵੀਰੋ ਬਦਮਾਸ਼ ਦਾ, ਵਿਛੌਣਾ ਚੱਕਤਾ,
ਤਾਰਾ ਸਿਊਂ ਵਿਚੋਲਾ ਨਰਕਾਂ ਨੂੰ ਧੱਕਤਾ।

ਸੋਥ ਵਿੱਚ ਲਾਸ਼ ਤਾਂ ਰੁਲਾਂਦੀ ਦੁੱਧੇ ਦੀ,
ਸੁਣਲੋ ਕਵੀਸ਼ਰੀ ਜਵੰਦੇ ਸੁੱਖੇ ਦੀ।

ਗਹਿਣੀ ਵਿੱਚ ਹੋਰ ਵੀ ਲੁੱਚੜ ਡਾਬੀ ਸੀ,
'ਰਜਬਲੀ' ਕਰੇ ਰੌਜਣ ਖ਼ਰਾਬੀ ਸੀ।
ਜਿੰਦੜੀ ਮੁਕਾਤੀ, ਬੇਸ਼ਰਮ ਭੂਰੇ ਦੀ,
ਸੁਣਲੋ ਕਵੀਸ਼ਰੀ ਜਵੰਦੇ ਸੁੱਖੇ ਦੀ।

**ਕਬਿੱਤ—2**

ਸਮਾਂਹ ਸ਼ਿੰਕ ਨਗਾਰ, ਰਿਆਸਤ ਪਟਿਆਲੇ ਵਿੱਚ,
ਚਹਿਲ ਲੈਕ ਵਸਦੇ ਹੰਕਾਰ ਵਾਲ਼ੇ ਤਿੰਨ੍ਹਾਂ 'ਚੋਂ।
ਚਹਿਲ ਲੈਕ ਮਾਲਕ ਜਵੇਦਾਰੀ ਮਰੂਸ ਸਾਰੇ।
ਸੁੱਚਾ ਸਿੰਘ ਸੂਰਮਾ ਮਸ਼ਹੂਰ ਹੋਇਆ ਜਿਨ੍ਹਾਂ 'ਚੋਂ।
ਮਾਲਕੀ ਬਗ਼ੈਰ ਨਾ ਲੱਜਤ ਆਵੇ ਵੱਸਣ ਦੀ,
ਆਗੋਂ ਗਹਿਣੀ ਵਿੱਚ, ਕਿਉਂ ਹਮੇਸ਼ ਰਹਿਣ ਖਿਣਾਂ 'ਚੋਂ।
ਚੋਰੋ ਨਾਲ ਵਿਆਹੀ ਸੀ, ਲਗਾ ਕੇ ਜ਼ੋਰ ਸਾਰਿਆਂ ਨੇ,
'ਰਜਬਲੀ' ਮਰ ਗਿਆ, ਜੁਆਰ ਸਿੰਘ ਦਿਨਾਂ 'ਚੋਂ।

**ਕਬਿੱਤ—3**

ਜੁਆਰੂ ਬੇਸ਼ਕਲ ਸੀ, ਤੇ ਚੋਰੋ ਢਾਂਗ ਮੋਰਨੀ ਦੇ,
ਆਇਆ ਨਾ ਪਸੰਦ ਜੁਆਨ, ਮਾਰਤਾ ਅਸੰਬ ਸੇ।
ਰੋਜ਼ੀ ਕਹਿੰਦਾ ਇੱਤਾ ਸੀ ਸਿਬਲਬਾਰ ਦੁੱਧ ਵਿੱਚ,
ਜ਼ਹਿਰ ਪਾਣੀ ਖੀਰ 'ਚ ਨਿਕਾਲ ਪੁੜੀ ਜੇਬ ਸੇ।
ਰੋਜ਼ੀ ਕਹਿੰਦਾ ਕੀਮ ਸੀ, ਮਲਾਈ ਮਲ਼ ਰੋਟੀ ਵਿੱਚ,
ਛੁਰੀ ਖੁਆਈ ਗਾਹਟੇ ਪਾਸੇ ਡਾਂਜਰ ਪੰਜਾਬ ਸੇ।
'ਬਾਬੂ ਜੀ' ਪਤਾ ਨਹੀਂ ਕਿਹੜੀ ਗੱਲ ਸੱਚੀ ਐਨੀਆਂ 'ਚੋਂ?
ਐਨੀ ਗੱਲ ਸੱਚੀ ਜੁਆਨ ਮਾਰਤਾ ਫਰੇਬ ਸੇ।

।ਦੋਹਿਰਾ॥

ਸੁੱਖੇ, ਘੁੱਕਰ ਮੱਲ ਨੇ, ਖਾੜਾ ਲਿਆ ਪੁਟਾਏ।
ਕਰਦੇ ਚੋਰ ਹਮੇਸ਼ ਜੋ, ਖਾੜੇ ਦੇ ਵਿੱਚ ਜਾਏ।

## ਮੁਕੰਦ ਛੰਦ—4

ਸੁੱਥੇ ਨਾਲ ਮੱਲ ਨੇ ਚਟਾਲੀ ਧੌਗ ਜੀ,
ਬੈਠੇ ਜਾਂਦੇ ਸੁਰਮੇ ਰਹਿਣ ਲੱਗ ਜੀ।
ਗੁੱਝਲੀ ਰਨਾਲ਼ ਪੈਲੀ ਜਾਵੇ ਵਾੜਿਆ ’ਚੋਂ,
ਮੁੱਛਾ ਤੇ ਘੁੱਕਰ ਡੰਡ ਲੈਂਦੇ ਖਾੜਿਆਂ ’ਚੋਂ।

ਚੌੜੀ ਹਿੱਕ ਧੌਣ ਨਾ ਮਿਉਂਦੇ ਝੱਗਿਆਂ ’ਚੋਂ,
ਇਹ ਨਾਂ ਖਹਿੜਾ ਛੋੜਦਾ, ਲੜੇ ਖਾਨ ਨੂੰ ਨਾਗ।

ਇਕ ਚਾਲ ਛੰਦ—18
ਖਾਨ ਨੂੰ ਸਰਪ ਲੜ ਗਿਆ, ਰਾਣੀ ਦੇ ਰੂਪ ਦਾ।
ਦਿੱਲੀਓਂ ਖ਼ਤ ਦਰਦ ਭਰਿਆ ਆਇਆ, ਪੌਂਚ ਗਿਆ ਭੂਪ ਦਾ।
ਸਨਸਾ, ਦੁੱਖ ਲੈਬ ਖੇਠ ਦਾ, ਸੱਲ ਵਾਂਗੂੰ ਚੁਭਦਾ।
ਹੋਗੀ ਦਿਲਗੀਰ ਬਹੁਤੀ, ਸੁਣਕੇ ਤੇ ਨਾਗਦੇ।
ਉਛਲਕੇ ਭੂਲ੍ਹਣ ਲੱਗਗੇ, ਚਸ਼ਮੇ ਵੈਰਾਗ ਦੇ।

ਹੋ ਗਿਆ ਮੂੰਹ ਹਲਦੀ ਵਰਗਾ, ਸੁਣਕੇ ਪਟਰਾਣੀ ਦਾ।
ਮੁੜਕੇ ਨਾ ਮੇਲਾ ਹੋਣਾ, ਰਤਨ ਸੈਣ ਹਾਣੀ ਦਾ।
ਨੈਣਾਂ 'ਚੋਂ ਗਿਰ ਕੇ ਬਣ ਗਿਆ, ਛੱਪੜ ਜਿਹਾ ਪਾਣੀ ਦਾ।
ਇੰਟਾਂ ਡੁੱਲ ਗਿੱਲੀਆਂ, ਹੋਗੀਆਂ, ਪੱਥੇ ਜੋ ਭਰਕ ਦੀਆਂ।
ਅੱਖੀਆਂ 'ਚੋਂ ਸਾਵਣ ਵਾਂਗੂੰ, ਕਣੀਆਂ ਜੋਰਾਂ ਬਰਸਦੀਆਂ।

ਫਿਰਦੇ ਰਾਜਪੂਤ ਘਾਬਰੇ, ਆ ਗਿਆ ਕੋਈ ਕਹਿਰ ਜਿਉਂ।
ਹੋਗੀ ਹੜਤਾਲ ਬਜ਼ਾਰੀਂ, ਉੱਜੜ ਗਿਆ ਸ਼ਹਿਰ ਜਿਉਂ
ਅੱਖੀਉਂ ਜਲ ਜਾਰੀ ਹੋ ਗਿਆ, ਰੋਪੜ ਦੀ ਨਹਿਰ ਜਿਉਂ
ਜਾਣੀ ਦੀ ਸੋਗ ਪੈ ਗਿਆ, ਸਾਰੇ ਰਣ ਵਾਸ ਮੇਂ।

ਫ਼ਿਕਰਾਂ ਦੇ ਧੂੰਏਂ ਬਣਕੇ, ਚੜ੍ਹਗੇ ਅਕਾਸ਼ ਮੋਂ
ਪਛੂ ਵੈਤੇ ਜੈਸ਼ ਆਗਿਆ ਔਖੀਆ ਵੇਲਾ ਵੇਲਾ ਦਾ
ਆ ਗਿਆ ਖ਼ਤ ਖ਼ਤਰਨਾਕ ਜਿਹਾ, ਰਾਜੇ ਰਾਠੌਰ ਦਾ।
ਬਣਦੀ ਤਦਬੀਰ ਦਿਸੇ ਨਾ, ਕੰਮ ਨਾ ਕੋਈ ਔੜਦਾ।
ਅੱਖੀਉਂ ਝੜੀਕੀ ਵਰਾਦੀ, ਧਾਰਾਂ ਜਿਉਂ ਬਰਸ ਦੀਆਂ।
ਅੱਖੀਆਂ 'ਚੋਂ ਸਾਵਣ ਵਾਂਗੂੰ, ਕਣੀਆਂ ਜੋਹਾਂ ਬਰਸਦੀਆਂ।

ਸਾਰਾ ਦਿਨ ਵੱਚ-ਵੱਚ ਖਾਂਦਾ, ਪੱਛੀਆਂ ਨੂੰ ਫੇਰਾ ਜਿਹਾ।
ਭੋਜਨ ਨੂੰ ਚਿੱਤ ਨਾ ਕਰਦਾ, ਲੈਂਘਦਾ ਨਾ ਕੇਰਾ ਜਿਹਾ।
ਸੂਰ ਦੀ ਮਿੱਟੀ ਵਰਗਾ, ਹੋ ਗਿਆ ਰੰਗ ਰੀਰਾ ਜਿਹਾ।
ਗਲ਼ ਦੇ ਵਿੱਚ ਜ਼ੁਲਫ਼ਾਂ ਲਟਕਣ, ਬਦਲੇ ਨਾ ਬਾਣੇ ਜੀ।
ਲਿਖੀਆਂ ਤਕਦੀਰਾਂ ਮਾੜੀਆਂ, ਪ੍ਰਭੂ ਦੇ ਭਾਣੇ ਜੀ।
ਏਵਰ ਜੇ ਨਿਆਣੇ ਬੈਹਦੇ, ਕੋਲੇ ਦੁੱਖ ਫੋਲ੍ਹਾਂ ਸੇ।
ਸੁਣਕੇ ਤੇ ਹੁਸਕਣ ਲੱਗੀਆਂ, ਗੋਂਦੀਆਂ ਕੋਲਾਂ ਸੇ।
ਥੋਲ੍ਹੇ ਨਾਲ ਲੈਂਗਕੇ ਖੜ੍ਹੀਆਂ, ਧਦਮਣੀਆਂ, ਸੋਲ੍ਹਾਂ ਸੇ।
ਕਰਨ ਵਰਲਾਪ ਸਖੀਆਂ, ਨਾਗ ਦੇ ਨਰਸਦੀਆਂ।
ਅੱਖੀਆਂ 'ਚੋਂ ਸਾਵਣ ਵਾਂਗੂੰ, ਕਣੀਆਂ ਜੋਹਾਂ ਬਰਸਦੀਆਂ।

ਰਾਜੇ ਬਿਨ ਵੱਚ-ਵੱਚ ਖਾਂਦੇ, ਸਜਦੇ ਸੀ ਮਹਿਲ ਨਾ।
ਹੋਗੀਆਂ ਸੁਕ-ਸੁਕਕੇ, ਕਮਲੀਆਂ ਟਹਿਲਣਾ।
ਲਾਂਦੇ ਸ਼ਿੰਗਾਰ ਰਾਣੀ, ਨਾਗਦੇ ਕੇਲ ਨਾ।
ਪੇਸ਼ ਨਾ ਚਲਦੀ ਕੋਈ, ਸੈਸਿਆਂ ਨੇ ਖਾਲੀਆਂ।
ਪਹੁੰਚਣ ਨਾ ਹਾਰ ਫੁੱਲਾਂ ਦੇ ਸਖਰੀ ਟੀਆਂ ਡਾਲੀਆਂ।
ਮੁਸ਼ਕਲ ਜੂੰ ਹੋਗੀ ਵੱਸਣੇ, ਦੁਖਿਆਂ ਦੇ ਬੇਸ਼ ਜੇ।
ਡੱਬਿਆਂ ਵਿੱਚ ਜ਼ੇਵਰ ਰੁਲ਼ਦੇ, ਲਾਵਣ ਨਾ ਸਿਹਜ ਜੇ।
ਖਾਵੰਦ ਬਿਨ ਕਿਸੇ ਨਾ ਕਰਨੇ, ਚੋਹਲ ਤੇ ਚੋਚਲ ਜੇ।
ਫੁੱਲਾਂ ਨਾਲ ਤੁਲਣ ਵਾਲੀਆਂ, ਦਰਸ਼ਨ ਨੂੰ ਤਰਸਦੀਆਂ।
ਅੱਖੀਆਂ 'ਚੋਂ ਸਾਵਣ ਵਾਂਗੂੰ, ਕਣੀਆਂ ਜੋਹਾਂ ਬਰਸਦੀਆਂ।

'ਬਾਬੂ' ਪਠਾਣ ਸ਼ਿਲਜੀ, ਪੱਥਰ ਦਿਲ ਵਾਲੇ ਜੀ।
ਰਾਜੇ ਦੀ ਕੱਮਲ ਦੇਹੀ, ਜੰਮਣੀ ਲਾ ਵਾਲੇ ਜੀ।
ਮੇਰੀ ਜਿੰਦ ਮੁਸ਼ਕਲ ਬਚਣੀ, ਮਰਜੂ ਗੀ ਨਾਲੇ ਜੀ।
ਧਰਮੀ ਜੋ ਲਾੜੇ ਬਾਝੋਂ, ਲੋੜ ਕੀ ਜਿਓਣ ਦੀ।

ਘਰ-ਘਰ ਵਿੱਚ ਮੋਇਗੀ ਹੁੰਦੀ, ਰਾਜੇ ਦੇ ਵਿਛੋੜ ਦੀ।
ਜੰਗ ਤੱਕ ਨਾ ਸ਼ੇਰ ਚੰਘਿਆੜੇ, ਹੱਸਦੇ ਨਾ ਬੋਲੇ ਜੀ।
ਰਾਜੇ ਜੀ ਵਤਨ ਜਾਣ ਦੇ, ਹੋਣ ਨਾ ਮੇਲੇ ਜੀ।
ਮੋੜ ਕੇ ਰਾਜਾ ਲਿਉਣਾ ਕਿਸੇ ਵੀ ਹੀਲੇ ਜੀ।
ਦੋਵੇਂ ਹੱਥ ਜੋੜ ਰਾਣੀਆਂ, ਪ੍ਰਭੂ ਨੂੰ ਪਰਸਦੀਆਂ।
ਅੱਖੀਂ 'ਚੋਂ ਸਾਵਣ ਵਾਂਗੂੰ, ਕਣੀਆਂ ਜੀਹਾਂ ਬਰਸਦੀਆਂ।

॥ ਦੋਹਿਰਾ ॥
ਬੂਰਾ ਬੰਦਲ ਗਿਆਨ ਸਿੰਘ, ਅੜੇ ਰਾਮ ਦਿਵਾਨ।
ਉੱਡੀਆਂ ਤੇਜ਼ ਵਛੇਰੀਆਂ, ਰਾਣੀ ਕੋਲੇ ਜਾਣ।

## ਮਨੋਹਰ ਭਵਾਨੀ ਛੰਦ—19

ਆਇਆ ਦਿੱਲੀ ਤੋਂ ਪੈਗਾਮ, ਬੂਰਾ ਬੰਦਲ ਬਰਿਆਮ, ਗਿਆਨ ਸਿੰਘ ਤੇ ਅੜੇ ਰਾਮ,
ਥੇਮ ਸੀ ਚਲੌਣ ਦੇ। ਛੜ੍ਹਗੇ ਵਛੇਰਿਆਂ ਤੇ ਵਛੇਰੇ ਦੌੜਦੇ।
ਵਫ਼ਾਦਾਰ ਜੁਆਨ ਚਾਰੇ, ਟੱਪਦੇ ਪਹਾੜ ਸਾਰੇ, ਪਹੁੰਚ ਨਦੀ ਦੇ ਕਿਨਾਰੇ,
ਸੀ ਹਵਾਲ ਕਹਿਣ ਗਏ। ਸਿਆਣੀ ਪਟਰਾਣੀ ਤੋਂ ਸਲਾਹਾਂ ਲੈਣ ਗਏ।

ਖੜ ਅਰਜੋਣ ਆਵੇ, ਚਾਲਜ਼ਿਆਂ ਨੂੰ ਚੋਰੀ ਜਾਵੇ, ਤੈਨੂੰ ਬਾਦਸ਼ਾਹ ਸਦਾਵੇ,
ਖ਼ਿਲਜੀ ਪਠਾਣ ਸੀ, ਮਹਾਰਾਜ ਕੋਈ ਦਿਨ ਦਾ ਮਹਿਮਾਣ ਜੀ।
ਲੱਗੀ ਅੰਦਰ ਨੂੰ ਅੱਗ, ਸਹਿਜੇ ਲਾਜ ਦੀ ਨਾ ਪੱਗ, ਰਾਣੀ ਮਰਜਾਂ ਕੋ ਲੱਗ,
ਚੰਦ ਨੂੰ ਗ੍ਰਹਿਣ ਗਏ। ਸਿਆਣੀ ਪਟਰਾਣੀ ਤੋਂ ਸਲਾਹਾਂ ਲੈਣ ਗਏ।

ਕੀਤਾ ਖ਼ਿਲਜੀ ਨੇ ਖੋਟ, ਅਸੀਂ ਵੀ ਚਲਾਈਏ ਚੋਟ, ਰਾਣੀ ਅਕਲਾਂ ਦੀ ਕੋਟ,
ਲੈਕ ਰਾਜਪੂਤਣੀ। ਸੂਰਮਾਂ ਦੀ ਪੈਰੀ ਤਲਵਾਰ ਸੂਤਣੀ।
ਸੋਚ ਚੰਗੀ ਤਜਵੀਜ਼, ਨਵੀਂ ਕੀ ਹੈਰਾਨੀ ਤਸ਼ਬੀਹ, ਅੱਗੋਂ ਰਾਮਾਂ ਦੀ ਖ਼ਲੋਜ਼,
ਹੋ ਹੈਰਾਨ ਵੇਨ ਗਏ। ਸਿਆਣੀ ਪਟਰਾਣੀ ਤੋਂ ਸਲਾਹਾਂ ਲੈਣ ਗਏ।

ਰਾਣੀ ਮਿਨ ਖਾਂ ਅਧੀਨ, ਨਹੀਂ ਬੋਲਦੀ ਜ਼ਮੀਨ, ਦਿਲ-ਰਹੇ ਗ਼ਮਗੀਨ,
ਮੂੰਹ ਨੂੰ ਔਂਦੇ ਕਾਲਜੇ। ਜਾਣੀ ਕੀਦੀ ਹਿੱਕ ਤੇ ਅੰਗਿਆਰੇ ਬਾਲਜੇ।
ਬੀਤ ਚੱਲਿਆ ਪੂਰਾ ਸਾਲ, ਹੋਗੇ ਪੰਜਕੇ ਨਢਾਲ, ਸਾਡੇ ਵੇਣ 'ਚ ਕ੍ਰਿਪਾਲ,
ਨਾ ਚਮੱਥਾ ਰਹਿਣ ਗਏ। ਸਿਆਣੀ ਪਟਰਾਣੀ ਤੋਂ ਸਲਾਹਾਂ ਲੈਣ ਗਏ।

ਲੱਗਗੇ ਚੁੱਲਾਂ ਨੂੰ ਦਾਗ਼, ਰਾਣੀ ਲੱਟੀ ਦਾ ਸੁਹਾਗ, ਤੇਰਾ ਰੌਸ਼ਨ ਚਿਰਾਗ਼,
ਗੋਲ ਮੁੱਖ ਨੂਰ ਦੀ। ਕਰ ਕੋਈ ਬਾਤ ਅਕਲ-ਸਹੂਰ ਦੀ।

ਤੇਰੀ ਸਾਰਾ ਦੇਸ਼ ਮੰਨੇ, ਲਾਂਦੇ ਢੁੱਕਦਿਆਂ ਨੂੰ ਬੰਨੇ, ਪੱਗ ਝਿਕਦਾ ਨੇ ਕੰਨੇ।
ਹੋ ਜਵਾਬ ਦੇਣ ਗਏ। ਸਿਆਣੀ ਪਟਰਾਣੀ ਤੋਂ ਸਲਾਹ ਲੈਣ ਗਏ।

ਮੂੰਹੋਂ ਕੱਢ ਗੱਲ ਚੰਗੀ, ਮੌਤ ਮਿਲਦੀ ਨਾ ਮੰਗੀ, ਜਿੱਤ ਦੇ ਪਠਾਣ ਢੰਗੀ,
'ਬਾਬੂ' ਬੋਲੇ ਪਿਸ਼ ਨਾ। ਰਾਜਾ ਜੀ ਦੇ ਲਵੇ ਮਗਰੋਂ ਕਲੇਸ਼ ਨਾ।
ਰੋਈ ਜਾਵੇ ਢੁੱਕੇ ਠੇਰੇ, ਨੀਰ ਔਰਤਾਂ ਨੇ ਰੋਰੇ, ਪੈਂਗੇ ਕਿਲ੍ਹੇ 'ਚ ਹਨੇਰੇ,
ਮਹਿਲ ਦੇ ਚਲੈਣ ਗਏ। ਸਿਆਣੀ ਪਟਰਾਣੀ ਤੋਂ ਸਲਾਹਾਂ ਲੈਣ ਗਏ।

**ਬੈਂਤ—20**

ਰਾਣੀ ਪਦਮਣੀ ਨਾਗ ਦੇ ਕਹਿਣ ਲੱਗੀ,
ਮੇਰੀ ਬਾਤ ਧਰ ਕਰ ਲਿਉ ਗੌਰ ਤਾਂ ਵੇ।

ਮੇਰੀ ਲਾਇਕ ਤਜਵੀਜ਼ ਨੂੰ ਮੰਨ ਲੋ ਜੇ,
ਬੱਚੇ ਜਾਣ ਸਾਰੇ ਕੰਮ ਸੌਰ ਤਾਂ ਵੇ।

ਤੁਸੀਂ ਝੰਜ ਬਣਾ ਲਿਉ ਡੋਲੀਆਂ ਦੇ,
ਵਿੱਚੋਂ ਨਹੀਂ ਲੈ ਜਾਣੀਆਂ ਔਰਤਾਂ ਵੇ।

ਬੈਠ ਜਾਵਣਾ ਆਪ ਵਿੱਚ ਡੋਲਿਆਂ ਦੇ,
ਖੱਤ੍ਰੀ ਖਾਸ ਰਜਪੂਤ ਦਲੌਰ ਤਾਂ ਵੇ।

ਭੇਤ ਖੁਲ੍ਹ ਗਿਆ ਕਿਸੇ ਪਤਾਅ ਉਂਤੇ,
ਬੀਬਾ ਆਪ ਨੂੰ ਲੱਗ ਨਾ ਦੇਰ ਤਾਂ ਵੇ।

ਛੇਤੀ ਸ਼ਹਿਰ ਦਲੀਪ ਦੇ ਪਹੁੰਚ ਜਾਣਾ,
ਜਿਵੇਂ ਉੱਡਦਾ ਤੇਜ਼ ਸਨੌਰ ਤਾਂ ਵੇ।

ਕਹਿਣਾ ਐਸ ਕੋਲੋ ਫਿਰ ਪਦਮਣੀ ਐ,
ਧਾਸ ਖੜ੍ਹਕੇ ਕਰ ਲਿਉ ਚੋਰ ਤਾਂ ਵੇ।

ਆਗੀ ਪਦਮਣੀ ਚਾਹਵਲੇ ਮਹਿਲ ਤੋਂ ਤੂੰ,
ਕਹੂ ਮਾਰਦਾ ਚਮਕ ਬਲੌਰ ਤਾਂ ਵੇ।

ਫੌਟ ਕੱਢਦੂ ਬਾਦਸ਼ਾਹ ਪਿੰਜਰੇ 'ਚੋਂ',
ਅੱਜ ਦੱਸੂੰ ਵਕਤਾ ਲਿਉ ਸੋਚ ਤਾਂ ਵੇ।

ਜਦੋਂ ਪਹੁੰਚਗੇ ਆਣ ਪਠਾਣ ਥੱਕੇ,
ਮਾਰ ਤੇਗ ਹਲਾ ਦਿਉ ਸ਼ੋਰ ਤਾਂ ਵੇ।

ਲਹੂ ਕੱਢ ਡੋਲ੍ਹ ਦਿਉ ਛੱਪੜਿਆਂ ਨੂੰ,
ਵੱਢ-ਵੱਢ ਲਗਾ ਦਿਉ ਢੇਰ ਤਾਂ ਵੇ।

ਕਿਰਨ ਪੱਥਰੇ ਉਡਣੇ ਖ਼ਿਲਜੀਆਂ ਦੇ,
ਲਾਹ ਦਿਉ ਕੁੱਲ ਸਰੀਰ ਦੀ ਚੋਰ ਤਾਂ ਵੇ।

ਕਰੋ ਰੰਡੀਆਂ ਜੁਆਨ ਪਠਾਣੀਆਂ ਨੂੰ,
ਪਤਾ ਲੱਗ ਜੇ ਸ਼ਹਿਰ ਪਸ਼ੌਰ ਤਾਂ ਵੇ।

ਜਦੋਂ ਮਗਰ ਚੜ੍ਹਗੀ ਫ਼ੌਜ ਬਾਦਸ਼ਾਹ ਦੀ,
ਪਿਛਾਂਹ ਮੋੜ ਦਿਖਾ ਦਿਉ ਜ਼ੋਰ ਤਾਂ ਵੇ।

'ਰਜਬਲੀ' ਨਰੇਸ਼ ਤਸਵੀਰ ਸਿਆਣੇ,
ਦੁੰਦਕਾਰੀਏ ਵਾਂਗ ਦਿਉ ਫੇਰ ਤਾਂ ਵੇ।

॥ਦੋਹਿਰਾ॥

ਚਿੱਠੀ ਲਿਖੀ ਚਤੌੜ ਤੋਂ, ਖ਼ਾਨ ਸਾਹਬ ਨੂੰ ਪੌਣ।
ਰਾਣੀ ਸਣੇ ਸਹੇਲੀਆਂ, ਦਾਖਲ ਮਹਿਲਾਂ ਔਣ।
ਮਾਨਾਂ ਪੂਨਾ ਬਾਲ ਕੇ, ਦਪੀਆ ਰਾਜ ਰਚੇਣ।
ਭੇਸ ਜ਼ਨਾਨੇ ਕਰ ਲਏ, ਡੋਲਿਆਂ ਬੀਚ ਬਹੇਣ।

### ਹਲਾਰਾ ਤਰਜ਼—21

ਇੰਜ ਮਾਨਾਂ ਲੁਹਾਰ ਰੰਗੀ ਲਾਲ-ਲਾਲ ਸੀ,
ਦੂਆ ਕੱਢਿਆਂ ਨੂੰ ਹਸੌਦਾ ਮਾਲੀਆਂ ਦਾ ਬਾਲ ਸੀ।
ਚਿਹਰੇ ਦੋਹਾਂ ਦੇ ਰਲੇ ਗਿਲਮਾਨ ਨਾਲ ਸੀ।
ਬੈਠੇ ਦੋਹਾਂ ਨੇ ਰੂਪ ਬਦਲਾਲੇ ਨਾਰ ਦੇ।

ਮੱਥੇ ਤਾਰਿਆਂ ਦੇ ਵਾਂਗ ਚਮਕੋਰਾਂ ਮਾਰਦੇ।
ਸੋਲ੍ਹਾਂ-ਸੋਲ੍ਹਾਂ ਸਾਲ ਦੇ ਜੁਆਨ ਹੀਰੇ 'ਜੇ।
ਗੋਲ-ਗੋਲ ਕਟੋਰਿਆਂ ਜੈਸੇ ਨੈਣ ਗਹਿਰੇ 'ਜੇ।
ਦੀਂਹਦੇ ਚਿੜਿਆਂ ਸਮਾਨ ਲੱਕ ਛਹਿਰੇ-ਛਹਿਰੇ 'ਜੇ।
ਜਾਣੀਂ ਉਡਦੇ ਫਿਰਨ ਵਾਂਗਰਾਂ ਪਤੰਗ ਦੇ।
ਮਾਨਾਂ ਪੁੰਨਾਂ, ਸ਼ੁਕੀਨ ਗੋਰੇ-ਗੋਰੇ ਰੰਗ ਦੇ।

ਦੋਹਾਂ ਕਾਸ਼ਿਆਂ ਨੇ ਕਰਲੇ ਜ਼ਨਾਨੇ ਭੇਸ 'ਸੀ,
ਸੋਹਣੇ ਸਾਲੂ ਬਰੀਕ ਪਾਇਆਂ ਜੈਸੇ ਕੇਸ 'ਜੇ।
ਇਕ ਹਿੱਕਾਂ ਉੱਤੇ ਪਾਲੇ ਨਕਲੇਸ 'ਜੇ।
ਦੂਜਾ ਗਲੇ ਵਿਚ ਕੈਂਠਾ ਜੜਾਊ ਪਾ ਲਿਆ।
ਮੂੰਹ ਨੂੰ ਧੋ ਕੇ ਸਬੂਣ ਸੇ ਸਰੂਪ ਲਾ ਲਿਆ।
ਤਾਜਿਆਂ ਫੁੱਲਾਂ ਤੋਂ ਬਣੇ ਸਰੀਰ ਸੋਹਲ 'ਜੇ।
ਖੰਡੋਂ ਮਿੱਠੇ ਸੁਰੀਲੇ ਬੋਲ ਜੈਸੇ ਢੋਲ 'ਜੇ।
ਲੈ ਕੇ ਅਤਰ ਫਲੇਲ ਲੀੜਿਆਂ ਤੇ ਡੋਲ੍ਹ 'ਜੇ।
ਦੂਰੋਂ ਜਾਂਦਿਆਂ ਨੂੰ ਜੁਲਫ ਡਸੈਂਗ ਡੰਗ ਦੇ।
ਮਾਨਾਂ, ਪੁੰਨਾ ਸ਼ੁਕੀਨ ਗੋਰੇ-ਗੋਰੇ ਰੰਗ ਦੇ।

ਦੋਵੇਂ ਖਿਲੇ ਚਿਰੋਂਤੜ ਵਿੱਚੋਂ ਸੋਹਣੇ ਸੈਂਕਲੇ।
ਬੁੱਲ੍ਹ ਲਾਲ ਬਣਾਲੇ ਪਾਨ ਲੈ ਕੇ ਚਬਲੇ।
ਛੈਲ ਗੀਝੇ ਦੀ ਉਤਲੇ ਬਰੀਕ ਫਬਦੇ।
ਸਿਣ ਮੁੱਖਾਂ ਸੁਨਹਿਰੀ ਉੱਤੇ ਫਿੱਟੇ ਦੋਣ ਦੇ।
ਮੂੰਹ ਤੇ ਬਿੰਦੀ ਸਜੇ ਜਿਉਂ ਪਰਵਾਰ ਚੰਦ ਦੇ।
ਮਾਝ ਬਿੱਛੇ ਖੜਾਵੇਂ ਜਦੋਂ ਗੌਂਦੇ ਗੌਣ ਨੂੰ।
ਦੇਂਦੇ ਮੋਰਾਂ ਦੇ ਵਾਂਗੂੰ ਲਚਕਾਰੇ ਧੌਣ ਨੂੰ।
ਪੰਜਵਟੀ 'ਚੋਂ ਜਿਵੇਂ ਜੀ ਖਿਆਂਗੀ ਰੌਣ ਨੂੰ।
ਚੂੜੇ ਹੱਥੀਂ ਛਣਕਾਲੇ ਸੀ ਬਲੌਰੀ ਰੰਗ ਦੇ।
ਮਾਨਾਂ, ਪੁੰਨਾਂ ਸ਼ੁਕੀਨ ਗੋਰੇ-ਗੋਰੇ ਰੰਗ ਦੇ।

ਗੋਲ੍ਹ ਬਾਹਾਂ ਸਿਪਰਿਗ ਸਨ ਕੂਹਣੀਆਂ।
ਸੋਹਣ ਉਂਗਲਾਂ ਸਾਣੀਂ ਦੀ ਸਫੈਦ ਪੂਣੀਆਂ।
ਫੜ ਛੱਲਿਆਂ ਤੋਂ ਰਾਣੀਆਂ ਪਠਾਣਾਂ ਪੂਣੀਆਂ।
ਨੱਕਾਂ ਤਿਖਿਆਂ ਦੇ ਧਾਰ ਤਲਵਾਰਾਂ ਵਰਗੋਂ।
ਗੋਦ ਪੱਟ ਦੇ ਪਿੰਕ ਤੇ ਬਣਾਸ਼ੇ ਧਰਗੋਂ।

ਰੂਪ ਪਰੀ ਹੁਸਨ ਬਾਨੋਂ ਨਾਲ਼ ਰਲਦੇ।
ਫੁਲ-ਫੁਲ ਹੋਬ ਵਾਂਗੂੰ ਚਾਲ ਚਲਦੇ।
ਰੁਖਸਾਰੇ ਜਿਉਂ ਸੇਬ ਕਸ਼ਮੀਰ ਵੱਲ ਦੇ।
ਪਿੰਡੇ ਸ਼ੀਸ਼ੇ 'ਚ ਢਾਲ਼ੇ 'ਏ ਮਲੂਕ ਅੰਗ ਦੇ।
ਮਾਨਾਂ, ਪ੍ਰੈਨਾਂ ਸ਼ੌਕੀਨ ਗੋਰੇ-ਗੋਰੇ ਰੰਗ ਦੇ।

ਬਾਜ਼ੋਂ ਮਹਿੰਦੀ ਲਿਆ ਹਥੇਲੀ ਲਿੰਪਜੇ।
ਨਿੱਕੇ ਬੰਨ ਦਰਿਆ ਤੇ ਜਿਉਂ ਲਿਆਂਦੇ ਸਿੰਧ ਜੇ।
ਢਾਹਵੇਂ ਵਾਲ਼ ਸਿਰਾਂ ਤੇ ਜਣੇਲੇ ਬਲਿੰਖ ਜੇ।
ਨਾਸ਼ਾ ਤੋਤਾ ਤਿਲਾ ਦਿਆਂ ਫੁੱਲਾਂ ਦੇ ਸੁਰਾਖ ਜਿਉਂ।
ਗੋਲ਼-ਮੋਲ਼ ਸੀ ਠੋਡੀਆਂ ਕੰਧਾਰੀ ਨਾਖ ਜਿਉਂ।

ਸਾਫ਼ ਕਰ ਦੀਆ ਰੰਗਾਣ ਦੇ ਅੰਗੜੀਆਂ।
'ਰਜਬਲੀ' ਮਸਾਂ-ਮਸਾਂ ਟੈਸਾਂ ਗੰਢੀਆਂ।
ਬਹਿਣ ਡੋਲੇ 'ਚ ਲਾ ਕੇ ਤੇ ਸ਼ਿੰਗਾਰ ਨੰਢੀਆਂ।
ਹੈਥੀ ਰੇਸ਼ਮੀ ਰੁਮਾਲ ਉੱਡੇ ਵਾਂਗ ਢੱਘਦੇ।
ਮਾਨਾਂ, ਪ੍ਰੀਨਾਂ ਸ਼ੌਕੀਨ ਗੋਰੇ-ਗੋਰੇ ਰੰਗ ਦੇ।

ਬੈਂਤ—22

ਬਾਣੀ ਆਵਦਾ ਸਾਥ ਸਹੇਲੀਆਂ ਦੇ,
ਖ਼ਬਰ ਭੇਜਦੀ ਖਿਲਣੀਆਂ ਢੰਗੀਆਂ ਨੂੰ।

ਇੰਡਾ ਛੱਜ ਪਰਾਣ ਨੇ ਚਾਦਰਾਂ ਨੂੰ,
ਠਾਹ ਦੇ ਵਿੱਚ ਅਲੋਣ ਨਾ ਤੁੰਗੀਆਂ ਨੂੰ।

ਵੀਹ-ਵੀਹ ਕੋਸ ਤੇ ਆਣ ਫੜਕਾ ਸਰਕੇ,
ਥਾਂ-ਥਾਂ ਭੇਜ ਕੇ ਮਾਸ਼ਕੀ-ਰੰਗੀਆਂ ਨੂੰ।

ਕਰ ਦੇਣਗੇ ਸਾਫ਼ ਤਰਾਕੀਆਂ ਨੂੰ,
ਮੁਲਾਂ, ਏਥ ਪਚੇਣ ਨਾ ਸੰਘੀਆਂ ਨੂੰ।

ਤੈਬੂ ਤਾਣ ਕਨਾਤ ਦੀ ਜੋੜਦੇ ਸੀ,
ਠੋਕੀ ਦਾਂ ਕਰ ਸੰਘਣੀਆਂ ਢੰਗੀਆਂ ਨੂੰ।

ਪੌਣੇ ਸੱਜਰੇ ਬਣੇ ਤਲਾਬ ਉੱਤੇ,
ਜਿੱਥੇ ਨ੍ਹੌਣ ਉਤਾਰ ਕੇ ਅੰਗੀਆਂ ਨੂੰ।

ਤੇਲ ਮਹਿਕਦੇ ਅੰਬਰ ਫਲੇਲ ਘੋਲੇ,
ਚੋਂਹਣ ਕੇਸ ਖਿਲਾਰਕੇ ਕੰਘੀਆਂ ਨੂੰ।

ਕਰੇ ਤਿਆਰ ਪਲੇਟ ਫਲੂਦਿਆਂ ਨੂੰ,
ਬਹਿਕੇ ਖਾਣ ਜਲੇਬੀਆਂ ਚੰਗੀਆਂ ਨੂੰ।

ਗੋਟੇ ਲੱਗਣ ਰਜਪੂਤ ਲੈ ਰੇਸ਼ਮਾਂ ਨੂੰ,
ਲੈ ਕੇ ਚੋਲੀਆਂ ਰੰਗ ਬਰੰਗੀਆਂ ਨੂੰ।

ਥਾਂ-ਥਾਂ ਮਿਲਣ ਮਠਿਆਈਆਂ ਖਾਣ ਨੂੰ ਜੀ,
ਤੇਗ਼ਾਂ ਕੱਢ ਮਿਆਨ 'ਚੋਂ ਨੰਗੀਆਂ ਨੂੰ।

'ਰਜਬਲੀ' ਰਜਪੂਤ ਤਿਆਰ ਹੋਗੇ,
ਘੋਲ ਘੁੱਟ ਫਸੌਣ ਸਰੰਗੀਆਂ ਨੂੰ।

॥ਦੋਹਿਰਾ॥
ਹੋਗੀ ਰਵਾਂ ਚੜੇਲ ਤੋਂ, ਗਹੇ ਛੱਲੜੇ ਜਰਕ।
ਦੂਰੋਂ ਲਿਸ਼ਕਾਂ ਮਾਰਦੇ, ਜਿਵੇਂ ਸੁਨਹਿਰੀ ਵਰਕ।

**ਸੋਲ੍ਹਾਂ ਅੱਖਰਾਂ ਛੰਦ—23**

ਤਾਬੂਤ-ਤੋਸ਼ ਸੁਨੇਹੇ, ਦਿੱਲੀਉਂ ਅੰਣ ਪਠਾਣਾਂ ਦੇ।
ਹਾਲ ਕਰਾਨ ਬਣਾਤੇ, ਲਿਆਣ ਚੜੇਲੋਂ ਗਾਣਾ ਦੇ।
ਬਰਨ ਕੁਆਨ ਤਿਆਰੀ, ਨਕਲ ਉਤਾਰੀ ਨਾਰਾਂ ਦੀ,
ਜਾਣ ਜਰਕਦੇ ਛੋਲੇ, ਚੰਬਲੀ ਲਾਰ ਸੁਹਾਗਾਂ ਦੀ।

ਲੱਗ 'ਗੀ ਦੇਖ ਹਰਾਨੀ, ਰਾਜਪੂਤ ਪਲ ਵਿੱਚ ਬਣ ਗੀ ਗਏ,
ਪੈਰੀਂ ਪੌਣ ਪੰਜੇਬਾਂ, ਹੱਥ ਵਿੱਚ ਛਣਕਣ ਛਣਕੀ ਗਏ।
ਸੂਰਜ ਵਾਂਗੂੰ ਚਮਕਦੀ, ਝਲਕ ਸੁਨਹਿਰੀ ਹਾਰਾਂ ਦੀ,
ਜਾਣ ਜਰਕਦੇ ਛੋਲੇ, ਚੰਬਲੀ ਲਾਰ ਕੁਹਾਰਾਂ ਦੀ।

ਗੋਟੇ ਨਾਲ ਮੜ੍ਹਾਤੇ, ਡੋਲੇ ਰੇਸ਼ਮ ਥਾਣ ਦੇ,
ਲਿਆ ਦਿਉ ਫੈਂਟ ਪਟਮੇਲੀ, ਯਾਦ ਕਰਾ ਦਿਓ ਨਾਨਕੇ।
ਦਿੱਲੀ ਦੇ ਵਿੱਚ ਚੱਲਦੇ, ਪੈਣੀ ਲੋੜ ਹਥਿਆਰਾਂ ਦੀ,
ਜਾਣ ਜਰਕਦੇ ਡੋਲੇ, ਬੱਝਗੀ ਲਾਰ ਕੁਹਾਰਾਂ ਦੀ।

ਖਾਵਣ ਲੱਗਾਂਗੀ ਜੇਬ, ਉਬਾਲੇ ਜੁਆਨੀ ਜੋਹਬ ਦੀ,
ਮੁਰਕਿਆਂ ਤੇ ਬੰਨ੍ਹਲੀ, ਘੁਟਕੇ ਪਹੁੰਚੀ ਮੋੜ ਦੀ।
ਇੱਕ ਦਮ ਮਾਰਚ ਕਰਦੀ, ਟੋਰਲੀ ਚਾਰਾਂ ਚਾਰਾਂ ਦੀ।
ਜਾਣ ਜਰਕਦੇ ਡੋਲੇ, ਬੱਝਗੀ ਲਾਰ ਕੁਹਾਰਾਂ ਦੀ।

ਮੋਢੀਂ ਡੋਲੇ ਰੋਂਕਦੇ, ਸ਼ੇਰ ਬਹਾਦਰ ਚਾਰ ਮੇਂ,
ਤੇਜ਼ ਬਰੋਲਿਆਂ ਵਾਂਗੂੰ, ਘੁਲਦੇ ਜਾਂਦੇ ਬਾਰ ਮੇਂ।
ਨੇਰ੍ਹੀ ਵਾਂਗੂੰ ਚੜ੍ਹਗੀ, ਪਲਟਣ ਕਈ ਹਜ਼ਾਰਾਂ ਦੀ,
ਜਾਣ ਜਰਕਦੇ ਡੋਲੇ, ਬੱਝਗੀ ਲਾਰ ਕੁਹਾਰਾਂ ਦੀ।

ਬਣਾ ਤਬੇਲਾਂ ਤਾਰਾਂ, ਚੁਰਾ ਲਿਆ ਚਾਰ ਤੁਰੰਗਾਂ ਨੂੰ,
ਤੇਜ਼ ਦਰਿਆਈ ਘੋੜੇ, ਉਡਦੇ ਸਾੜੇ ਰੰਗਾਂ ਨੂੰ।
ਬਾਗੀ-ਗਾਰਡ ਲੈਲੀ, ਫ਼ਸਟ ਸਲਾਮ ਸਵਾਰਾਂ ਦੀ,
ਜਾਣ ਜਰਕਦੇ ਡੋਲੇ, ਬੱਝਗੀ ਲਾਰ ਕੁਹਾਰਾਂ ਦੀ।

ਨੌਕਰ ਚਾਕਰ ਭੇਜੇ, ਸ਼ਾਹ ਨੇ ਸਹਿਰ ਗਰਾਂਵਾਂ ਮੇਂ,
ਹਰ ਸ਼ੈ ਹਾਜ਼ਰ ਮਿਲਦੀ, ਜਾਂਦੇ ਠਹਿਰ ਪੜਾਵਾਂ ਮੇਂ।
ਅਰਦੋਂਟ ਡਿਊਟੀ ਸਾੜੀ, ਹਰ ਥਾਂ ਖ਼ਿਦਮਤ ਸ਼ਾਹਾਂ ਦੀ,
ਜਾਣ ਜਰਕਦੇ ਡੋਲੇ, ਬੱਝਗੀ ਲਾਰ ਕੁਹਾਰਾਂ ਦੀ।

ਦੂਰੋਂ ਡੋਲੇ ਔਂਦੇ ਟਹਿਕਣ ਵਾਂਗ ਸਤਾਰਿਆਂ ਦੇ,
ਦੇਖਣ ਲਗਗੀ ਸਹਿਰੀ, ਉੱਪਰ ਚੜ੍ਹੇ ਚੁਬਾਰਿਆਂ ਦੇ।
'ਬਾਬੂ' ਖ਼ਿਲਕਤ ਪੜ੍ਹਗੀ, ਚਾਂਦਨੀ ਚੌਕ ਬਜ਼ਾਰਾਂ ਦੀ।
ਜਾਣ ਜਰਕਦੇ ਡੋਲੇ, ਬੱਝਗੀ ਲਾਰ ਕੁਹਾਰਾਂ ਦੀ।

### ਬੈਂਤ—24

ਅਤੇ ਰਾਮ ਦੁਆਲ ਨੇ ਅਕਲ ਕੀਤੀ,
ਬਾਹਾ ਕਰਦੇ ਰਾਜਿਆਂ ਨੂਹਿਆਂ ਨੂੰ।

ਪੂਰੀ ਹੋਣ ਵਿਚੋਂ ਰਸਮ ਦੁਹਰਾ ਦੀ ਜੀ,
ਰਾਣੀ ਭੈਣ ਦੇ ਦੰਦ ਦੇ ਚੂੜਿਆਂ ਨੂੰ।

ਰਾਜਾ ਹਾਰ ਗਿਆ ਕੌਲ-ਇਕਰਾਰ ਕਰਕੇ,
ਥਚੇ ਦਿਲੋਂ ਭੁਲਾ ਇਤਾ ਝੂਰਿਆਂ ਨੂੰ।

ਆਈ ਪਦਮਣੀ ਨਾਰ ਪਿਰਕਾਰ ਵੇਖੇ,
ਕਰਨ ਸੈਨ ਦੇ ਚਰਗਿਆਂ ਨੂੜਿਆਂ ਨੂੰ।

ਸ਼ੀਸ਼-ਮਹਿਲ ਦੀ ਖਿੜਕੀ ਖੋਹਲ ਦੇਣੀ,
ਘੇਸੂ ਬਾਹਰ ਛਹਾ ਵਿਚ ਮੁੜਿਆਂ ਨੂੰ।

ਬਾਥ ਰੂਮ ਦੇ ਵਿੱਚ ਇਸ਼ਨਾਨ ਕਰਕੇ,
ਲੈਣ ਅੱਤਰ ਖਲਾਰ ਕੇ ਜੂੜਿਆਂ ਨੂੰ।

ਮਟਰ ਗੱਡੀਆਂ ਛਾਣੀਆਂ ਤਿਆਰ ਕਰਕੇ,
ਗੱਡਾ ਘਿਉ ਲੈ ਰਾਹ ਵਿਚ ਪੂੜਿਆਂ ਨੂੰ।

ਬਾਗ਼ ਮਣੀ ਮੰਗਾਇਕੇ ਖੀਰ ਧਰਨੀ,
ਦੇਸੀ ਖੰਡ ਦੇ ਧੂੜ ਵਿਚ ਧੂੜਿਆਂ

ਧਰੇ ਸੇਬ ਅੰਗੂਰ ਪਲੇਟ ਮੇਂ ਜੀ,
ਦੂਰ ਰੱਖਣਾ ਬੇਰ, ਲਸੂੜਿਆਂ ਨੂੰ।

ਪਹਿਲਾਂ ਲੌਂਗ ਤੇ ਲੈਚੀਆਂ ਚਿੱਥ ਕੇ ਤੇ,
ਤਾਜ਼ੇ ਪਾਨ ਲਗਾਉਣ ਮਸੂੜਿਆਂ ਨੂੰ।

ਸ਼ੁਸ਼ਾ ਕਤੂਰੀ ਸੈਰ ਭੁੱਲ ਦਾੜੀਆਂ ਦੀ,
ਲਵੇ ਸ਼ਾਮ ਨੂੰ ਝੂਟ ਤੇਗੂਤਿਆ ਨੂੰ।

ਘੋੜੇ ਜੜੇ 'ਚੇ ਹੋਣ ਵਿੱਚ ਬੰਨਿਆਂ ਦੇ,
ਪਾ ਕੇ ਪਿਆਰ ਵਧਾਂਵਦਾ ਗੁੜਿਆਂ ਨੂੰ।

ਆਈਆਂ ਪੰਜ ਸੁਨਹਿਰੀ ਗਾਗਰਾਂ ਜੀ,
ਪਵੇ ਸ਼ੋਰ ਚਤੂਰਿਆਂ ਰੁੜ੍ਹਿਆਂ ਨੂੰ।

'ਰਜਬਲੀ ਖਾਂ' ਸਾਇਰੀਆਂ ਕਰਨ ਲੱਗਾ,
ਸਿੱਖ ਈੜੀਆਂ, ਆੜਿਆਂ, ਊੜਿਆਂ ਨੂੰ।

॥ਦੋਹਿਰਾ॥
ਲਾਖੇ ਸ਼ਾਹ ਨੂੰ ਪੈ ਗਿਆ, ਏਥ ਭੈਲਣੋ ਭਰਮ।
ਹੁਣ ਜ਼ਿੰਦਗੀ ਮੁਸ਼ਕਲ ਬਣੇ, ਬਣੇ ਖਾਲਸੇ ਵਰਮ।

### ਰਚਨਾ—25

ਚੂੜੇ ਫੇਲਦਾ ਗਿਆ ਠੱਕ-ਠੱਕ ਜੀ, ਪੈ ਗਿਆ ਲਾਖੇ ਸ਼ਾਹ ਨੂੰ ਸ਼ੱਕ ਜੀ,
ਦੋ ਹੱਥ ਘੁੰਦਕੇ ਫੜ ਲਿਆ ਲੱਕ ਜੀ, ਤੇ ਜਿਉਂ ਟੁੰਟਗੀ ਢੂਈ ਜੀ।
ਝੋਲੇ ਦੇ ਵਿੱਚ ਫਸਣ ਜਿਹਾ ਚੌਕੀ ਫਿਰੇ ਦਮੂਹੀ ਜੀ।
ਥੱਰ-ਥੱਰ ਕੰਬਦਾ ਫਿਰਦਾ ਲਾਲਾ, ਲਗਾਵਾ ਜੋਰ ਮਹੌਲੇ ਧਾਲਾ,
ਹੋਰੂੰ ਚੋਲੇ ਕਾਹਲਾ-ਕਾਹਲਾ, ਕਾਲਾ ਹੋ ਗਿਆ ਰੋਲਿਆਂ ਤੋਂ।
ਝੋਲਿਆਂ ਵਿੱਚ ਅੰਗ ਮੌਚਦੀ। ਲੱਗਾਦਾ ਸੇਕ ਬਰੋਲਿਆਂ ਤੋਂ।

ਨੱਕ ਜਿਉਂ ਚਿੱਥਾ ਵਾਹੜਾ ਖੋਦਾ, ਸਿਰ ਜਿਉਂ ਮੁਰਗਾਬ ਰੱਜ ਦਾ ਬੋਦਾ,
ਮਾਥਾ ਨਿੱਕਲੀ ਲੱਗਿਆ ਲੇਦਾ, ਟੁੰਟਗੀਆਂ ਜਾਹੜਾਂ ਵਿਰਲੀਆਂ ਜੀ।
ਮੂੰਹ ਵਿੱਚ ਜੀਭ ਫਿਰੇ ਜਿਉਂ ਪੂਛ ਹਲਾਵਣ ਕਿਰਲੀਆਂ ਜੀ।
ਭੂਰਾ ਚੱਦਲ ਲੱਜੇ ਧੱਬੇ, ਤੇ ਦੰਦ ਵਿਰਚਣ ਨਾਸਰ ਕੱਬੇ,
ਸੈਂਟਿਆਂ ਵਾਲੇ ਘਰ ਢੂੰਧ ਲੱਭੇ, ਛਿਗਿਆਂ ਬਥ ਦਿਆਂ ਗੋਲਿਆਂ ਤੋਂ।
ਝੋਲਿਆਂ ਵਿੱਚ ਅੰਗ ਮੌਚਦੀ, ਲੱਗਾਦਾ ਸੇਕ ਬਰੋਲਿਆਂ ਤੋਂ।

ਵਰਦੀ ਪਾ ਕੇ ਕਰ ਬਹੁ ਮੂੰਹ, ਔਦਾ ਪਲ-ਪਲ ਮਗਰੋਂ ਢੂੰਢ,
ਧਗਾੜੀ ਢੇਗੀ ਬਿਲਬਿਆ ਮੂੰਹ, ਆ ਨਾਲ ਵਜਦਾ ਗਿੱਟਿਆਂ ਤੇ।
ਰੂੰਗ-ਰੂੰਗ ਲਾਲਾ ਹਿਗਾਵੀਆਂ, ਕਪੜਿਆਂ ਚਿੱਟਿਆਂ-ਚਿੱਟਿਆਂ ਤੋਂ।
ਦੇਖੋ ਪੁਜਾਂ ਟਲ਼ ਜਿਓ ਡਾਂਟਿਉਂ, ਨਾਣੀ ਰੋਂਦੀ ਮਰਜੂ ਨਿਆਣਿਓ;
ਧੀ ਮੈਂ ਕਰਲੂ ਬਚਾਇਓ ਸਿਆਣਿਓ, ਖ਼ਿਲਜੀ ਕੱਢਦੂ ਖੋਲ੍ਹਿਆਂ 'ਚੋਂ।
ਝੋਲਿਆਂ ਵਿੱਚ ਅੰਗ ਮੌਚਦੀ, ਲੱਗਾਦਾ ਸੇਕ ਬਰੋਲਿਆਂ ਤੋਂ।

ਚੋਬਾ ਹਿੱਸਾ ਰਿਹਾ ਝੂਰ-ਝੂਰ 'ਕੇ, ਚੋਬ ਲਾ ਕੰਨ ਨੂੰ ਖਿੱਚ ਨੂੰ ਖੁਰਕੇ;
ਕੱਲ੍ਹੇ ਲੱਭਦਾ ਬੂਰਾ ਘੁਰੰਬੋ, ਕਣੀਆਂ ਭੁੰਨੀਆਂ ਖਿੱਲੀਆਂ ਛੱਡ।
ਅੱਖੀਆਂ ਮੀਚੀ ਫਿਰੇ ਕਬੂਤਰ ਗੋਲਾ ਕਰਦਾ ਖਿੱਲੀਆਂ ਤੋਂ।
ਮੌਲਿਆ ਦੌਧ ਪੇੜੇ ਖਾ ਫਿਰਦਾ, ਠੇਡਾ ਖਾ ਮੁੜਣ ਗਿਆ ਗਿਰਦਾ,
ਸੁਰਤ ਕਲਾਫੀ ਖਿਗਦਾ ਫਿਰਦਾ, ਜੈਸੇ ਗਿਦੜ ਮਧੋਲਿਆਂ ਤੋਂ।
ਛੋਲਿਆਂ ਵਿੱਚ ਅੱਗ ਮੱਚਦੀ। ਲੱਗਦਾ ਸੇਕ ਬਰੋਲਿਆਂ ਤੋਂ।

ਮਾਰਿਆ ਪੈਰ ਕੁਹਾੜਾ ਆਪੇ, ਡੌਲਿਆ ਬੀਜ ਕਿਸ ਔਂਦੇ ਕਾਪੇ,
ਲਤ ਜਿਆ ਉਲਦਾ ਫਿਰਬਕਲੇ ਜਾਪੇ, ਲਾਲਾ ਤਿੜ੍ਹੀ-ਤਿੜ੍ਹੀ- ਕਰਮਾਂ ਤੋਂ।
ਨਹਿਰ ਟੁਟੀ ਜਿਉਂ ਮੰਟ ਵਿਚਾਰਾ, ਫਿਰਦਾ ਚਰਮਾਂ ਤੋਂ।
ਠਾਕਰ ਦਿੱਸ ਦੇ ਜਾਣੀ ਡੈਣਾਂ, ਬਚ ਗਿਆ ਸਮਝੂ ਪਦਮਣੀਆਂ ਫੇਣਾਂ,
ਕਈ ਵੈਰ ਪਠਾਣਾਂ ਲੈਣਾ, ਇਹਨਾਂ ਲਾਲਿਆਂ ਭੋਲਿਆਂ ਤੋਂ।
ਛੋਲਿਆਂ ਵਿੱਚ ਅੱਗ ਮੱਚਦੀ। ਲੱਗਦਾ ਸੇਕ ਬਰੋਲਿਆਂ ਤੋਂ।

'ਬਾਬੂ' ਭਰਮ ਮਿੱਟਣ ਨਾ ਦਿਲ ਦੇ, ਦਿੱਸਦੇ ਨਵੇਂ-ਨਵੇਂ ਗੁਲ ਖਿਲਦੇ,
ਫੜ-ਫੜ ਕਰਦੇ ਫੈਘ ਜੁੰ ਹਿੱਲਦੇ, ਲਗਣ ਉਡਾਂਹ ਨੂੰ ਬੂੜਕਣ ਜੀ।
ਜੋ ਚੂੰਢੀਆਂ ਪਦਮਣੀਆਂ, ਖੁੰਭ-ਰਿਆ ਵਾਂਗੂੰ ਚੁਕੂਥਣ ਜੀ।
ਦਿਲ ਜਿਹਾ ਹਿਲਦਾ ਫਿਰਦਾ ਮੰਗਾ, ਮੇਰਾ ਵਗਦਾ ਨਾ ਪਰ ਜੰਗਾ,
ਦਿਸਜੇ ਨਾਗਵੱਛੀ ਦਾ ਚੇਹਰਾ, ਲਗਾਹੂ ਖ਼ਬਰ ਕਰੋਲਿਆਂ ਤੋਂ।
ਛੋਲਿਆਂ ਵਿੱਚ ਅੱਗ ਮੱਚਦੀ। ਲੱਗਦਾ ਸੇਕ ਬਰੋਲਿਆਂ ਤੋਂ।

॥ ਦੋਹਿਰਾ ॥
ਚੂੜੇ ਕੋਲਦੀ ਨੱਥ ਗਈ, ਪਿਛਾਹ ਜਦੋਂ ਸਰਕਾਰ।
ਲਾਖੇ ਸ਼ਾਹ ਸਭ ਨੂੰ ਕਹੇ, ਮੈਨੂੰ ਨਾ ਇਤਬਾਰ।

**ਮੁਕੰਦ ਛੰਦ—26**
ਲਾਖੇ ਸ਼ਾਹ ਪੁਕਾਰਦਾ, ਪਠਾਣਾ ਬਲੀਆ।
ਅੜੇ ਰਾਮ ਫਲ ਨਾ ਦਖਾਜੇ ਫਲੀਆ।
ਤੇਰੇ ਨਾਲ਼ ਕਰਜੇ ਚਲਾਕੀ ਆਹਾ ਨਾ।
ਬੈਠੇ ਅੜੇ ਰਾਮ ਤੇ ਯਕੀਨ ਸ਼ਾਹਾ ਨਾ।

ਪਤਲੇ ਕਹਾਰ ਦੀਹਦੇ ਵਾਂਗ ਤਾਰਿਆਂ ਦੇ,
ਲੈਗਏ ਪਠਾਨ ਵਾਂਗਰਾਂ ਸੁਹਾਗਿਆਂ ਦੇ।

ਕਿਤੇ ਚੌਖੜੇ ਦਾ ਬੰਨ੍ਹਣ ਕਰਾਹਾ ਨਾ।
ਬੰਦੇ ਅਤੇ ਰਾਮ ਤੇਂ ਯਕੀਨ ਸਾਹਾ ਨਾ।

ਡੋਲੇ ਸਾਰੇ ਖੇਰਕੇ ਵਗਲ ਰੰਚ-ਬਾਂ ਦੇ,
ਮਾਰ ਮਾਰ ਲੈਣ ਨਾ ਮੁਹਾਰੇ ਲੋਥਾਂ ਦੇ।
ਰਾਜਪੂਤ ਸੂਰਾ ਬੰਦਲ ਜਲਾਹਾ ਨਾ,
ਬੰਦੇ ਅਤੇ ਰਾਮ ਤੇ ਯਕੀਨ ਸਾਹਾ ਨਾ।

ਸੂਰਮਿਆਂ ਦੇ ਮੱਥੇ ਜੋ ਸਵੇਰੇ ਚੜ੍ਹਗੇ,
ਅੱਜ ਮੂੰਹ ਆਏ ਜੋ ਦਿੱਲੀ 'ਚੋਂ ਮੁੜਗੇ।
ਦੇਂਦਾ ਚੈਬਲ ਦਾ ਟੱਪਣ ਬਾਹਾ ਨਾ,
ਬੰਦੇ ਅਤੇ ਰਾਮ ਤੇ ਯਕੀਨ ਸਾਹਾ ਨਾ।

ਦਗਾ ਬਰੂ ਹੋਜਿਉ ਪਠਾਣੀਂ ਖੇਲੇਂ ਨਾ,
ਨਹਿਰ ਵਗੋ ਨਿਕਲ ਲਿੰਕਸ ਮੇਲੇ ਨਾ।
ਲੱਗਜੇ ਬਜ਼ਾਰੀਂ ਹੋਣ ਹਾਹਾ-ਹਾਹਾ ਨਾ,
ਬੰਦੇ ਅਤੇ ਰਾਮ ਤੇ ਯਕੀਨ ਸਾਹਾ ਨਾ।

ਚੁੰਬਧੀਂ ਨਾ ਨੇੜੇ ਫੈਲਦਾੜੀ ਜਾਣਕੇ,
ਖਾਨ ਸਾਹਬ ਯਾਦ ਨਾ ਕਰਾਂਦੇ ਨਾਨਕੇ।
ਸੈਹਾ ਦਿਸੇ ਚੰਦ ਜੇ ਖਰੂਦ ਬਾਹਾ ਨਾ,
ਬੰਦੇ ਅਤੇ ਰਾਮ ਤੇ ਯਕੀਨ ਸਾਹਾ ਨਾ।

ਲੋਦੀ ਜੋ ਫਰੇਬ ਕਰ ਲਿਆ ਫਰੇਬੀਆਂ,
ਖਿੜੀਆਂ ਨਾ ਰਹਿਣ ਮਹਿਲ ਮੈਂ ਜਲੇਬੀਆਂ।
ਰਹਿ ਸੋ ਰੋਂਦਿਆ ਕਲੋਲ ਦਾ ਵਗਾਹਾ ਨਾ,
ਬੰਦੇ ਅਤੇ ਰਾਮ ਤੇ ਯਕੀਨ ਸਾਹਾ ਨਾ.

ਬੰਦਜੇ ਮਰਾਸਣ ਕਰੇਂਦੀ ਸਿਆਪੇ ਨਾ,
ਦਿਸਦਾ ਫਰੇਬ ਤੇ ਸਚਾਈ ਜਾਪੇ ਨਾ।
'ਬਾਬੂ' ਰਹਿਜੇ ਖਾਨ ਸਾਹਬ ਬੇ-ਨਿਕਾਹਾ ਨਾ,
ਬੰਦੇ ਅਤੇ ਰਾਮ ਤੇ ਯਕੀਨ ਸਾਹਾ ਨਾ।

## ਬੈਂਤ—27

ਦੂਜੀ ਵਾਰ ਦਿਵਾਨ ਤਗੀਦ ਕਰਦਾ,
ਦੇਖੀਂ ਬਾਦਸ਼ਾਹ ਕੰਮ ਵਲੱਲ ਹੋਵੇ।

ਅਸ਼ੇ ਰਾਮ ਦਾ ਨਹੀਂ ਇਤਬਾਰ ਮੈਨੂੰ,
ਸੋਈ ਨਵਾਂ ਬਣਾਂਵਦਾ ਢੋਲ ਹੋਵੇ,

ਕਦੇ ਸੂਰਮੇਂ ਵੇਟ ਜਨਾਨੀਆਂ ਨਾ,
ਜੀਰ ਪਾਸ ਨਾ ਇਸਤਰੀ ਘੱਲ ਹੋਵੇ।

ਛੱਲਿਆਂ ਵਿੱਚ ਨਾ ਪੈਣ ਰਾਜਪੂਤ ਬੱਚੇ,
ਲੈੜ-ਲੜ ਬਿਨਾਂ ਨਾ ਠੱਲ੍ਹ ਹੋਵੇ।

ਘਰੀਂ ਆ ਗਿਆ ਪਦਮਣੀ ਲੈਣ ਨੂੰ ਤੂੰ,
ਸ਼ਹਿਰ ਵਿੱਚ ਨਾ ਪਿਆ ਕਰਥੱਲ ਹੋਵੇ।

ਜਿਹੜੇ ਆਬ ਨੂੰ ਆਬ-ਹਿਯਾਤ ਸਮਝੇਂ,
ਵੇਖੀਂ ਚਹਿਰ ਦੀ ਭਰੀ ਵੀ ਛੱਲ ਹੋਵੇ।

ਇਕੇ ਉੱਪਰੋਂ ਸਾਫ਼ ਅਕਾਸ਼ ਤੈਨੂੰ।
ਦਲ-ਦਲ ਜ਼ਮੀਨ ਨਾ ਚੈਲ ਹੋਵੇ।

ਖਾਵੇਂ ਸਮਝ ਕੰਧਾਰ ਦਾ ਸੇਬ ਬਾਗਾ,
ਡੌਡੇ ਤੂੰਮਿਆਂ ਦੀ ਖਿੱਤੇ ਵੇਲ ਹੋਵੇ।

ਰੰਗ ਮਾਲਟਿਆਂ ਬਾਗਾਂ ਨਜ਼ਰ ਆਵੇ,
ਏਸ ਬਿਰਛ ਦਾ ਤੁਰਸ ਨਾ ਫੈਲ ਹੋਵੇ।

ਖਿੱਚ ਵੜ ਗਿਆ ਸਮਝਕੇ ਹਿਰਨੀਆਂ ਤੂੰ,
ਵੇਖੀਂ ਚਿੱਤਰੇ ਸ਼ੇਰ ਦਾ ਸ਼ੈਲ ਹੋਵੇ।

ਫੰਗੂ ਸ਼ੈਪ ਸੇਜ਼ਾਲੂ ਦੇ ਹੱਥ ਲੈਣਾਂ,
ਉੱਤੇ ਚੜ੍ਹੀ ਖ਼ਰਗੋਸ਼ ਦੀ ਖੱਲ ਹੋਵੇ।

ਮੁਸ਼ਕਲ ਲਾਹਮਣੀ ਓਸਦੀ ਆਬਰੂ ਜੀ,
ਖਿੰਡੀ ਵਿੱਚ ਜਹਾਨ ਦੇ ਝੋਲ ਹੋਵੇ।

ਫਿਰੇ 'ਬਾਲੀਆਂ' ਢੰਗ ਸਗਰੀਵ ਤਾਈਂ,
ਉਹਦੇ ਨਾਲ ਰਘਬੀਰ ਦਾ ਬੋਲ ਹੋਵੇ।

ਰੋਣਾਂ ਸਾਨਕੀ ਮਗਰ ਨਾ ਜਾਨ ਦੇਦੀਂ,
ਸੀਨੇ ਵਿੱਚ ਤਲਵਾਰ ਦਾ ਸੱਲ ਹੋਵੇ।

ਐਂਜ ਬੁੱਲ ਪਟਿੰਆਰੀਆਂ ਫੋਲਲਾ ਤੂੰ,
ਖਾਨ ਸਾਂਹਿਬ ਮਖੌਲ ਨਾ ਕੱਲ੍ਹ ਹੋਵੇ।

'ਰਜਬਲੀ' ਉਸਤਾਦ ਥੋਂ ਪੁੱਛ ਲੈਣਾ,
ਜਦੋਂ ਆਪ ਸਵਾਲ ਨਾ ਹੱਲ ਹੋਵੇ।

॥ਦੋਹਿਰਾ॥

ਕੂਹਾ ਵਿੱਚ ਵੀ ਬੋਲ ਗਿਆ, ਕਰੇ ਅਗਾਹ ਨੂੰ ਧੌਰ।
ਮੇਰਾ ਰਾਜੇ ਨਾਲ ਹੈ, ਸਿਰਾਂ-ਧੜਾਂ ਦਾ ਵੈਰ।

ਮੁਖੰਡ ਛੰਦ—28

ਵੈਧਰੋਂ ਅੰਗੀਰੇ ਕੂਹਾ ਬਾਹ ਨੂੰ ਠੱਲ੍ਹਦਾ,
ਲਾਖੇ ਬਾਹ ਤੋਂ ਪੁੱਛਜੇ ਝਰਬ ਗੱਲ ਦਾਂ।
ਜਿਹੜਾ ਕਾਅ ਨਾ ਬੋਲੇ ਉਹ ਤਰਾ ਨਾ ਤੋਰ ਹੈ,
ਮੇਰੇ ਨਾਲ ਰਾਜੇ ਦੇ ਪੁਰਾਣਾ ਵੈਰ ਹੈ।

ਦੇ ਸਿਮਲ ਖਾਰ ਸੀ ਧਰਮ ਹਾਰ 'ਤਾ,
ਮੇਰਾ ਪਿਤਾ ਏਸ ਦੇ ਪਿਤਾ ਨੇ ਮਾਰਤਾ।
ਇਹਨਾਂ ਸਾਡੇ ਨਾਲ ਨਾਂ ਗੁਜਾਰੀ ਮੋਰ ਹੈ,
ਮੇਰੇ ਨਾਲ ਰਾਜੇ ਦਾ ਪੁਰਾਣਾ ਵੈਰ ਹੈ।

ਨਾਸੀਂ ਧੂੰਆਂ ਦੇਕੇ ਤੇ ਉਜਾੜੇ ਨਗਰੋਂ,
ਕਰੇ ਮਨ ਭੈਂਟੀਆਂ ਸਰੀਕ ਮਗਰੋਂ।
ਮੇਰੀ ਮਾਂ ਵੀ ਘਰ ਨਾਨਕਿਆਂ ਦੇ ਠਹਿਰ ਹੈ,
ਮੇਰੇ ਨਾਲ ਰਾਜੇ ਦਾ ਪੁਰਾਣਾ ਵੈਰ ਹੈ।

ਰਾਜ ਛੱਡ ਨਾਨਕੀਂ ਕਸਬਣ ਵੱਟਿਆ,
ਮੈਂ ਰਤਨ ਸੈਨ ਦੇ ਫੜੇ ਤੋਂ ਹੱਟਿਆ।
ਚੌਥੀਂ ਸਾਲੀਂ ਦੇਖਿਆ ਚਤੌੜ ਸ਼ਹਿਰ ਹੈ।
ਮੇਰੇ ਨਾਲ ਰਾਜੇ ਦਾ ਪੁਰਾਣਾ ਵੈਰ ਹੈ।

ਪਾਲਜੇ ਤੇ ਵੰਗੀ ਨੇ ਮਚਾਈਆਂ ਅੱਗਾਂ ਜੀ,
ਮੇਰਾ ਚਿੱਤ ਕਰਦਾ ਮੈਥੋ ਨਾਂ ਲੰਘਾਂ ਜੀ।
ਮੈਨੂੰ ਥੋੜਾ ਲਗਦਾ ਸਮਾਨ ਜ਼ਹਿਰ ਹੈ।
ਮੇਰੇ ਨਾਲ ਰਾਜੇ ਦਾ ਪੁਰਾਣਾ ਵੈਰ ਹੈ।

ਪਹਿਲਾ ਪੈਰ ਰੱਖਾਂ ਨਾ ਬਰੀਕੇ ਅੱਜ ਦੇ,
ਤੇਰੇ ਪਾਸ ਲਿਆ ਕੇ 'ਤੇ ਟੱਬਰ ਬੱਜ ਦੇ।
ਸੈਲ੍ਹਾਂ ਸੈ ਨੂੰ ਦਿੱਲੀ ਦੀ ਕਰਾਤੀ ਸੈਰ ਹੈ,
ਮੇਰੇ ਨਾਲ ਰਾਜੇ ਦਾ ਪੁਰਾਣਾ ਵੈਰ ਹੈ।

ਲੈ ਜਾਂ ਬੇ-ਸਰਮ ਨੂੰ ਪਵਾਕੇ ਭੇਰਿਊਂ,
ਨਾਰਾਂ ਦੇ ਸੈਂਗਾਲ ਕਿਉਂ ਨਰਾਜ ਹੋ ਗਿਊਂ।
ਮੌਜ ਮਾਣ ਬਾਦਸ਼ਾਹ ਬਣਾਤੀ ਲਹਿਰ ਹੈ।
ਮੇਰੇ ਨਾਲ ਰਾਜੇ ਦਾ ਪੁਰਾਣਾ ਵੈਰ ਹੈ।

ਬੁਰਾ ਰੌਲਾ ਕਰਦਾ ਪਤੰਗੇ ਰੋਹ ਵੀਆਂ,
ਸਾਡੇ ਸਾਦ ਚਾਪੀਆਂ ਬਣਾਈਆਂ ਚਿਹਰੀਆਂ।
'ਰਜਬਲੀ ਬਾਬੂ' ਨਹਿਰ ਦਾ ਰਵੈਰ ਹੈ।
ਮੇਰੇ ਨਾਲ ਰਾਜੇ ਦਾ ਪੁਰਾਣਾ ਵੈਰ ਹੈ।

॥ਦੋਹਿਰਾ॥

ਲਾਖੇ ਸਾਹ, ਸ਼ਾਹ ਨੂੰ ਕਹੇ, ਮੁੜੋ ਆਪ ਥਾ ਦਰਦ।
ਸਿਰਫ਼ ਦੀਨ ਜਾ ਵੇਖਲੋ, ਨਾਰਾਂ ਹਨ ਕਿ ਮਰਦ?
ਸਿਰਫ਼ ਦੀਨ ਕਾਜ਼ੀ ਕਹੇ, ਬਰੇ ਨਾ ਸਾਹਾ ਜਬਰ।
ਲਾਖੇ ਸਾਹ ਦੀਆਂ ਵੇਖੀਆਂ, ਲਾਖੇ ਸ਼ਾਹ ਨੂੰ ਖ਼ਬਰ।

ਮੁਖੰਬ ਛੰਦ ਨੰ: 29

ਬਾਜ਼ੀ ਦੇਖੋ ਮੋੜਕੇ ਜਵਾਬ ਆਖੇ ਸ਼ਾਹ,
ਆਹਾ ਖ਼ੂਬੀ ਚੱਦਦੂ ਦਿਵਾਨ ਲਾਖੇ ਸ਼ਾਹ।

ਆਤੁਰਕੀ ਤਸੱਲੀ ਥੱਲੇ ਮੇਰੇ ਕਹਿਣਾ ਦੀ,
ਲਾਖੇ ਸ਼ਾਹ ਦਿਵਾਨ ਨੂੰ ਪਛਾਣ ਨੈਣਾਂ ਦੀ।

ਇਹਨੇ ਵੇਖੀ ਹੋਣੀ ਹੈ ਚਕੋਰ ਗਾੜ੍ਹ ਮੇਂ,
ਐਂਦੀ ਹੋਣੀ ਮੋਤੀ ਜੋ ਪਰੋਏ ਲੜ ਮੇਂ।
ਮਹਿਲੀਂ ਫਿਰੇ ਪੈਲ੍ਹਕੇ ਮਿਸਲਕ ਚੈਨਾਂ ਦੀ,
ਲਾਖੇ ਸ਼ਾਹ ਦਿਵਾਨ ਨੂੰ ਪਛਾਣ ਨੈਣਾਂ ਦੀ।

ਮੈਲਣ ਨੂੰ ਖ਼ਿਆਰ ਹੁਕਮ ਹਜ਼ੂਰ ਦਾ,
ਜਲਵਾ ਸਹਾਰੂ ਜਿਵੇਂ ਕੋਹ-ਨੂਰ ਦਾ?
ਜਿਵੇਂ ਤਾਬ ਝੱਲੂ ਰੂਪ ਦਿਆਂ ਚਨੈਣਾਂ ਦੀ,
ਲਾਖੇ ਸ਼ਾਹ ਦਿਵਾਨ ਨੂੰ ਪਛਾਣ ਨੈਣਾਂ ਦੀ।

ਹੋਲਿਆਂ 'ਚ ਰੂਪ ਦੀ ਮਸ਼ਾਲ ਮੱਚਦੀ,
ਜਿਵੇਂ ਮੈਂ ਉਤਾਰੂ ਤਸਵੀਰ ਸੱਚ ਦੀ।
ਇਕੋ ਹੀ ਸ਼ਕਲ ਹੋਊ ਦੋਨਾ ਭੈਣਾਂ ਦੀ,
ਲਾਖੇ ਸ਼ਾਹ ਦਿਵਾਨ ਨੂੰ ਪਛਾਣ ਨੈਣਾਂ ਦੀ।

ਰਾਸ ਪਾਲੀ ਲੈ ਕੇ ਘਲੇਈਆ ਗੋਪੀਆਂ,
ਚੂਕੇ ਭੈਣੀ ਜਾਂਦੀਆਂ ਉਦਾਸ ਹੋ ਪੀਆਂ।
ਰੋਈ ਜਾਣ ਸੁਣਦੀ ਆਵਾਜ਼ ਵੈਣਾਂ ਦੀ,
ਲਾਖੇ ਸ਼ਾਹ ਦਿਵਾਨ ਨੂੰ ਪਛਾਣ ਨੈਣਾਂ ਦੀ।

'ਬਾਬੂ' ਮੈਨੂੰ ਮਾਰਨੀ ਮੁਹਾਲ ਬਾਤ ਹੈ,
ਓਹਦੇ ਅੱਗੇ ਚੰਦ ਦਾ ਚਲੈਣ ਮਾਤ ਹੈ।
ਜਿਉਂ ਕਪੂਰਥਲੇ 'ਚ ਸ਼ਕਲ ਰੈਣਾਂ ਦੀ।
ਲਾਖੇ ਸ਼ਾਹ ਦਿਵਾਨ ਨੂੰ ਪਛਾਣ ਨੈਣਾਂ ਦੀ।

॥ਦੋਹਿਰਾ॥

**ਮਾਰੇ ਖ਼ਿਲਜੀ ਬਾਦਸ਼ਾਹ, ਜ਼ੋਰ-ਜ਼ੋਰ ਦੀ 'ਵਾਜ਼।**
**ਐਦੀ ਨਹੀਂ ਪਛਾਣ ਸੀ, ਲਾਖੇ ਸ਼ਾਹ ਤੋਂ ਬਾਝ।**

## ਮੁਕੰਦ ਛੰਦ—30

ਸ਼ਾਹ ਨੇ ਦੇ ਲਿਆ ਹੁਕਮ ਦਿਵਾਨ ਥੱਲ ਗਿਆ।
ਗੁੰਮ-ਸੁੰਮ ਹੋ ਗਿਆ ਅੰਦਰ ਹੌਲ ਗਿਆ।
ਲਾਲਾ ਫਿਰੇ ਕਰਦਾ ਲਕੋਂਦਾ ਜਾਨ ਨੂੰ।
ਮੌਤ ਖੜ੍ਹੀ ਵਾਜਾਂ ਮਾਰਦੀ ਦਿਵਾਨ ਨੂੰ।

ਪਹਿਲਾਂ ਚੰਗਾ ਜੜ੍ਹ ਵੱਢੀ ਜਾਏ ਕਲੇਸ਼ ਦੀ,
ਮੁੜ ਜਿਔਂਦਾ ਆਊ ਨਾ ਅਮੰਦ ਦੇਸ ਦੀ।
ਚੱਕਰਾ ਚੱਲਿਆ ਬਸਾਦੀ ਦੀ ਦੁਕਾਨ ਨੂੰ,
ਮੌਤ ਖੜ੍ਹੀ ਵਾਜਾਂ ਮਾਰਦੀ ਦਿਵਾਨ ਨੂੰ।

ਚੱਕੇ ਇੱਕ ਕਦਮ ਸਗ੍ਹਾਂ ਤੇ ਰੁਕ ਜੇ,
ਸੁੱਕਗੀ ਜ਼ਬਾਨ ਨਾ ਲੰਘਣ ਥੁੱਕ ਜੇ।
ਬੋਲਿਆ ਨਾ ਜਾਵੇ ਥੱਲ੍ਹਦਾ ਜ਼ਬਾਨ ਨੂੰ,
ਮੌਤ ਖੜ੍ਹੀ ਵਾਜਾਂ ਮਾਰਦੀ ਦਿਵਾਨ ਨੂੰ।

ਦੂਰੋਂ ਸੇਕ ਮਾਰੇ ਅੱਗ ਦੇ ਬਰੋਲੇ ਦਾ,
ਹੌਲੀ-ਹੌਲੀ ਜਾਵੇ ਜਿਹਾ ਢੁਠਾ ਲਿਆ ਛੋਲੇ ਦਾ।
ਸੁੱਖ ਸ਼ਾਦ ਪੁੱਛੇ 'ਨਾਲ ਦੇ, ਦੁਕਾਨ ਨੂੰ,
ਮੌਤ ਖੜ੍ਹੀ ਵਾਜਾਂ ਮਾਰਦੀ ਦਿਵਾਨ ਨੂੰ।

ਮਾਨੋ ਫਣ ਮੁਰਝਾ ਅੰਦਰ ਖਿੱਚ ਲਿਆ,
ਜਿਹੜੇ ਬਾਂਝ ਰੱਖੇ ਸੀ ਹਥਿਆਰ ਖਿੱਚ ਲਿਆ।
ਧੂ ਲਿਆ ਕਟਾਰ ਤੋੜ ਕੇ ਮਿਆਨ ਨੂੰ,
ਮੌਤ ਖੜ੍ਹੀ ਵਾਜਾਂ ਮਾਰਦੀ ਦਿਵਾਨ ਨੂੰ।

ਨਾਈ ਬੈਠਾ ਕਦੋ ਦਾ ਕੁਹਾਰ ਘਾਤ ਸੀ,
ਤਲਵਾਰ ਮਾਰਕੇ ਉਡਾਈ ਸਾਥ ਸੀ।
ਮਿਲ ਗਿਆ ਇਨਾਮ ਸ਼ਾਨ ਦੇ ਮਹਿਮਾਨ ਨੂੰ,
ਮੌਤ ਖੜ੍ਹੀ ਵਾਜਾਂ ਮਾਰਦੀ ਦਿਵਾਨ ਨੂੰ।

ਇੱਥੇ ਵਾਰੀ ਲਾਸ਼ ਸੀ ਉਰਾਂਹ ਨੂੰ ਉੱਛਲੀ,
'ਰਜਬਲੀ' ਰੱਖ ਲਿਆ ਬਣਾ ਕੇ ਗੁੱਛਲੀ,

ਵਗ ਛੁਰੀ ਗੈਂਡ ਸੰਘਣੀ ਨਿਸਾਣ ਨੂੰ,
ਮੌਤ ਖੜ੍ਹੀ ਵਾਜਾਂ ਮਾਰਦੀ ਦਿਵਾਨ ਨੂੰ।

॥ ਦੋਹਿਰਾ ॥
ਗੱਭਰੂ ਨਿਕਲੇ ਕਿਲਿਉਂ, ਜਬ ਖੈਲ ਖੁਲ੍ਹ ਗਿਆ ਭੇਤ,
ਜੋ ਆਊਗਾ ਸਾਹਮਣੇ, ਮਾਰ ਰੱਖਣਗੇ ਖੇਤ।

ਤਰਜ਼ ਸਬਜ਼—31
ਚਿੱਟੇ ਘੋੜਿਆਂ ਦੇ ਉਛਾਲੇ ਸਜਣੀ, ਨਿਕਲੇ, ਛਲਾਂਗਾਂ ਮਾਰਕੇ।
ਖਿਆਲੋਂ ਹਰਨ ਵਾਂਗ ਵਿੱਚ ਵਣਗੇ, ਰੋਣੀ ਦਾ ਸਰੂਪ ਧਾਰ ਕੇ।
ਸੀਸ ਝਲਕੇ ਮਜ਼ੂਲਿਆਂ ਵਾਂਗ ਖਿੱਪਣੇ, ਰੋਹ ਜੋ ਚੜ੍ਹੇ ਕੌੜਾਂ ਨੂੰ,
ਚੌਕ ਚਾਂਦਨੀ ਲਹੂ ਦੇ ਨਾਲ ਲਿੱਪ 'ਤੇ, ਹਰਖ ਰਠੌੜਾਂ ਨੂੰ।

ਖੰਡੇ ਸਾਣਾਂ ਤੇਂ ਭਜਾਏ ਮਾਂਜੇ, ਬਿਜਲੀ ਸਮਾਨ ਲਸ਼ਕੇ,
ਆਗੋਂ ਜੰਗ ਦੇ ਮਚਾਵੇ ਲਾਂਭੇ, ਸਿੰਘ ਛੇ ਪਠਾਣ ਪੱਕੜੇ।
ਜਿਵੇਂ ਚਕੂਮੇ ਗਡੀਰਾ ਖਿੱਪ ਛੇ, ਲਤੜਿਆ ਲਗੌਂਝਾਂ ਨੂੰ,
ਚੌਕ ਚਾਂਦਨੀ ਲਹੂ ਦੇ ਨਾਲ ਲਿੱਪ 'ਤੇ, ਹਰਖ ਰਠੌੜਾਂ ਨੂੰ।

ਘੱਲੇ ਚੁੰਗਲੇ ਬਹਾਦਰ ਗੱਭਰੂ ਸੇ, ਸ਼ਹਿਰ ਵਿੱਚ ਦਿੰਦੇ ਗੇੜੀਆਂ,
ਦਲ ਪਿੱਛਿਆਂ ਦੇ ਉਛਾੜੇ ਪਜਸੇ, ਜੰਗ ਦੇ ਸਮੇਤ ਮੇਲੀਆਂ।
ਜਿਵੇਂ ਦੌੜਦਾ ਗੜ੍ਹਾ ਜਿਹਾ ਫਿਖਲੇ, ਤੋਲਿਆਂ ਦਮ-ਕੌੜਾਂ ਨੂੰ,
ਚੌਕ ਚਾਂਦਨੀ ਲਹੂ ਦੇ ਨਾਲ ਲਿੱਪ 'ਤੇ, ਹਰਖ ਰਠੌੜਾਂ ਨੂੰ।

ਦਲ ਗੱਭਰੂ ਸੂਰਜ ਵਾਂਙੂੰ ਢਾਹ ਤੋਂ, ਵੱਛੇ ਵਾਂਙੂੰ ਹਾੜੀਆਂ ਦੇ,
ਜਗ੍ਹਾ-ਜਗ੍ਹਾ ਤੇ ਮੁਹਾਰੇ ਲਾ 'ਤੇ, ਆਕੜੇ ਮੈਦਾਨੀਆਂ ਦੇ।
ਵਹੇ ਮੋਘਲੇ ਲਹੂ ਦੇ ਰਿੱਪ ਛੇ, ਹਣਾ 'ਤਾ ਖਰੇ ਔੜਾਂ ਨੂੰ,
ਚੌਕ ਚਾਂਦਨੀ ਲਹੂ ਦੇ ਨਾਲ ਲਿੱਪ 'ਤੇ, ਹਰਖ ਰਠੌੜਾਂ ਨੂੰ।

ਚੜੇ ਬੱਦਲ ਪੌਤੜੇ ਬਦਲੇ, ਲਾਸ਼ ਨਾਲ ਲਾਸ਼ ਜੋੜ 'ਤੀ,
ਜਿਹੜਾ ਖ਼ਾਨ ਦੇ ਬਹਾਦਰ, ਚਪਲੇ, ਫੌਜ ਸੀ ਪਠਾਣਾਂ ਮੋੜ 'ਤੀ।
ਢੂਕੇ ਵਿੱਚੋਂ ਉਸਾਰੇ ਖਿੱਪ ਛੇ, ਮੁੜਗੇ ਚਤੌੜਾਂ ਨੂੰ,
ਚੌਕ ਚਾਂਦਨੀ ਲਹੂ ਦੇ ਨਾਲ ਲਿੱਪ 'ਤੇ, ਹਰਖ ਰਠੌੜਾਂ ਨੂੰ।

ਆਈਆਂ ਰਾਣੀਆਂ ਮਰਦ ਭੇਸ ਬਣਾ'ਕੇ, ਵੇਣ ਚਮਕਾਵੇ ਡੋਲੀਆਂ,
ਮਾਰ ਮੁਗਲੀ ਮਗਰ ਲੱਗੇ ਸਜਣੇ, ਰੋਕਦੇ ਬਣਾਏ ਟੋਲੀਆਂ।
ਆਜੇ ਤਰਸ ਭੁੱਖੇ ਮਰਾਸੀ, ਥਿੰਪਤੇ, 'ਬਾਬੂ' ਨਾ ਬਚੌਂਦੇ ਮੌੜਾਂ ਨੂੰ,
ਚੌਂਕ ਚਾਂਦਨੀ ਲਹੂ ਦੇ ਨਾਲ ਲਿੱਪ 'ਤੇ, ਹਰਖ ਕਲੇਜਾਂ ਨੂੰ।

॥ਦੋਹਿਰਾ॥
ਲੜਦੇ-ਲੜਦੇ ਸੂਰਮੇ, ਪਿਛਾਂਹ ਕਦੀਰਾਂ ਪੈਣ।
ਜਿਹੜਾ ਮਗਰੋਂ ਅਪੜਦਾ, ਵੱਟ-ਵੱਟ ਮਿਟ੍ਹੀ ਪੈਣ।

### ਕੂਕਾ ਛੰਦ—32

ਆਦਲੋ ਪਠਾਣ ਸੀ ਮਗਰ ਲੱਗਦੇ, ਨਾਂ ਲਿਆਂਦਾ ਸੈਨਾ ਨੂੰ,
ਰੋਕਦੇ ਖਲ੍ਹੋਂਦੇ ਸੀ ਬਚੌਲੇ ਅੱਗਾ ਦੇ, ਬਾਦਸ਼ਾਹਾਂ ਦੀ ਸੈਨਾ ਨੂੰ।
ਲਿਆ ਲਿਆਂਦੇ ਰਾਜੇ ਨੂੰ ਦੁਬਾਰੇ ਫੜਕੇ, ਖਿਲਜੀ ਵਗੇਦੀਆਂ।
ਕੂਰਾ ਤੇ ਬੱਦਲ ਰਾਹ 'ਚ ਲੜ ਲੜਕੇ, ਪਾ ਗਏ ਸ਼ਹੀਦੀਆਂ।

ਤੇਗੀਂ ਵਾਂਗੂ ਗਿੱਝੇ ਪਾ ਪਠਾਣ ਰੋਕਿਆ ਨੂੰ, ਮਾਰ ਕਿਲਕਾਰੀਆਂ,
ਅਗਾਂਹ ਰੂਕ ਅੱਗੋਂ ਅਲਾਰਿਆ ਲੋਕਿਆਂ ਨੂੰ, ਘੋੜ ਅਸਵਾਰੀਆਂ।
ਘੇਰਾ ਪਾ ਲਿਆ ਖਟਕੀ, ਮਸੰਦਾਂ ਚਕ੍ਹਕੇ, ਤੇ ਕੇਧਾਰੀ ਗੋਦੀਆਂ,
ਕੂਰਾ ਤੇ ਬੱਦਲ ਰਾਹ 'ਚ ਲੜ ਲੜਕੇ, ਪਾ ਗਏ ਸ਼ਹੀਦੀਆਂ।

ਬਣੀ ਰਾਜਪੂਤਾਂ ਦੀ ਸਕੀਮ ਅੱਗੋ ਸੀ, ਜੀ ਬਣਾਲੇ ਟੋਲੀਆਂ,
ਖੜ੍ਹਗੇ ਚਣੌਤ ਏ ਥੋਹਰ ਥੱਕੇ ਸੀ, ਲੈ ਕਰਾੜਾਂ ਧੌਲ੍ਹੀਆਂ।
ਲੜੇ ਵੀਹ ਹਜ਼ਾਰ ਦੇ ਬਰਾਲੇ ਲੜਕੇ, ਟੋਲੀਆਂ ਵੀਹ-ਵੀਹਦੀਆਂ,
ਕੂਰਾ ਤੇ ਬੱਦਲ ਰਾਹਾਂ 'ਚ ਲੜ ਲੜਕੇ, ਪਾ ਗਏ ਸ਼ਹੀਦੀਆਂ।

ਪਹਿਲੀ ਟੋਲੀ ਲੜੀ ਗੜ੍ਹਵਾਲਾਂ ਨੇੜੇ ਸੀ, ਸੌ ਉਡਾਤੇ ਪੱਚਰੇ,
ਤੁਰੀ ਸ਼ਾਹੀ ਫੌਜ ਕਦਮ ਉਖੇੜੇ ਸੀ, ਖੰਡਾਤੇ ਜਿਵੇਂ ਕਚੌਰੇ।
ਢਾਲਾਂ ਤਲਵਾਰਾਂ ਦੇ ਸੁਣਨ ਖੜਕੇ, ਚਮਕਾਰਾਂ ਦਹੀਦੀਆਂ,
ਕੂਰਾ ਤੇ ਬੱਦਲ ਰਾਹ 'ਚ ਲੜ ਲੜਕੇ, ਪਾ ਗਏ ਸ਼ਹੀਦੀਆਂ।

ਦੂਜੀ ਵਾਰ ਔਂਦੇ ਅਣਖਾਲੇ ਤੂਰੇ ਨੇ, ਆਫਰੀ ਦਲੇਰ ਦੇ,
ਫੀ ਹਜ਼ਾਰ ਰੋਣ 'ਚ ਰਲਾਤੇ ਸੂਰੇ ਨੇ, ਨੇੜੇ ਅਜਮੇਰ ਦੇ।

ਮੀਲ-ਮੀਲ ਤੀਕਰਾਂ ਸੁਣਨ ਗੜ੍ਹਕੇ, ਧੁੰਮਾਂ ਪਾਈਆਂ ਜੋਹਦੀਆਂ,
ਸੂਰਾ ਤੇ ਬੰਦਲ ਰਾਹ 'ਚ ਲੜ-ਲੜਕੇ, ਪਾ ਗਏ ਸ਼ਹੀਦੀਆਂ।

ਫੇਰ ਪਿੱਛੇ ਖ਼ਾਸ ਦਾ ਰਸਾਲਾ ਗਜਦਾ, ਤੇ ਤਰੇਗਾ ਤੁਰਦੇ,
ਬੰਦਲ-ਬੰਦਲ ਦੇ ਸਮਾਨ ਗੱਜਦਾ, ਨਜ਼ੀਕ ਜੈਪੁਰ ਦੇ।
ਲਹੂ ਦੇ ਦਰਿਆ ਚੱਲੇ ਸਮਾਨ ਹੜ੍ਹ ਦੇ, ਸੁਰੰਗਾਂ ਖ਼ਰੀਦੀਆਂ,
ਸੂਰਾ ਤੇ ਬੰਦਲ ਰਾਹ 'ਚ ਲੜ-ਲੜਕੇ, ਪਾ ਗਏ ਸ਼ਹੀਦੀਆਂ।

ਭਰਦਾ ਨਾ ਢਿੱਡ ਹੈਣੀ ਫ਼ੌਜ-ਜਾਣੀ ਦਾ, ਮਰੇਂਗੇ ਦੌੜ-ਦੌੜਕੇ,
'ਬਾਬੂ' ਗੋਰਾ ਬਚ ਗਿਆ ਭਤੀਜਾ ਰਾਣੀ ਦਾ, ਕਿਲ੍ਹੇ ਵੜਿਆ ਚਤੌੜ ਦੇ।
ਆਏ ਗੜ੍ਹ ਤੀਕਰਾਂ ਜਾਂਦਾ ਨਾ ਪਤਕੇ, ਜਿਉਂ ਘਟਾਵਾਂ ਮੀਂਹ ਦੀਆਂ,
ਸੂਰਾ ਤੇ ਬੰਦਲ ਰਾਹ 'ਚ ਲੜ ਲੜਕੇ, ਪਾ ਗਏ ਸ਼ਹੀਦੀਆਂ।

॥ਦੋਹਿਰਾ॥

ਅਣਖ ਸ਼ਰਮ ਦਾ ਅੰਤ ਨਾ, ਚੜ੍ਹੇ ਲੜਨ ਨੂੰ ਚਾਅ 'ਚ।
ਰਾਣੇ ਨੂੰ ਛੁਡਵਾ ਲਿਆ, ਮਰੇ ਬਹਾਦਰ ਰਾਹ 'ਚ।

ਮੁਕੰਦ ਛੰਦ—33

ਛੁੱਟੇ, ਬੰਦਲ ਦੀਆਂ ਨਰਮ ਉਮਰਾਂ,
ਚੜ੍ਹਦੇ ਜੁਆਨ ਰਾਹ 'ਚ ਪੈਣ ਘੁੰਮਰਾਂ।
ਬੁਰਜਾਂ ਸਮਾਨ ਖ਼ਾਸ ਢਾਹੇ ਸੂਰਮੇਂ,
ਰਾਣੇ ਨੂੰ ਛੁਡਾਕੇ ਰਹਿਗੇ ਰਾਹੇ ਸੂਰਮੇਂ।

ਰਾਜਪੂਤ ਨਾਲ ਅੱਠ ਕੁ ਹਜ਼ਾਰ ਲੈ,
ਧੁੰਮਾਂ ਪਾਗੇ ਵਿੱਚ ਦਿੱਲੀ ਦੇ ਬਜ਼ਾਰ ਲੈ।
ਮਰੇ ਰਾਜਪੂਤ ਨਾ ਸੁਲਾਹੇ ਸੂਰਮੇਂ,
ਰਾਣੇ ਨੂੰ ਛੁਡਾ ਕੇ ਰਹਿਗੇ ਰਾਹੇ ਸੂਰਮੇਂ।

ਢਾਲਾਂ ਸੰਲੋ ਤਿੱਖੀਆਂ ਕਟਾਰਾਂ ਪਾਸ ਸੀ,
ਸੋਹਣੀਆਂ ਨੂੰ ਚੁੰਘਦੇ ਖ਼ੁਰਾਕ ਮਾਸ ਸੀ।
ਤੇਹ ਬਝੌਂਦੇ ਰੇਤ ਦੇ ਪਿਆਹੇ ਸੂਰਮੇਂ,
ਰਾਣੇ ਨੂੰ ਛੁਡਾ ਕੇ ਰਹਿਗੇ ਰਾਹੇ ਸੂਰਮੇਂ।

ਦੇਖਣੇ ਵੰਞੌਂਦੇ ਸੀ ਤਰਾ ਦੇ ਛੋਲ ਮੇਂ,
ਘੋਰਨ ਬਣਾਕੇ ਸ਼ੇਰ ਰਹਿੰਦੇ ਬੀੜ ਮੇਂ।
ਲਹੂ ਦੇ ਚਲਾਗੇ ਰੇਜਸਥਾਹੇ ਸੂਰਮੇਂ।
ਰਾਜੇ ਨੂੰ ਛੁੜਾ ਕੇ ਰਹਿਗੇ ਰਾਹੇ ਸੂਰਮੇਂ।

ਗੰਭੜੀ ਤੇ ਮੇਂਦਸਾ ਪੁਰੀ ਦੇ ਸਿੱਧਰੇ,
ਨਾਲ ਨਾਲਾਂ ਮਾਰ ਕਦੇ ਪਹਾੜੀ ਚਿੱਤਰੇ।
ਜੌਹਨ ਵੇਖ ਉਸੇ ਨੇ ਸਲਾਹੇ ਸੂਰਮੇਂ,
ਰਾਜੇ ਨੂੰ ਛੁੜਾ ਕੇ ਰਹਿਗੇ ਰਾਹੇ ਸੂਰਮੇਂ।

ਸ਼ਰਮਾਂ ਦੇ ਰਾਖੇ ਨਾ ਧਰਮ ਹਾਰਦੇ,
ਪਿਆਰੀ ਜਿੰਦ ਕਿਸ ਏ, ਉਹੋ ਦੀ ਵਾਰਦੇ।
ਰਾਣੀਆਂ ਨਾ ਮੌਤ ਸੇ ਵਿਆਹੇ ਸੂਰਮੇਂ,
ਰਾਜੇ ਨੂੰ ਛੁੜਾ ਕੇ ਰਹਿਗੇ ਰਾਹੇ ਸੂਰਮੇਂ।

ਅਲੀ ਸਰਦਾਰ ਸੰਗ ਰੱਖੋ ਯਾਦ ਜੀ,
ਆਪਾਂ ਪੁੱਤ ਉਹਨਾਂ ਸ਼ੇਰਾਂ ਦੀ ਔਲਾਦ ਜੀ।
ਚੜ੍ਹਗੇ ਮਰਨ ਦੌੜ ਸਾਹੇ ਸੂਰਮੇਂ,
ਰਾਜੇ ਨੂੰ ਛੁੜਾ ਕੇ ਰਹਿਗੇ ਰਾਹੋਂ ਸੂਰਮੇਂ।

॥ ਦੋਹਿਰਾ ॥

ਰਾਣੀ ਸ਼ੁਕਰ ਗੁਜ਼ਾਰਦੀ, ਡੁੱਲ੍ਹ ਡੁੱਲ੍ਹ ਪੈਂਦਾ ਰੂਪ।
ਗੋਰੇ ਨੇ ਪੁੱਛਦੀ ਖੜੀ, ਕਿਵੇਂ ਛੁਡਾਇਆ ਭੂਪ।

ਓ ਭਾਗ ਛੰਦ—34

ਇੱਕ ਗੋਰਾ ਨਾਮ ਸੀ ਭਤੀਜਾ ਰਾਣੀ ਦਾ,
ਦੱਸ ਸਾਲ ਉਮਰ, ਉਮਰ ਨਿਆਣੀ ਦਾ।

ਹੋਗੀਆਂ ਚਤੰਨੈਂ ਜਾਂ ਰਵਾਨਾ ਰੋਲੀਆਂ,
ਗੋਰਾ ਜਾਂਦਾ ਦਿੱਲੀ ਨੂੰ ਖੇਡਣ ਹੋਲੀਆਂ।

ਰਾਣੀ ਪੁੱਛੇ ਪਿਆਰ ਸੇ ਹਵਾਲ ਗੋਰੇ ਤੋਂ,
ਦੱਸ ਕਿਵੇਂ ਰਾਜੇ ਨੂੰ ਛੁਡਾ ਲਿਆ ਚੋਰੋਂ ਤੋਂ।

ਕਹਿੰਦਾ ਅਜੈ ਰਾਮ ਆਖਿਆ ਦਿਵਾਨ ਨੂੰ,
ਡੋਲਿਆਂ 'ਚੋਂ ਰਾਣੀ ਦੀ ਕਰੀਂ ਪਛਾਣ ਨੂੰ।

ਝੱਟ ਡੋਲੇ ਵਿੱਚੋਂ ਬਾਦਸ਼ਾਹ ਕਢਾ ਲਿਆ,
ਰਾਜਾ ਚੂੜੇ ਡੋਲਦਾ ਪਛਾੜੀਂ ਆ ਗਿਆ।

ਅਸਵਾਰ ਹੋ ਗਿਆ ਤੁਰੰਗ ਦੌੜ ਦੇ,
ਨਾਲੇ ਰਲੇ ਬਾਡੀ-ਗਾਰਡ ਚਡੌਲ ਦੇ।

ਸਾਖੇ ਸ਼ਾਹ ਨੂੰ ਆਖਿਆ ਉਤਾਰ ਰਾਣੀ ਨੂੰ,
ਮਿਸ਼ਰੀ ਖੁਆਕੇ ਤੇ ਪਲਾ ਦੇ ਪਾਣੀ ਨੂੰ।

ਗਿਆ ਜੁਆਨ ਨੇੜੇ ਮਾਮੇਂ ਨੇ ਘੜੀਸ ਲਿਆ।
ਤਲਵਾਰ ਮਾਰਕੇ ਉਤਾਰ ਸੀਸ ਲਿਆ।

ਰਾਜਪੂਤ ਡੋਲਿਆਂ 'ਚ ਘੜੀ ਨਾ ਕੱਟ ਗਏ,
ਵੇਖਦੇ ਪਠਾਣਾਂ ਨੂੰ ਪਛਾੜੀਂ ਹੱਟ ਗਏ।

ਸਾਹਤੇ ਮਾਨੇ, ਪੁੰਨੇ ਦੇ ਜ਼ਨਾਨੇ ਘੱਗਰੇ,
ਚੜ੍ਹੇ ਖਾਨ ਪੰਜੀ-ਤੀਹ ਹਜ਼ਾਰ ਮਗਰੇ।

ਟੋਲੀਆਂ ਬਣਾਕੇ ਤੇ ਕਰੋੜ ਵੇਖਦੇ,
ਆਣਕੇ ਪਠਾਣ ਤਲਵਾਰਾਂ ਠੋਕਦੇ।

ਫੇਰ ਨਵੀਂ ਟੋਲੀ ਨੇ ਪਠਾਣ ਤੋਰ ਲੇ,
ਉਹਨਾਂ ਵਿੱਚ ਭੂਰਾ ਸੀ ਕਟਾਰ ਚੌਕਲੇ।

ਦੋਹੀਂ ਹੱਥੀਂ ਖੰਡੇ ਫੜੇ 'ਵੇ ਦਲੇਰ ਦੇ,
ਰੋਕਲੇ ਪਠਾਣ ਉਹਨੇ ਬੀਕਾਨੇਰ ਦੇ।

ਮਾਰੀ ਕਿਲਕਾਰੀ ਹੰਨੂ ਦੀ ਅਵਾਜ਼ ਜਿਉਂ,
ਟੁੱਟਦਾ ਛਲੌਂਗਾ ਤੇ ਸ਼ਿਕਾਰੀ ਬਾਜ਼ ਜਿਉਂ।

ਪਰਸੇ ਦੇ ਵਾਂਗ ਚੱਕਕੇ ਕੁਹਾੜੀ ਗਿਆ,
ਮੱਲੋ ਢੂੰਢੇ ਵਢਕੇ ਬਘਿਆੜ ਪਾੜੀ ਗਿਆ।

ਸੂਰਮੇ ਦੀ ਬਿਧ ਬੇਰਨੀ ਦਾ ਜੰਮਿਆਂ,
ਪੱਬੀ ਤੀਹ ਹਜ਼ਾਰ ਨੂੰ ਖੱਲੋ ਨੇ ਥੰਮ੍ਹਿਆਂ।

ਪੈਰੀ ਫ਼ਾਜ਼ ਖ਼ਾਨ ਦਾ ਰਸਾਲਾ ਪਿੱਲ ਗਿਆ,
ਸੂਰੇ ਨੂੰ ਵੀ ਮੌਤ ਦਾ ਲਿਫ਼ਾਫ਼ਾ ਮਿਲ ਗਿਆ।

ਜੋਧਪੁਰ ਛੇਬੀ ਧਾਰਣੀ ਨੇ ਸੱਵਲੇ,
ਅੱਗੋ ਹੀਥੇ ਧੋਤਸ਼ੇ 'ਚੰਦਨ' ਚੰਦਲੇ।

ਟੁੱਟੇ ਜਿਵੇਂ ਗਿਰੇ ਆਸਮਾਨੋਂ ਬਿਜਲੀ,
ਆਹਾ ਕੌਮ ਸ਼ਰਮਾਂ ਲੈਂਹੁਣ ਗਿੱਝਲੀ।

ਪਹਿਲਾਂ ਤੀਰ ਮਾਰਕੇ ਕਨਾਤ ਤਾਣ ਤੀ,
ਫੇਰ ਤਲਵਾਰ ਪਠਾਨਸ਼ੀ ਲਿਆਣ ਫੀ।

ਛੇਰੋ ਖ਼ਾਨ ਬੁਰਜ ਉਸਾਰੇ ਰੇਤ ਮੋਂ,
ਮੁੜ ਆਹ ਨਾ ਜੁਆਨ ਜੰਮਣੇ ਚਤੌੜ ਮੋਂ।

ਲਧੂ ਨਾਲ ਕਰਗੀ ਖ਼ਿਆਰੇ ਰੇਖ ਸੀ,
ਕੱਲੇ ਹੋਣੀ ਉਸ ਦੀ ਵਫ਼ਾਰੀ ਛੋਜ ਜੀ।

ਮਾਰੀ ਦੇ ਰਠੌੜ ਰਹਿਗੇ ਟਾਂਵੇਂ-ਟਾਂਵੇਂ ਸੀ,
ਲਭੇ ਮੇਰ ਤੀਰਾਂ ਦੀ ਜੁਆਨ ਛਾਂਵੇਂ ਸੀ।

ਲੱਗੋ ਖ਼ਾਨ ਰਾਜੇ ਦੇ ਮਗਰ ਠੋਠੋਂ ਜੀ,
'ਬਾਤੂ' ਖੁਲ੍ਹੇ ਫੇਰੀਆਂ ਕੀਧਾਂ ਦੇ ਹੇਠੋਂ ਜੀ।

॥ ਦੋਹਿਰਾ ॥

ਸਰੇ ਲੜਾਈ ਬਾਦਸ਼ਾਹ, ਕਰਨ ਦੇਣ ਨਾ ਕੂਨ ॥
ਆਣ ਮਨੋਹਰ ਛਿਕਰਾ, ਮਾਰ ਗਿਆ ਸ਼ਬਖ਼ੂਨ।

## ਮੁਕੰਦ ਬੰਦ—35

ਚਲੂੰ ਦੋ ਕੁ ਮੰਜ਼ਲਾਂ ਚਤੌੜ ਰਹਿ ਗਿਆ,
ਸੁੱਤਿਆਂ ਪਠਾਣਾਂ ਨੂੰ ਮਨੋਹਰ ਪੈ ਗਿਆ।
ਆਗਿਆ ਰਤਨ ਸੈਣ ਕੋਲੋਂ ਮੰਗਲੀ,
ਸ਼ਬਖ਼ੂੰਨ ਮਾਰ ਕੇ ਜ਼ਮੀਨ ਰੰਗਲੀ।

ਨੀਂਦ ਆਗੀ ਲੋਰੀਆਂ ਸਰਦ ਪੌਣ ਦੇ।
ਕਰਤਾਂ ਅਟੈਕ ਨਾ ਮਨੋਹਰ ਸੈਣ ਦੇ।
ਜਿਸ ਵੇਲੇ ਗਾਫ਼ ਸੀ ਲਿਬਾਸ ਲੇਥ 'ਲੀ।
ਸ਼ਬਖ਼ੂੰਨ ਮਾਰ ਕੇ ਜ਼ਮੀਨ ਰੰਗਲੀ।

ਆਗੇ ਕਿਤੋਂ ਰਾਤ ਨੂੰ ਬਰੇਲੇ ਘੂਕਦੇ,
ਔਤਨੇ ਪਠਾਣ ਨਾ ਵੈਰੀ ਦੇ ਮੁੱਕਦੇ।
ਪਿੱਠ ਲਾਵੀ ਵਾਂ ਲੈ ਤਲਵਾਰ ਦੇਗ 'ਲੀ
ਸ਼ਬਖ਼ੂੰਨ ਮਾਰ ਕੇ ਜ਼ਮੀਨ ਰੰਗਲੀ।

ਘੋੜ ਪਾ ਕੇ ਬੀਸਮੇ ਚਕਾਲਿਉਂ ਚੀਰ ਤੇ,
ਲਾਲ ਜਾਮੇਂ ਪਾਤੇ ਵੈਗਾੜ ਸਰੀਰ ਤੇ।
ਜਿਰਗਾਂ 'ਚੋਂ ਵਗਗੀ ਬਘਿਆੜ ਜੰਗਲੀ,
ਸ਼ਬਖ਼ੂੰਨ ਮਾਰ ਕੇ ਜ਼ਮੀਨ ਰੰਗਲੀ।

ਮਾਰੇ ਬੇਸ਼ੁਮਾਰ ਅਲਦਾਰੋਂ ਮਛਤੋਂ,
ਭੱਜੇ ਜਾਂਦੇ ਮਾਰਦੇ ਪਠਾਣ ਧੁਸ਼ ਤੋਂ।
ਕਿੰਧਰੇ ਦੁਕਾਨੇ ਤੇ ਧੜ ਲਾ ਕੇ ਤੰਗਲੀ।
ਸ਼ਬਖ਼ੂੰਨ ਮਾਰ ਕੇ ਜ਼ਮੀਨ ਰੰਗਲੀ।

ਸ਼ਾਹ ਦੇ ਜਵਾਈ ਉੱਠ ਕੇ ਉਲਾਕੀ ਤੇਗ਼ ਲਿਆ,
ਲੜ ਕੇ ਮਨੋਹਰ ਨੇ ਪਠਾਣ ਭੇਗ ਲਿਆ।
ਅਸ਼ਤਰ ਬੇਗ ਦੀ ਮਰੋੜੀ ਸੰਗਲੀ,
ਸ਼ਬਖ਼ੂੰਨ ਮਾਰ ਕੇ ਜ਼ਮੀਨ ਰੰਗਲੀ।

ਅੱਖੀਆਂ ਦੇ ਸਾਹਮਣੇ ਜਵਾਈ ਵੱਢਿਆ,
ਖ਼ਿਲਜੀ ਪਠਾਣ ਦਾ ਭੌਖਾ ਨਾ ਛੋਡਿਆ।

ਲਹਿ ਗਿਆ ਧੀ ਦਾ ਫਤੂਰ ਬਣਾਤੀ ਕੰਗਾਲੀ,
ਸ਼ਬਖ਼ੂੰਨ ਮਾਰਦੇ ਜ਼ਮੀਨ ਹੰਗਲੀ,

ਲਾਥਾਂ ਲਾਲ ਔਂਦਵੇ ਪਠਾਣੀ ਦੇ ਟਰੇ,
'ਰਜਬਲੀ' ਮੁੜ ਗਿਆ ਫ਼ੂਕਾਨ ਓਧਰੇ।
ਨੇੜੇ ਉੱਡੇ ਧੌਣ ਬਖ਼ਤਰ ਦੀ ਅੜੀਗਾਲੀ।
ਸ਼ਬਖ਼ੂੰਨ ਮਾਰ ਕੇ ਜ਼ਮੀਨ ਹੈਗਲੀ।

॥ਦੋਹਿਰਾ॥

ਜੋ ਰਾਜਪੂਤ ਰਿਆਸਤਾਂ, ਇੱਕ ਵਿੱਚ ਕਿਲਾ ਚਿਤੌੜ।
ਕਰਨ ਹਿਫ਼ਾਜ਼ਤ ਧਰਮ ਦੀ, ਲੜ-ਲੜ ਮਰਨ ਰਠੌੜ।

ਦੋ ਬਾਗਾ ਛੰਦ—36

ਚੈਨਰਗੋ ਪਠਾਣ ਆ ਕਿਲ੍ਹੇ ਨੂੰ ਘੇਰ ਲੈ,
ਲੈ ਜਾਂਗੇ ਪੱਦਮਣੀ ਚਤੌੜ' ਵੇਚਰਕੇ,

ਸੱਭੇ ਗੇਟ ਖੋਲ੍ਹਤੇ ਰਠੌੜਾਂ ਗੜ੍ਹ ਦੇ,
ਅੱਗੇ ਵਧ-ਵਧ ਰਾਜਪੂਤ ਲੜਦੇ।

ਸਾਰੇ ਮਾਹਰਾਜ ਚੜ੍ਹ 'ਗੇ ਮੇਵਾੜ ਦੇ,
ਘੋੜਿਆਂ 'ਚੋਂ ਖਿੱਚੇ ਨਿਕਲ ਫੌਗਿਆੜਦੇ।

ਆਗੋਂ ਬਾਹਰ ਦੋਵੇਂ ਗੋਮਤੀ ਦੇ ਰਾਜੇ ਸੀ,
ਮੁਗਲੀਆਂ ਰਠੌੜਾਂ ਨੂੰ ਝਕਾਤੇ ਚਾਅ ਜੇ ਸੀ।

ਆਫ਼ਰੀਨ ਮੰਦਨਾ ਪੁਰੀ ਦੇ ਜੈਸਿੰਘ,
ਘੋੜੇ ਦੂੰਬੋ ਕਾਬਲੀ ਬਘਿਆੜ ਲੈਸਿੰਘ।

ਚਰ ਦਿੱਤਾ ਮਗਰੋਂ ਮਨੋਹਰ ਹੱਲਿਆ ਨੂੰ,
ਨੇਜ਼ਿਆਂ 'ਚ ਧਰ ਦਿੱਤਾ ਪਠਾਣਾਂ ਮੱਲਿਆਂ ਨੂੰ।

ਨਾਲੇ ਝਾਲਾ-ਵਾੜੇ ਸਰਦਾਰ ਰਲਜੇ,
ਆਕੜਿਆਂ ਪਠਾਣਾਂ ਦੇ ਮਰੋੜੇ ਗਲ ਜੇ।

ਨਾਲੇ ਨਾਲ਼ 'ਬੂੰਦੀ' ਦੇ ਫੜਾਲੇ ਮੋਢੀ ਐ,
ਚਾਮ੍ਹਲਿਆ ਪਠਾਣਾਂ ਦੀ ਲਸ਼ਕਾਰੀ ਟੋਲੀ ਐ।

ਸਿਰ ਵੱਢ ਗੱਭਰੂ ਸਟੇਟ ਟੌਂਕ ਦੇ,
ਢੇਰੀਆਂ ਲਗਾਤੀਆਂ ਵਿਚਾਲੇ ਚੌਂਕ ਦੇ।

ਵਢ-ਕਟ ਲੋਥਾਂ ਦੇ ਉਸਾਰੇ ਪਿੱਲਰ ਐ।
ਤੀਲਾਂ ਵਾਂਗੂੰ ਜਾਪਦੇ ਪਠਾਣ ਖਿੱਲਰੇ ਐ।

ਫੇਰ 'ਕੱਠ ਬੱਝ ਗਿਆ ਕੰਧਾਰੀ ਲੋੜ੍ਹਾਂ ਦਾ,
ਦਿੰਦੇ ਪੈਰ ਨਾ ਸੀ ਲਗਣ ਰਠੌੜਾਂ ਦਾ।

ਪੈਂਦਾ-ਪੈਂਦਾ ਜ਼ੋਰ ਪੈ ਗਿਆ ਪਠਾਣਾਂ ਦਾ,
ਘਬਰਾਇਆ ਫਿਰਦਾ ਰਸਾਲਾ ਰਾਣਾ ਦਾ।

ਲੰਮੇਂ ਪਾੜੇ ਸਫਾਂ ਜਿਉਂ ਦੁਪਹਿਰੇ ਸੁਸਰੀ,
ਗੇਟ ਮੂਹਰੇ ਲੋਥਾਂ ਦੀ ਪਹਾੜੀ ਉਸਰੀ।

ਲੰਗੋਂ ਪਟੇ ਮੁਹਾਰੇ ਜੁੰ ਪਠਾਣਾਂ ਦੂਤਾਂ ਦੇ,
ਸ਼ਾਨਾਂ ਨੂੰ ਉਸਾਰੇ ਫੇਰ ਰਾਜਪੂਤਾਂ ਦੇ।

ਕਾਲ਼ ਪਾਪੀ ਸੁਹਣਿਆਂ ਮੁੰਡਿਆਂ ਨੂੰ ਚਰ ਗਿਆ,
ਲਹੂ ਨਾਲ ਹੈਣੀ ਦਾ ਖੰਧਕ ਭਰ ਗਿਆ।

ਬੰਗਲਾ ਸ਼ਹਿਰ ਉੱਜੜ ਬਜ਼ਾਰ ਗਿਆ।
ਇਸ਼ਰਾਇਲ ਵੇਖਦਾ ਪਰਾਣ ਹਾਰ ਗਿਆ।

ਇੱਕ ਰਾਜਪੂਤ ਤੇ ਪਠਾਣ ਦਸ ਸੀ,
ਜਾਨ ਦੇ ਕੇ ਖੱਟਗੇ ਜਹਾਨੋਂ ਜੱਸ ਸੀ।

ਮਾਰ-ਮਾਰ ਵੈਰੀ ਨੂੰ ਖਪਾਈਆਂ ਖੁਹਣੀਆਂ,
ਫੇਰ ਆਹ ਨਾਂ ਸੋਹਣੀਆਂ ਚੜ੍ਹੇਗ ਸੁਣੀਆਂ!

ਲਾਗੇ ਅੱਗੋਂ ਸੁਰਮਗਾਤੀ ਦੇ ਜਿੰਦੇ ਐ,
ਜਾਨ ਵੇਗੇ ਸੰਗ ਨਾ ਜ਼ਨਾਨੀ ਦਿੰਦੇ ਐ।

'ਬਾਬੂ' ਰੱਬ ਬਿਨਾ ਨਾ ਕਿਸੇ ਵੀ ਪੱਖਲੇ,
ਜਾਨਾਂ ਵੇਚ ਸੂਰਮਿਆਂ ਅਣਖ ਰੱਖ ਲੀ।

ਬੈਂਤ—37

ਅੰਧ ਘੋਰ ਯੁੱਧ ਹੋਣ ਚਤੌੜ ਮੇਂ ਜੀ,
ਦੂਹੀਂ ਪੈਣ ਚਮਕਾਰੜੇ ਤੇਗ ਦੇ ਜੀ।

ਵੱਧ ਕਰਨ ਅਟੈਕ ਧੜਾਕ ਬੰਬੇ,
ਪਏ ਗਰਜਦੇ ਵਾਂਗਰਾਂ ਮੇਘ ਦੇ ਜੀ।

ਘੋਰ ਮੰਦਨਾ ਪੁਰੀ ਦੇ ਰਾਜਿਆਂ ਨੂੰ,
ਮਾਰ ਵਾਂਗ ਦਿਵਾਰ ਦੇ ਢੇਗ ਦੇ ਜੀ।

ਫੇਰ ਖੰਦਰ ਨਸਾਲਤਾ ਗੋਮਤੀ ਦਾ,
ਖੁੱਲ੍ਹੇ ਪਿੰਕ ਤੇ ਜ਼ਖ਼ਮ ਖਰੋਗ ਦੇ ਜੀ।

ਛਾਲਾਂ ਮਾਰਦੇ ਰੇਗਢਾ ਠਾਕਰਾਂ ਨੂੰ,
ਚੌਲੀ ਜਾਣ ਖਰਾਲ ਵਿੱਚ ਰੋਗ ਦੇ ਜੀ।

ਪਿੱਛੋਂ ਸੋਹ ਮਨੋਹਰ ਨੂੰ ਪਾਫੜਾ ਸੀ,
ਜਾਹ ਨੇ ਵੈਰ ਲੈ ਲੈ ਅਖ਼ਬਰ ਬੇਗ ਦੇ ਜੀ।

ਸੌਂਗੇ ਮੁੰਸਰੀ ਵਾਂਗ ਜਵਾਨ ਸਾਰੇ,
ਜਿਵੇਂ ਪਏ ਬਿਮਾਰ ਪਲੰਘ ਦੇ ਜੀ,

ਰੜਨ ਸੈਣ ਆ ਗਿਆ ਕੋਲ੍ਹੇ ਪਦਮਣੀ ਦੇ,
'ਬਾਬੂ' ਬੋਲਦਾ ਨਾਲ ਦਰੇਗ ਦੇ ਜੀ।

॥ਦੋਹਿਰਾ॥

ਮੂੰਹ ਪਰ ਮੱਖੀਆ ਉੱਡਦੀਆਂ, ਬੜਾ ਕੁਢਾਲ ਉਦਾਸ।
ਹਾਲ ਸੁਣਾਵੇ ਦਰਦ ਦਾ, ਜਾ ਪਦਮਣੀ ਪਾਸ।

## ਮੁਕੰਦ ਛੰਦ—38

ਖਦਮਾਂ ਪੁਕਾਰੇ ਹੋ ਉਦਾਸ ਰਾਜਿਆਂ,
ਤੜਕੇ ਤੇ ਬਹਿ ਗਿਆ ਹਰਾਸ ਰਾਜਿਆ।
ਰਿਹਾ ਨਾ ਹਮਾਰਾ ਕੱਖ ਜ਼ੋਰ ਰਾਣੀਏਂ,
ਮਾਰਤਾ ਪਠਾਣਾਂ ਨੇ ਮਨੋਹਰ ਰਾਣੀਏਂ।

ਆਈ ਮੈਂ ਝਰੋਖੇ ਵਿੱਚੋਂ ਵੇਖ ਰਾਜਿਆ,
ਮਿਟਦੇ ਲਿਖੇ ਨਾ ਜਿਹੜੇ ਲੇਖ ਰਾਜਿਆ।
ਛੱਡਤਾ ਪਤੰਗ ਕੱਟ ਡੋਰ ਰਾਣੀਏਂ,
ਮਾਰਤਾ ਪਠਾਣਾਂ ਨੇ ਮਨੋਹਰ ਰਾਣੀਏਂ।

ਜਿਹੜੀ ਮਾਂ ਦਾ ਮਰੇ ਐਸਾ ਕੌਰ ਰਾਜਿਆ,
ਜੀਊਗੀ ਜਹਾਨ ਕਿਹੜੀ ਤੋਰ ਰਾਜਿਆ।
ਮੱਚ ਗਿਆ ਦਲਾਂ ਦੇ ਵਿੱਚ ਸ਼ੋਰ ਰਾਣੀਏ,
ਮਾਰਤਾ ਪਠਾਣਾਂ ਨੇ ਮਨੋਹਰ ਰਾਣੀਏਂ।

ਮਰੇ ਸਰਦਾਰ ਕੀਮਤੀ ਦੇ ਰਾਜਿਆ,
ਤਿੱਜੇ ਮੇਰੇ ਵੀਰ ਰੋਂਦਦੀ ਦੇ ਰਾਜਿਆ।
ਪੈ ਗਿਆ ਹਨੇਰਾ ਅੰਧ-ਘੋਰ ਰਾਣੀਏਂ,
ਮਾਰਤਾ ਪਠਾਣਾਂ ਨੇ ਮਨੋਹਰ ਰਾਣੀਏਂ।

ਚੰਦਲ ਸਮੇਤ ਮਰੇ ਸੂਰਾ ਰਾਜਿਆ,
ਮੰਦਨਾ ਪੁਰੀ ਦਾ ਜੁਆਨ ਪੂਰਾ ਰਾਜਿਆ।
ਰਿਹਾ ਨਾ ਦਲੇਰ ਕੋਈ ਹੋਰ ਰਾਣੀਏਂ,
ਮਾਰਤਾ ਪਠਾਣਾਂ ਨੇ ਮਨੋਹਰ ਰਾਣੀਏਂ।

ਦੱਸ ਕੀ ਦਲੀਲ ਹੁਣ ਤੇਰੀ ਰਾਜਿਆ,
ਹਾਜ਼ਰ ਖਲੋਤੀ ਜਾਨ ਮੇਰੀ ਰਾਜਿਆ।
ਦੇਰੀ ਨਾ ਕਰਨ ਮੇਰਾ ਮੋਰ ਰਾਣੀਏ,
ਮਾਰਤਾ ਪਠਾਣਾਂ ਨੇ ਮਨੋਹਰ ਰਾਣੀਏਂ।

'ਰੌਜਬਲੀ' ਦਿਲ ਮੋਂ ਨਾਂ ਡਰੀਂ ਰਾਜਿਆ,
ਸੂਰਮਿਆਂ ਦੀ ਮੌਤ ਜਾ ਕੇ ਮਰੀਂ ਰਾਜਿਆ।

ਜਾਊਂਗਾ ਅੱਖਾਂ ਦੇ ਅੱਗੇ ਫੇਰ ਰਾਣੀਏਂ,
ਮਾਰਤਾ ਪਠਾਣਾਂ ਨੇ ਮਨੋਹਰ ਰਾਣੀਏਂ।

### ਬੈਂਤ—39

ਰਤਨ ਸੈਨ ਭੂਪਾਲ ਨੇ ਸੋਚਿਆ ਵੀ,
ਸੋਲ੍ਹਾਂ ਸੌ ਨਾ ਰਾਣੀਆਂ ਪਰਚਦੀਆਂ ਜੀ।

ਵਜ੍ਹਾ ਨਾਲ ਸਮਝਾਂਮਦਾ ਪੱਦਮਣੀ ਨੂੰ,
ਜਾਣੇਂ ਨਹੀਂ ਪਟਰਾਣੀਆਂ ਬਚਦੀਆਂ ਜੀ।

ਗੱਲਾਂ ਕੀਤੀਆਂ ਚੰਦ ਨਰੇਸ਼ ਨੇ ਜੋ,
ਵਫ਼ਾਦਾਰ ਪਟਰਾਣੀ ਨੂੰ ਜਚਦੀਆਂ ਜੀ।

ਲਾਲੋ ਚੌਰ ਨਰੇਲ ਦੇ ਬਾਗ ਅੰਗੋ,
ਚੰਨਣ ਮਣਾਂ ਮੂੰਹ ਪਈਆਂ ਮਿਚਦੀਆਂ ਜੀ।

ਚੜ੍ਹੇ ਧੂੰਏਂ ਦੇ ਅਬਰ ਅਕਾਸ਼ ਤੇ ਜੀ,
ਫਿਰਨ ਤੇਗ ਖੰਗਿਆੜੀਆਂ ਨਚਦੀਆਂ ਜੀ।

ਲਾਲੇ ਹਾਰ-ਸ਼ਿੰਗਾਰ ਖੋਲ੍ਹ ਰਾਣੀਆਂ ਨੇ,
ਹੱਥੀਂ ਚੂੜੀਆਂ ਪੰਨੀਆਂ ਕਚਦੀਆਂ ਜੀ,

ਰਾਖ ਕਰਗੀਆਂ ਰਾਣੀਆਂ ਜੌਹਰ ਕਰਕੇ,
ਲਾਟਾਂ ਜਾਣ ਸਰੀਰ ਵਿੱਚ ਰਚ ਦੀਆਂ ਜੀ।

ਵਫ਼ਾਦਾਰ ਤ੍ਰਾਂ ਨਾਰ ਰਾਜਪੂਤਣਾਂ ਜੀ,
'ਰਜਬਲੀ' ਧਰੇਮਣਾ ਸਚ ਦੀਆਂ ਜੀ।

॥ਦੋਹਿਰਾ॥
ਜਰਦ ਪੁਸ਼ਾਕਾਂ ਪਹਿਨਕੇ, ਲੈਣ ਪੱਗਾਂ ਨੂੰ ਅੰਬਰ।
ਰਾਜਾ ਗੜ੍ਹ 'ਚੋਂ ਨਿਕਲਦਾ, ਉਤਾਂਹ ਤਾਣਕੇ ਛੱਤਰ।

## ਮੁਕੰਦ ਛੰਦ—40

ਰੂਪ ਲੈਂਗਾ ਜ਼ਰਦ ਪੁਸ਼ਾਕਾਂ ਖਾਮਣੇਂ,
ਚਿਖਾ ਵਿੱਚ ਬਹਿਗੀ ਪਟਰਾਣੀ ਸਾਹਮਣੇਂ।
ਲੈਂਦੇ ਫਿਰੇ ਖ਼ਾਨ ਰਾਜੇ ਤੇ ਭੁਲਾਖਾ ਜੀ,
ਦੋਹੀਂ ਹੱਥੀਂ ਖੰਡੇ ਖੱਟੀਆਂ ਪੁਸ਼ਾਕਾਂ ਜੀ।

ਪਾ ਨਜ਼ਾਰਾ ਵੇਖ ਤੇ ਦਰਦ ਤਾਜ਼ੇ ਹੋ,
ਚੱਲ ਪੈਂਦੇ ਤਾਣਕੇ ਛਤਰ ਰਾਜੇ ਹੋ।
ਬੇਲੀਆਂ ਤੇ ਜਾਨ ਰੱਖਲੀ ਚਲਾਕਾਂ ਜੀ,
ਦੋਹੀਂ ਹੱਥੀਂ ਖੰਡੇ ਖੱਟੀਆਂ ਪੁਸ਼ਾਕਾਂ ਜੀ।

ਖ਼ੂਨ ਦੇ ਘਰੋਲੇ ਸੀ ਘੜੇਤੇ ਥੰਕੜਗੇ,
ਬੀਰ-ਚਰੇ ਪਠਾਣਾਂ ਦੇ ਵਿਚਾਲੇ ਵੜਗੇ।
ਲਹੂ ਨਾਲ ਜਾਂਦੀਆਂ ਲਿੱਬੜ ਦਾਕਾਂ ਜੀ,
ਦੋਹੀਂ ਹੱਥੀਂ ਖੰਡੇ ਖੱਟੀਆਂ ਪੁਸ਼ਾਕਾਂ ਜੀ।

ਹੱਲੀ-ਹੱਲੀ ਮਾਰਦੇ ਹਮੇਲੀ ਮੁੰਡਗੇ।
ਮਾਰਕੇ ਹਜ਼ਾਰਾਂ ਨੂੰ ਰਠੌੜ ਲੁਕਗੇ।
ਮੌਤ ਮਾਰੇ ਸਾਹਮਣੇ ਖੜੋਤੀ ਹਾਕਾਂ ਜੀ,
ਦੋਹੀਂ ਹੱਥੀਂ ਖੰਡੇ, ਖੱਟੀਆਂ ਪੁਸ਼ਾਕਾਂ ਜੀ।

ਰਾਜਪੂਤ ਮਾਰ ਪਰਲੋਕ ਭੇਜਤੇ,
ਰਾਜਾ ਸੌਂ ਗਿਆ ਮੌਤ ਦੀ ਵਛਾਈ ਸੇਜ ਤੇ।
ਆਵੇ ਨਾ ਨਜ਼ਰ ਮੈਂ ਦੁਫੇਰੇ ਸ਼ਾਕਾਂ ਜੀ,
ਦੋਹੀਂ ਹੱਥੀਂ ਖੰਡੇ ਖੱਟੀਆਂ ਪੁਸ਼ਾਕਾਂ ਜੀ।

ਜੰਗ ਛੋੜ ਬਾਦਸ਼ਾਹ ਕਿਲੇ ਨੂੰ ਭਾਗ ਦੇ,
ਬੋਲਦਾ ਗੁਲਾਮ ਸਣੀ ਹੋਕੀ ਨਗਾਰੇ।
ਖ਼ਾਨ ਦੀਆਂ ਜਾਂਦੀਆਂ ਨਿਕਲ ਬਾਕਾਂ ਜੀ,
ਦੋਹੀਂ ਹੱਥੀਂ ਖੰਡੇ ਖੱਟੀਆਂ ਪੁਸ਼ਾਕਾਂ ਜੀ।

ਤੀਰ ਵਾਂਗੂ ਛੁੱਟੀ ਜੋ ਗ਼ੁਲਾਮ ਆਖਦੇ,
ਸ਼ਾਹ ਨੇ ਸਿਰ ਵਿੱਚ ਬੁੱਕ ਪਾਲੇ ਰਾਖ ਦੇ।

ਮੁੜ ਗਿਆ ਪਛਾੜੀ ਲਾ ਮੱਥੇ ਨੂੰ ਧਾਕਾਂ ਜੀ,
ਦੋਹੀਂ ਹੱਥੀਂ ਖੰਡੇ ਖੱਟੀਆਂ ਖੁਰਾਕਾਂ ਜੀ।

ਵਾਪੀਆਂ 'ਬਸੰਤ' ਨੂੰ ਬਣਾ ਕੇ ਭੇਜਦਾ,
ਆਵੇ ਠਾਣੇ ਨਾਲ਼ ਨਾ ਅੰਤ ਹੋਸ ਦਾ।
ਜਾਣ ਜਗਮੇਲ ਨੂੰ ਹਮੇਸ਼ਾ ਡਾਕਾਂ ਜੀ,
ਦੋਹੀਂ ਹੱਥੀਂ ਖੰਡੇ ਖੱਟੀਆਂ ਖੁਰਾਕਾਂ ਜੀ।

## ਹਾਸਰਸ ਛੰਦ—1

# ਮੇਰੇ ਸਹੁਰੇ ਜੈਸੀ ਕੀਹਣੇਂ ਕਰਤੂਤ ਕਰੀ ਦੀ

ਵਿਆਹ 'ਚ ਘੋੜੀਆਂ ਨੱਚਣ, ਊਠ ਬੁੱਕੇ ਸੀ,
ਹਾਥੀ ਝੂੰਮਦੇ ਜਿੰਨ੍ਹਾਂ ਦੇ ਘਰ ਢੁੱਕੇ ਸੀ।
ਬੁੱਘੀ ਲਿਸ਼ਕਣ ਜਲੌਤ ਬੈਲ ਮੁੱਖੇ ਸੀ,
ਗੁਆਂਢ ਛੋਰੀਆਂ ਦਾ ਮਾਰਦੀ ਹਵਾੜ ਬੂਰੀ ਦੀ।
ਜਿੱਥੇ ਮੈਨ ਫਾਤੀ ਭਰੀ ਪਈ ਸਵਾਤ ਭੂਰੀ ਦੀ।
ਸ਼ੁਰੂ ਸੀਜ਼ਨ ਸਿਆਲ ਠਾਰੀ ਛਹਿਰਾਂ ਦੀ,
ਪੈਂਦੀ ਜੱਖਣਾ ਦਰੰਭੀ ਵਾਟ ਟੈਰਾਂ ਦੀ,
ਘਾੜੀ ਢੱਕਰੀ ਪਲੋਂਦੀ ਮਿੱਧੀ ਪੈਰਾਂ ਦੀ,
ਖਾਕੇ ਮਰੇ ਈ ਬੜਾਰੂ ਧੋਲੀ ਸੁੰਗੀ ਚਰ੍ਹੀ ਦੀ,
ਮੇਰੇ ਸਹੁਰੇ ਜੈਸੀ ਕੀਹਣੇਂ ਕਰਤੂਤ ਕਰੀ ਦੀ।

ਖਾਲੇ ਘੁਣੇ ਨੇ ਸ਼ਤੀਰ ਬਾਲੇ ਬਿਰਲੇ,
ਛੰਛਾ ਥੰਨਵਾਂ ਸੰਢਣ ਖੜ੍ਹੇ ਕਿਰਲੇ,
ਬੂਹੇ ਟਿਕਟ ਕਲੈਕਟਰ ਬਿਰਲੇ,
ਸਿਊਲ ਮਾਸਟਰ ਕਰਦਾ ਵਸੂਲੀ ਫ਼ੀਸਾਂ ਦੀ,
ਸਾਰੀ ਰਾਤ ਰਹੇ ਦੇਖਦੇ ਪਰੇਟ ਘੀਸਾਂ ਦੀ।
ਬਾਬੂ-ਬਿੱਲੀਆਂ ਲੜਨ ਪੱਟੇ ਘੋਰੇ ਐ,
ਲੱਗੇ ਥੈਂਖਰ ਭਰਿਲ ਸੌਂਦੇ ਦੋਹਰੇ ਐ,
ਸਰਦਾਲ੍ਹੇਂ ਦੇ ਸੁਲੱਕ ਵਿੱਚ ਮੋਰੇ ਐ,
ਹੇਠ ਲਾੜੇ ਦੇ ਬਰਾਬੀ ਸੇਜ ਪਾਟੀ ਦਰੀ ਦੀ,
ਮੇਰੇ ਸਹੁਰੇ ਜੈਸੀ ਕੀਹਣੇਂ ਕਰਤੂਤ ਕਰੀ ਦੀ।

ਪਹਿਲਾਂ ਬੁੱਢੀ ਨੇ ਧੱਕੀ ਸੌ ਪੂਰਾ ਮੰਗਿਆ,
ਛੱਤੇ ਬੁੱਢਾ ਘੰਗੂਰਾ ਮਾਰ ਖੰਘਿਆ,
ਮੁੰਡਾ ਬਾਪ ਦੇ ਕੁੜਮ ਕੋਲੋਂ ਸੰਗਿਆ,

ਤਾੜੇ ਮਾਪਿਆਂ ਨੂੰ ਹੁੰਦਾ ਹੈ ਹਜ਼ਾਰ ਦੇ ਖੜਾ।
ਧਾੜਾ ਪੱਕਾ ਰੋੜਾ ਮਾਰਕੇ ਖੂਹੀ ਦੇ ਰੋਖੜਾ।
ਹੁੰਦੀ ਅਕਲ ਖ਼ਰਾਬ ਐਸੇ ਛੰਦ ਤੇ,
ਸਾਲੀ ਢੋਹੇ ਜੇ ਲਗਾਵੇ ਸੋਟੀ ਕੰਧ ਤੇ,
ਚੱਟ ਜਾਣੀ ਜੀ ਬੁਲਾ ਲਿਆ ਅਨੰਦ ਤੇ,
ਜਦੋਂ ਅੰਦਰ ਸਟਾਲੀ ਪੰਡ ਚਾਂਦੀ ਖਰੀ ਦੀ,
ਮੇਰੇ ਸਹੁਰੇ ਜੇਸੀ ਕੀਹਣੇਂ ਕਰਤੂਤ ਕਰੀ ਦੀ।

ਰਸ ਵੱਟ ਗੁੜ ਦੇ ਸੜਾਹ ਸੂੰ ਕਰਦੇ,
ਭਾਰੇ ਮੀਰੇ ਦੇ ਲਿਆ ਕੇ ਤੇਲ ਵਰਤੇ,
ਤੌਣੀ ਲੋਟ ਜੋ ਭਰੇ 'ਦੇ ਥਾਲ੍ਹ ਧਰਕੇ,
ਉਤੋ ਪਾਣੀ ਪੀ, ਨਾ ਜਾਂਦੀ ਖੰਗਾਲਣੋਂ ਅੜਕ ਦੇ।
ਸੰਘ ਸਿਵੀਆਂ ਦੀ ਝਾਲ ਵਾਂਗਰਾਂ ਖੜਕ ਦੇ।
ਘਰੋਂ ਆਂਦੀ ਸਰਦਾਰ ਸਾਹੋ ਪੂੰਨ ਦੇ,
ਆਟਾ ਖਾਣ ਦਾ ਹੁਧਾਰਾ ਲੈਕੇ ਭੂੰਨ ਦੇ,
ਜਗ੍ਹਾ ਸੰਗੀ ਦੀ ਮਿਰਚ ਲਾਲ ਕੂੰਨ ਦੇ,
ਪਾਣੀ ਤੂੰਬੇ 'ਚ ਲਿਆਂਦੀ ਅੱਧੀ ਟੂਟੀ ਗਾਗੀ ਦੀ।
ਮੇਰੇ ਸਹੁਰੇ ਜੇਸੀ ਕੀਹਣੇਂ ਕਰਤੂਤ ਕਰੀ ਦੀ।

ਪਾਣੀ ਛੱਪੜੋਂ ਪਿਆਇਆ ਨਾਲ੍ਹ ਓਕਾਂ ਦੇ,
ਵਿੱਚ ਛੱਡਾਂ ਦਾ ਪਸ਼ਾਬ ਸੋਚੇ ਲੋਕਾਂ ਦੇ,
ਪੀਗੇ ਦੰਦੜਿਆਂ 'ਚ ਚਿੱਚੜ ਲਾਹੋ ਲੋਕਾਂ ਦੇ,
ਵਿਚੋਂ ਮਰੀ ਚੂਹੀ ਨਿਕਲੀ ਅਚਾਰ ਛੋਲਿਆਂ ਦੇ।
ਹੁੰਦੇ ਹਾਸ-ਰਸ ਛੰਦ ਜੋ ਸ਼ਿੰਗਾਰ ਮੇਲਿਆਂ ਦੇ।
ਘਰੇ ਪਾਇਆ 'ਚਿ ਅਚਾਰ ਲਿਆਕੇ ਕੁੱਕੇ ਸੀ,
ਕੌੜਾ ਚੱਟਣ-ਪਲਾ ਜਿਆ ਰੋਚੇ ਸੁੱਕੇ ਸੀ,
ਭਾਜੀ ਨਦਕਲ ਪਾਣੀ ਲੂਣ ਮੁੱਕੇ ਸੀ,
ਆਲੂ ਚੂਕੀ ਮਾਰੀ ਲੈਂਕਦਾ ਪਰਾਂਤ ਭਰੀ ਦੀ।
ਮੇਰੇ ਸਹੁਰੇ ਜੇਸੀ ਕੀਹਣੇਂ ਕਰਤੂਤ ਕਰੀ ਦੀ।

ਮੰਗੀ ਖੰਗ ਨੂੰ ਖੰਦਰ ਢਾਣੀ ਗਜ ਸੀ,
ਇੱਕ ਪੀੜ੍ਹੀ ਸੀ ਪੁਰਾਣੀ ਨਵਾਂ ਢੰਗ ਸੀ,
ਗਿਆ ਜੰਡ ਦਾ ਪਲੰਘ ਗਾਹ 'ਚ ਤੰਗ ਸੀ,

ਧਰਮ ਕੋਟ ਦੀ ਬਣੌਂਕੀ ਵੇਂਤੀ ਚੂਹੇ ਮਾਰਨ ਦੀ।
ਪੱਥੀ ਮਿੱਟੀ ਦੀ ਕਨਾਲੀ ਮੰਜ ਅੰਨ ਨਾਰੰਗ ਦੀ।
ਇੱਕ ਟੁੱਟੀ ਜੁੱਤੀ ਪਰਾਂਦੀ ਨਾਲ਼ਾਂ ਬਾਈ ਨਾ,
ਸੁਰਮੇ-ਦਾਨੀ ਸੁਰਮਾ ਪੈਂਣ ਨੂੰ ਸਲਾਈ ਨਾ,
ਐਨ੍ਹੂੰ ਸ਼ੀਸ਼ੇ ਵਿੱਚ ਦਿੰਦਾ ਸੀ ਦਖਾਈ ਨਾ,
ਐਨੇਂ ਮੂੰਗਾ ਘੋੜੇ ਕੌਡੀਆਂ ਚੋਗਾਂਰ ਗ਼ਰੀ ਦੀ।
ਮੇਰੇ ਸਹੁਰੇ ਜੈਸੀ ਕੀਹਣੋਂ ਕਰਤੂਤ ਕਰੀ ਦੀ।

ਮਾਫ਼ਿਆ ਸੁਸਰ ਖ਼ਰਚ ਕਰੀ ਔਗਰੀ,
ਤਿੰਨ ਉਵਲੇ ਕੁਸ਼ਤੀਆਂ ਦੀ ਮੱਗਰੀ,
ਨੀਲੀ ਓਡਾਂ ਤੋਂ ਖ਼ਰੀਦ ਲਿਆਂਦੀ ਘੱਗਰੀ,
ਵਾਲਾਂ ਮਾਮਾਂ ਜੀ ਦਾ ਜਾਂਘੀਆ, ਪਿਤਾ ਨੂੰ ਕੁੜਤੀਆਂ,
ਭੋੜ ਢੱਕਣੀ ਪੈਂਬਰ ਹੁੰਡੀ ਭਿੰਨ ਮੂਰਤੀਆਂ।
ਵਾਲ਼ੇ ਵੈਂਟਦੇ ਪਿੱਤਲ ਜੂ ਦੀ ਨੱਥ ਸੀ,
ਬਹੂ ਦਿੱਤੀ ਜੀ, ਸਿੱਕੀ ਸੀ ਕਾਲ਼ੇ ਹੱਥ ਸੀ,
ਜਦੋਂ ਗੱਧੇ ਤੋਂ ਛਡਾਈ ਭਰੀ ਸੱਥ ਸੀ,
ਤੇੜ ਸੁੱਥਣੀ ਜੀ ਪਾੜੀ ਧਜਦਾਦੀ ਮਰੀ ਦੀ।
ਮੇਰੇ ਸਹੁਰੇ ਜੈਸੀ ਕੀਹਣੋਂ ਕਰਤੂਤ ਕਰੀ ਦੀ।

ਹੋਗੀ ਵਿਦਿਆ ਜਲੰਭ ਲੋਕੋ ਛੌਲ਼ੇ ਜੀ,
'ਬਾਬੂ' ਪਿੰਡ ਦੇ ਨਜ਼ੀਕ ਛੱਡੇ ਗੀਲ਼ੇ ਜੀ,
ਬਹੂ ਕੁੜੀਆਂ ਉਤਾਰੀ ਘੋੜ ਕਲ਼ੇ ਜੀ,
ਜਿੱਥੇ ਬਹੂ ਬੈਠੀ ਚਾਨਣੋਂ ਹਂਪੇਰ ਹੋਈ ਗਿਆ।
ਜਿਵੇਂ ਗੰਜੀ ਵੇਖ-ਵੇਖਕੇ ਟੈਂਬਰ ਰੋਈ ਗਿਆ।
ਪਰੀ ਬੁਡਮਾ ਅਕੇਭਰੀ ਨਾ ਖੇਟ ਤੇ,
ਜਾਏ-ਖਾਣਿਆ ਨੇ ਕਰਜ਼ ਨਾਲ਼ ਔਟ ਤੇ,
ਘਿੱਡੇ ਗਿਰਗੀ ਦੁਹੱਥੜ ਮਾਰ ਪੱਟ ਤੇ,
ਜਦੋਂ ਸੱਸ ਤਸਵੀਰ ਦੇਖੀ ਵਾਣੀ ਪਰੀ ਦੀ।
ਮੇਰੇ ਸਹੁਰੇ ਜੈਸੀ ਕੀਹਣੋਂ ਕਰਤੂਤ ਕਰੀ ਦੀ।

### ਬਾਬਰ ਪਤਨੀ ਤਰਸੋ—2

ਪਤੀ ਫੂਲਸ ਤੇ ਔਰਤ ਚਲਾਕ ਸੀ,
ਰੋਣ ਲੱਗਾ ਕਾਣਾ ਕੁੱਛੜ ਚੁਆਕ ਸੀ,

ਰਾਤੀ ਭੌਂਦੂ ਨੂੰ ਜਗਾ ਲਿਆ ਮਾਰ ਚਾਰ ਸੀ,
ਖਾਰੀ ਸੋਟੀਆਂ ਦਾ ਏਸਦਾ ਦਰਦ ਫੁੱਟੀਆਂ।
ਫੇਰ ਬਾਹਿਬੋਂ ਪੋਲੀ-ਪੋਲੀਆਂ ਸਿਖਾਂ ਤੇ ਮੁੱਠੀਆਂ।
ਮੇਰੀ ਪ੍ਰੀਤੀ ਨੂੰ ਅੱਖਰ ਲਾ ਦੇ ਸ਼ਬਦੇ,
ਹੋਬ ਹਿੰਦ ਤੋਂ ਘਣੀਸ ਸਿਰ ਵੱਲਦੇ,
ਕੱਢ ਢੰਗ ਦੀ ਬਰੂੰਲ ਮਲ਼ ਪੱਥ ਦੇ,
ਕੱਢ ਉਂਗਲੋਂ ਪਟਾਕੇ ਪਿੰਜਣੀ ਨੂੰ ਟੋਲਿਆ।
ਕਰੀਂ ਹਾੜੇ-ਹਾੜੇ ਬੋਤੀ ਜੀ ਮਦਦ ਬੋਲਿਆ।

ਹੀਰ ਸੌਹਣਕੀ ਬਿਮਾਰ ਨੂੰ ਨਾ ਫੋਲ਼ਿਆ,
ਪਾਲਾ ਦੁੱਧ 'ਚ ਮਧਾਣੀ ਸੋਦੇ ਖੋਲ਼ਿਆ,
'ਵੀਰੀ ਗੁੱਛ' ਛੇੜੀ ਕੰਮ ਨੂੰ ਨਬੇੜਿਆ,
'ਕੰਨ ਕੁਪੀ, ਹੈ ਮਸ਼ੀਨ ਤੇ ਸ਼ਿਆਣੀ ਮੈਥੀ ਦੀ,
ਰੋਜ਼ ਪੀਹ ਲਿਆ ਕਰ ਵਿੱਦਿਆ ਪੜ੍ਹਾ ਦਿਆਂ ਚੌਥੀ ਦੀ।
ਬੋੜੇ ਦਿਲ ਵਾਲ਼ਾ ਸਾਡਾ ਸਰਦਾਰ ਨਾ,
ਐਵੇਂ ਮੌਬਾ ਕੀ ਮਰਾਸ ਨਾਲ਼ ਮਾਰਨਾ,
ਕੀਤੀ ਗਮਲੋਂ ਨੇ ਜਦਾਂ ਹਿਮ-ਚਾਰ ਨਾਂ,
ਲੋਰ ਬੋਨ੍ਹਣਾ ਘੁਘਾਣ ਸੀ ਉੱਚੀ ਨੂੰ ਫੋਲਿਆ।
ਬਰੀਂ ਹਾੜੇ ਹਾੜੇ ਬੋੜੀ ਜੀ ਮਦਦ ਬੋਲ਼ਿਆ।

ਤਾਪ ਚੜ੍ਹੇ ਵਾਲਿਆਂ ਵਾਂਗੂੰ ਪਿੰਡਾ ਤੱਪਦਾ
ਮੁੰਡੀ ਵਾਂਗੂੰ ਕੰਠਾ ਹੋਜੇ ਚਿੱਤ ਨੱਪਦਾ,
ਜਦੋਂ ਲਗਾਦਾ ਦਰਦ ਨਿਆਣਾ ਟੱਪਦਾ,
ਪੀਜੇ ਕੁਝ ਜਾਣਾ ਖੇਡਮੇਂ ਜੇ-ਗੁੱਤ-ਗਰਦੇ।
ਲਿਆ ਦੇ ਸੁਆਹ ਦੀ ਚੂੰਢੀ ਨਿਆਣੇ ਦੇ ਚਲ੍ਹਦੇ ਲੜਦੇ।
ਮਲ਼ ਕਾਲੇ ਦੇ ਅੱਖਾਂ ਤੋਂ ਲਾਹਦੇ ਗਿੱਠ ਜੀ,
ਪਕੇ ਨਾਸਾਂ ਤੋਂ ਹਟਾਦੇ ਬੱਗੇ ਦਿੱਠ ਜੀ,
ਕਰ ਪੈਰਾਂ ਤੇ ਬਹਾਕੇ ਹੇਲ਼ਾ ਚਿੱਠ ਜੀ,
ਜਾਵੇ ਨੂੰਹਰੇ-ਨੂੰਹਰੇ ਪੋਤੜੇ ਕੱਸੀ ਤੇ ਧੋਲ਼ਿਆ।
ਕਰੀਂ ਹਾੜੇ-ਹਾੜੇ ਬੋਜੀ ਜੀ ਮਦਦ ਬੋਲਿਆ।

ਚਾਰ ਕੁੜੀਆਂ ਪੁੱਤਰ ਪੰਜ ਰਬ ਦੇ,
ਤਿੰਨ ਮਰਗੇ ਬਿਚਾਰ ਭਾਣੇ ਰੱਬ ਦੇ,
ਦੋ ਵੂ ਜਾਂਦੇ ਰਏ ਜੁਆਰ ਕਿੱਥੋਂ ਲੱਭਦੇ,

ਇੱਕ ਫੁੱਲ ਟੁੱਟ ਲਾਈਆਂ ਦੇ ਮੂੰਹੋਂ ਦਾ ਹਾਣੀ ਐਂ।
ਹੋਰ ਹੋਜੂ ਸਿਆਲ ਚੜ੍ਹਦੇ ਪੰਜੀਵੀਂ ਖਾਣੀ ਐਂ।
ਮੈਂ ਤਾਂ ਜੰਮਦੀ ਨਿਆਣੇ ਹੋਗੀ ਬੰਦੀ ਜੀ,
ਇੱਥ ਲੱਗਜੇ ਤੁਰਨ ਦੂਜਾ ਗੰਦੀ ਜੀ,
ਖਾਲਾਂ ਮਿਸਰੀ ਬਦਾਮ ਪਾ ਕੇ ਦੇਂਦੀ ਜੀ,
ਤੂੰ ਤਾਂ ਦਲੀਆਂ ਨਿਕਾਲ ਲਾ ਲੱਸੀ 'ਚ ਘੋਲ਼ਿਆਂ
ਕਰ ਹਾੜੇ-ਹਾੜੇ ਸੋਢੀ ਜੀ ਮਦਦ ਬੋਲ਼ਿਆ।

ਬਾਹਰੋਂ ਗੋਲੀ ਨੂੰ ਪਲਿਆਰਾ ਪੈਣਾ ਕੌਂਸਕੇ,
ਏਸ ਗੱਲ ਦਾ ਜਵਾਬ ਜਾਚੀਂ ਦਸਕੇ,
ਤੂੰ ਕਿਉਂ ਸੀਰਨ ਬਲਾਈ ਰੱਲ੍ਹ ਹੱਸਕੇ,
ਭਰਿਆ ਕੂੜੀ ਉੱਤੋਂ ਟੋਕਰਾ ਮਧਾਗੀ ਤੂੜੀ ਦਾ।
ਕਲ੍ਹ ਪਰਸੋਂ ਦਾ ਵਿਗਾੜਿਆ ਮਜ਼ਾਜ ਖੁਹਣੀ ਦਾ।
ਜਾਏ-ਖਾਣੇਂ ਮਾਸਟਰਾਂ ਦੇ ਔਠ ਵੈਂਜਗੇ,
ਇੰਡ-ਘੁੰਟਣੀ ਜੀ ਪਾਲੇ ਧਾੜੇ ਤੱਜਗੇ,
ਕੱਟੇ ਮਿੰਟੀ ਦੇ ਲਿਔਂੜ ਖਾ ਕੇ ਰੈਂਜਗੇ,
ਅਜੇ ਤੀਕ ਬੇ-ਬਰਕਤਿਆਂ ਧੰਦਾ ਨਾ ਚੋਲਿਆ।
ਕਰੀਂ ਹਾੜੇ-ਹਾੜੇ ਸੋਢੀ ਜੀ ਮਦਦ ਬੋਲ਼ਿਆ।

ਖੂਹੋਂ ਜਲ ਲਿਆ ਬੁਢੜ੍ਹ ਸਿਰ ਨਵੇਂਣੀ ਐਂ,
ਲਲ੍ਹ ਜੇਠ ਜੀ ਦੀ ਆਣੀ ਕੀ ਮਨੌਣੀ ਐਂ,
ਅਜੇ ਹੋਰ ਏਂ ਘਰੀਂ ਮਕਾਨ ਐਣੀ ਐਂ,
ਪੜੀ ਮੇਰੇ ਜੈਸੇ ਵੇਲ ਨਾ ਕਿਸੇ ਤੋਂ ਪੈਂਦੇ ਐ।
ਅਜੇ ਫ਼ਿਨ ਘੱਰੀਂ ਕਰਨੇ ਸਿਆਪੇ ਰਹਿੰਦੇ ਐਂ।
ਘੱਟ ਫੂੱਲਗੀ ਸੁਹਲ ਸੈਂਕ ਲੱਕ ਗਏ,
ਮਾਰ ਮੁੱਛੀਆਂ ਨਰਮ ਹਿੰਕ ਪੱਕ ਗਏ,
ਹੈਂਡ-ਲੈਂਗੱਚ ਸਮੇਤ ਬਾਡੀ ਥੱਕ ਗੀ,
ਮੇਰਾ ਦੇਂਗੀ 'ਚ ਪਸ਼ਾਬ ਪਿਆ ਬਾਹਰ ਡੋਲ੍ਹਿਆ।
ਕਰੀਂ ਹਾੜੇ-ਹਾੜੇ ਸੋਢੀ ਜੀ ਮਦਦ ਬੋਲਿਆ।

ਮੇਰਾ ਐਨਾ ਸੁ ਸੁਖਾਲਾ ਕੰਮ ਸਰਜਾ,
ਕੰਢ ਕੜੀਆਂ ਪਕੌੜੇ ਦਾਲ ਧਰਜਾ,
ਪਾਣਿਆ ਜੁਲਫ਼ ਸ਼ਿੰਗਾਰ ਏਂ ਰੂ ਤਰਸਾ,

ਹੋਰ ਸਾਰਾ ਮੇਰਾ ਟੂਡੇ ਦਾ ਵਰਕ ਲਿੱਖਿਆ।
ਇਕ ਧੋਣਾ ਪੈ ਗਿਆ ਮੂਲ ਦਾ ਗਈਲਾ ਲਿੱਖੜਿਆ।
ਪੱਗ ਪਾਣੀ 'ਚੋਂ ਟਪਾਈ ਸਿਆਲੋਂ ਅੰਗੀ ਦੀ,
ਤੈਨੂੰ ਲੱਗੀ ਨਾ ਖ਼ਬਰ ਗਾਰੇ ਸੱਗੀ ਦੀ,
ਸਾਵੇ ਬੈਸੀ 'ਚ ਉਂਗਲ ਮੈਲ਼ ਝੱਗੇ ਦੀ।
ਬੜਾ ਨਿਖਰੇ ਕਫਹਿਰਾ ਖਾਲ਼ 'ਚ ਧੰਜੋਲਿਆ।
ਕਰੀਂ ਹਾੜੇ-ਹਾੜੇ ਬੰਦੀ ਜੀ ਮਦਦ ਬੋਲਿਆ।

'ਬਾਬੂ' ਲੱਖਣਾਂ ਖਤਮ ਖੂੰਢ ਪਾੜਜਾ,
ਵਰ ਮੁਰਗੀ ਚਿਲੜ ਸਭ ਤਾੜਸਾ,
ਢੱਲ੍ਹ ਚਾੜੇ ਦਾ ਖਿਰਕ ਲੈਂਬ ਕਾਫ਼ਜਾ,
ਗੱਧੀ ਬੰਬਰੀ ਨਰੜ ਪਾਰ ਵੱਢ ਝੋਛ ਦੀ।
ਢੁੱਕੀਂ ਫਹਿਜੇ ਧੈਲੋ ਢੱਛੇ ਨੂੰ ਜਦੋਂ ਮੈਂ ਫੇਰਦੀ।
ਖਾਲਾਂ ਏਂ ਥੂ ਅੰਦਰਸੇ ਨਾਲ਼ ਚਾਹ ਵੇ ਜੀ,
ਮੇਰੀ ਜੇਬ 'ਚ ਜਚੋਟ-ਚੋਟ ਪਾਵੇ ਜੀ,
ਚੀਰੀ ਲਗਾਵੇ ਬੂਟ ਮੈਨੂੰ ਲਿਆ ਦੇ ਜੀ,
ਤੁਪਾਂ ਸੇਰ ਕੁ ਗਲੋਰੀਆਂ ਕਿਸੇ ਤੋਂ ਖੋਹ ਲਿਆ।
ਕਰੀਂ ਹਾੜੇ-ਹਾੜੇ ਬੰਦੀ ਜੀ ਮਦਦ ਬੋਲਿਆ।

## ਮਨੋਹਰ ਤਬਾਹੀ ਛੰਦ—3
## ਪੰਚਾਇਤ ਮੈਂਬਰ

ਟੇਮ ਨੇੜਾ ਸੀ, ਚੰਗਾ, ਲੈ ਲਿਆ ਮੈਂਬਰੀ ਦਾ ਪੰਗਾ,
ਹੋ ਗਿਆ ਚੋਗੀ ਤਗੜਾ ਕੰਮ, ਰਿਟੀ-ਚਿਟੀ ਲੱਗਾ ਸੀ।
ਪੈਰਾਂ ਤੋਂ ਸਰੀਕਾਂ ਨੇ ਧਰ ਤਾਂ ਪੱਗ ਲੀ।
ਅੰਗ-ਸਾਕ ਸੈਲੀ ਠੰਗ, ਭੱਜਿਆ ਫਿਰੇ ਲਾਈ-ਲੰਗ,
ਫਿਦੋਂ ਮੇਰੇ ਹੌਬ ਲਗਾਜੇ, ਖਿਆਲਾ ਲੈਹਤ ਦਾ।
ਰੱਬ ਜੇ ਬਣਾ ਦੇ ਮੈਂਬਰ ਪੰਚੈਤ ਦਾ।

ਚੋਟਾਂ ਪੈਣ ਲਹੇ ਤਾਪ, ਲੋ ਸਭਨ ਮਾਈ-ਬਾਪ,
ਵੂੰਟੀਂ ਬੀਰ-ਬਾਨੀ ਆਪ ਦੀ, ਅੜਾਂਟ ਕੱਢਦੇ।
ਮੋਛ ਰੰਦੀ ਵੱਢਗੀ, ਹਰਖ ਫੈਰ ਚੜੇ।
ਮਾਇਆ ਮਿਲੇ ਨਾ ਗਵਾਚੀ, ਲੈ ਲਿਆ ਸੈਕਲ ਦੇ ਕੇ ਵਾਰੀ,

ਆਖੇਂ ਭਾਬੀਆਂ ਨੂੰ ਚਾਚੀ, ਮੂਰਖ ਨਹੋਤ ਦਾ।
ਰੱਬ ਜੇ ਬਣਾ ਦੇ ਮੈਂਬਰ ਪੰਚੈਤ ਦਾ।

ਜਗੂ ਬਿਜਲੀ ਚੁਬਾਰੇ, ਪੱਖਾ ਮਾਰਦਾ ਫੁਕਾਰੇ,
ਰੇਡੀਓ ਪਿਆ ਲਲਕਾਰੇ, ਬਹਿ ਸੁਣਾਂਗੇ ਗੌਣ ਜੇ।
ਫੋਨ ਚੂੰਗਾ ਪੂਛੂ ਕੀ ਵਜੇਣ ਫੈਣ ਜੇ।
ਹੱਥ ਉੱਤੇ ਘੱੜੀ ਬੇਨੂ, ਖਾਲੂ ਚਮਕੇ ਜਿ ਐਨ,
ਲੈਲੂੰ ਪੈੱਨ ਵੇਊਂ ਫੈਨ, ਓੱਕਣ ਦਵੈਤ ਦਾ।
ਰੱਬ ਜੇ ਬਣਾ ਦੇ ਮੈਂਬਰ ਪੰਚੈਤ ਦਾ।

ਕੋਹਲੂ ਵਾਲੇ ਨੇੜ ਪਾਇਆ, ਤਾਸ਼ਾ-ਮੀਰਾ ਪੀੜ ਲਿਆਇਆ,
ਨਾ ਵਟਾਈਆਂ ਜੋ ਨਾ ਆਇਆ, ਹੋਂਕਦਾ ਹਵੇਲੀ ਨੂੰ।
ਪੈਂਦੀ ਸੋਟ ਕਰੂੰ ਜੁਰਮਾਨਾਂ ਤੇਲੀ ਨੂੰ।
ਸਰੇ ਮੱਚੀ, ਬਿਅੰਰ-ਭਾਰ, ਸਰਦਾਰ, ਸਰਦਾਰ,
ਮੂਹਰਾ ਲਾਹਲੂੰ ਅੱਗੇ ਬਾਰਦੇ, ਬੁਣਿਆਂ ਪਿਆ ਬੈਤ ਦਾ।
ਰੱਬ ਜੈ ਬਣਾ ਦੇ ਮੈਂਬਰ ਪੰਚੈਤ ਦਾ।

ਲੈ ਤੁਪਈਏ ਵੇੜੇ ਸਿੱਧੇ, ਖਾ ਫਿਸੇਂ ਦੇ ਚੌਲ਼ ਰਿੱਧੇ,
ਭੀਰਾਂ, ਹੱਕਲਿਆਂ ਤੋਂ ਸਿੱਧੇ, ਖਰਦੂ ਹਜਾਮਾਂ ਨੂੰ।
ਚਾਹਾ ਚਹਿ ਕੇ ਕਰੂ ਢੂਚਕੀਆਂ ਸਲਾਮਾਂ ਨੂੰ।
ਮੰਗੇ ਆਟਾ ਮਦੇ ਚੌਲ਼, ਮਾਰੂੰ ਢੂੰਮਣੀ ਦੇ ਧੌਲ਼।
ਟੈਲੂੰ ਪਾਕੇ ਪਸਤੌਲ, ਬਣਿਆ ਫਿਆ ਵਲੈਤ ਦਾ।
ਰੱਬ ਜੇ ਬਣਾ ਦੇ ਮੈਂਬਰ ਪੰਚੈਤ ਦਾ।

ਲਾਈ ਘਰ-ਘਰ ਖੱਡੀ, ਹੋ ਜੱਟਾਂ ਨੂੰ ਰਾਚੀ ਗੌਂਡੀ,
ਨੰਗੇ ਜੁੰਡੇ ਚੀਰ ਬੱਡੀ, ਜੀਸ ਵਾਂਗੂੰ ਬਾਇਆਂ ਦੇ।
ਟੈਕਸ ਲਾ ਦੇਣ ਕਢਦੂੰ ਜੁਲਾਹਿਆਂ ਦੇ।
ਵੇਦੂੰ ਫਿਹਨਾਂ ਨੂੰ ਵੀ ਭੈਕੇ, ਕੀ ਲੈਂਹਾਰਾਂ ਜਣੇ ਟੋਕੇ,
ਕਦੋਂ ਸੰਧ ਲੋਹਣਾ ਠੋਕੇ, ਨਾ ਪੰਜਾਲਾ ਜੋਹਰ ਦਾ।
ਰੱਬ ਜੇ ਬਣਾ ਦੇ ਮੈਂਬਰ ਪੰਚੈਤ ਦਾ।

ਆਵੇ ਨਾਲੀਆਂ ਚੋਂ ਬੋਸ, ਮਿਲੇ ਚੂਹੜੀ ਨੂੰ ਅਫ਼ੋਸ,
ਸਿਰੀ ਵਾੜ-ਵਾੜ ਖੇਸੜੇ, ਵਖਾਊਂ ਫੂਕਦੇ।

ਬੁੱਧ-ਲੁੱਕ ਦੀਆਂ ਤਨਖਾਹਾਂ ਲੈਂਦ ਦੇ।
ਹੋਜੇ ਗੱਲ੍ਹਾਂ ਥੀ ਖ਼ਰਾਬ, ਭੰਗੀ ਫਲਟੀ ਨਾ ਤਾਬ,
ਸੋ ਨਾ ਝਰਕੇ ਧਜਾਬ, ਨਿਕਲੇ ਮੜ੍ਹੈਤ ਦਾ।
ਰੱਬ ਜੇ ਬਣਾ ਦੇ ਮੈਂਬਰ ਪੰਚੈਤ ਦਾ।

ਜਾਂਦਾ ਸੌਦਾ ਲੈਣ ਹੱਟ, ਵਿਚ ਮੁਛੈਰਿਆਂ ਨੂੰ ਵੱਟ,
ਕਹਿੰਦੇ ਔਂਦਾ ਘੱਟੂ ਜੱਟ, ਧਾ ਮੱਥੇ 'ਚ ਤ੍ਰਿਔੜੀਆਂ।
ਸਾਲਾ ਲੈਂਧ ਭਰਵੇਂ ਦਵਾਵੇ ਰਿਔੜੀਆਂ।
ਖੋਲ੍ਹ ਮੱਖ ਦਾ ਸ਼ਿਕਾਰ, ਤੇ ਕਮਾਏ ਕੀਰੇ-ਮਾਰ,
ਫਿਰੂ ਬੋਲ-ਬੁਲਦਾਰ, ਕੰਬਦਾ ਸ਼ਰੇਤ ਦਾ।
ਰੱਬ ਜੇ ਬਣਾ ਦੇ ਮੈਂਬਰ ਪੰਚੈਤ ਦਾ।

ਸੱਚ ਬੋਲੇ ਨੁਕਸਾਨ, ਚੱਲੇ ਝੂਠ ਦੀ ਦੁਕਾਨ,
ਮਾਰੇ ਮੈਂਬਰ ਦੀ ਜ਼ਬਾਨ, ਲੈਂਧ ਮਣ-ਮਣ ਦੇ।
ਮੱਕੀ ਦੀਆਂ ਖਿੱਲਾਂ ਦੇ ਮਖਾਣੇ ਬਣਦੇ।
ਦੱਸੇ ਦੁਸ਼ਮਣਾਂ ਨੂੰ ਛੂੰਦਾ, ਆਖੇ ਕਾਂਟਿਆਂ ਨੂੰ ਥੁੰਦਾ,
ਇੱਕ ਵੀ ਨਾ ਐਦਾਂ ਹੁੰਦਾ, ਹਰਫ਼ ਲਗੌਤ ਦਾ,
ਰੱਬ ਜੇ ਬਣਾ ਦੇ ਮੈਂਬਰ ਪੰਚੈਤ ਦਾ।

ਰੇਡੋ ਤੇ ਮਰਾੜ ਸਿਆਣਾ, ਤਮੰਨ੍ਹਾ ਧੂਰੇ ਦਾ ਝਾਣਾ,
ਰਾਮਾ ਗਿੱਲ ਨੇਘੀਰਾਣ ਰਾਣਾ, ਬੇ-ਸ਼ੁਮਾਰ ਪੜ੍ਹਦੇ।
ਬੈਠਕੇ ਤੇ ਛਿਖਾਂ ਤੇ ਕਿਸ਼ਨ ਗੜ੍ਹਦੇ।
ਖਿੜੇ ਕਵਿਤਾ ਦੇ ਫੁੱਲ, ਜਾਣ ਨਾ 'ਬਸੰਤ' ਭੁੱਲ,
ਪਾਵੇ ਜਗਮੇਲ ਮੁੱਲ, 'ਬਾਬੂ' ਦੀ ਰਸੈਤ ਦਾ।
ਰੱਬ ਜੇ ਬਣਾ ਦੇ ਮੈਂਬਰ ਪੰਚੈਤ ਦਾ।

### ਮਨੋਹਰ ਕਵਾਲੀ ਛੰਦ—4

ਇੱਕ ਜੱਟੀ ਬਣਿਆਣੀ, ਏ ਜਨਾਨੇ ਹਾਣੋਂ-ਹਾਣੀ,
ਸੀ ਮੁਹੱਬਤ ਪੁਰਾਣੀ, ਕੀ ਸ਼ੁਮਾਰ ਮੋਹਾਂ ਦਾ।
ਕਿਸੇ ਗੱਲੋਂ ਪੈ ਗਿਆ ਫ਼ਰਕ ਦੋਹਾਂ ਦਾ।
ਲਿਆਂਦੀ ਲਾਲੀ ਨੇ ਕਿਤਾਬ, ਪੱਸੇ ਦੇਜਾ ਖਾਧੀ ਤਾਬ,
ਛੋੜੀ ਕਰਲਾ ਹਿਸਾਬ, ਜਾਂਦੀ ਮੁਨਿਆਦ ਨੀ।
ਬਹੀ 'ਚ ਦਰਜ ਲੈਣਾ-ਦੇਣਾਂ ਯਾਦ ਨੀਂ।
ਮੂੰਨ ਲੋਭ ਦਾ ਸੀ ਮੱਲ, ਮੈਨੂੰ ਖਿੱਝਦੀ ਬਕੋਲ,

ਲੈਂਗੀ ਦਮੜੀ ਦਾ ਤੇਲ, ਸੰਕਰ ਫਟਾਕੀ ਐ।
ਅਜੇ ਖੰਡ 'ਚੋਂ ਮਸ੍ਰੀ ਪੈਸਾ ਹੈ ਬਾਕੀ ਐ।
ਜਦੋਂ ਜਾਣ ਦਿਲ ਰੁੜ੍ਹ, ਕਰਨਾ ਸੀ ਬੁੜ-ਬੁੜ,
ਮੈਂ ਲਿਆਦੀਂ ਮਣ ਗੁੜ, ਪੀਤਕੇ ਧਮਾਦ ਨੀ।
ਵਹੀ 'ਚ ਦਰਜ ਲੈਣਾ-ਦੇਣਾ ਯਾਦ ਨੀਂ।

ਚੰਗੀ ਹੋਗੀ ਪਿੱਕ ਠੀਕ, ਅੱਧ ਪਾਈਆ ਮੁੰਗੀ ਫੰਡੀ,
ਇੱਕ ਹਲਦੀ ਦੀ ਗੰਢੀ, ਦਾਲ ਵਿੱਚ ਸੇਰਲੀ।
ਲੈ ਕੇ ਭਲੀ ਲੂਣ ਦੀ ਲੱਸੀ 'ਚ ਘੋਲਲੀ।
ਤੈਨੂੰ ਹਲਦੀ ਨਾ ਭੁੱਲੀ, ਚਰ੍ਹੀ ਚਾਗੀ ਵਿੰਘਾ ਖੁਲ੍ਹੀ,
ਦੇ ਕਟਾਲਾਂ ਸਰ੍ਹੋਂ ਭੁੱਲੀ, ਕੀੜੀ ਬਰਬਾਦ ਨੀ।
ਵਹੀ 'ਚ ਦਰਜ ਲੈਣਾ-ਦੇਣਾਂ ਯਾਦ ਨੀਂ।

ਮੈਂ ਭਾਂ ਹਾਰਕੇ ਤੇ ਕੁਝੀ, ਤੂੰ ਬਥੇਰੀ ਮਾਰੀ ਫੂਈ,
ਸੰਗੀ ਮੈਂਗਕੇ ਕੰਧੂਟੀ, ਧੀ ਏ ਮੁਕਲਾਵੇ ਨੂੰ।
ਦੇਦੇ ਨਹੀਂ ਸੋਨ ਜੋ ਤਿਆਰ ਦਾਹਵੇ ਨੂੰ।
ਸੂਟੀ ਯਾਦ ਰੱਖੀ ਭੇਣਾਂ, ਅਸੀਂ ਕਮਲਿਆ ਕੀ ਕਹਿਣਾ?
ਛਿਨ ਤੈਂਕੇ ਦੇ ਲਟੈਣਾ, ਲੈਗੀ ਓਦੂੰ ਬਆਂਦ ਨੀ।
ਵਹੀ 'ਚ ਦਰਜ ਲੈਣਾ-ਦੇਣਾ ਯਾਦ ਨੀਂ।

ਤੇਰੇ ਕਿੱਡੇ ਚੁਆਕ ਰੱਟੀ, ਲੱਗੀ ਕਿਉੜੀ ਔਂਧੀ-ਔਂਧੀ
ਆ ਬਥੇਰੀ ਦੇਣ ਤੈਂਦੀ ਫੇਕਰੀਆਂ ਛੈੱਕਰੇ।
ਰੋਜ਼ ਢੂੰਗਾ ਫ਼ਾਲ ਏ ਕੱਢਣ ਸੋਕਰੇ,
ਕੀ ਰਕਮ ਦੇਖੀ ਬੜੀ, ਆਵੇਂ ਨ੍ਹੇਰੀ ਵਾਂਗੂੰ ਚੜ੍ਹੀ,
ਆਪ ਲੈਗੀ ਦੂੰਘ ਪੜੀ, ਜਿੰਦੇਂ ਸੀ ਸਰਾਪ ਨੀ।
ਵਹੀ 'ਚ ਦਰਜ ਲੈਣਾ-ਦੇਣਾ ਯਾਦ ਨੀਂ।

ਸੌਣ-ਸੱਟ ਖਰਬੂਜੇ, ਮੈਂ ਪੁਚਾਵਾਂ ਦਿਨ ਦੂਜੇ,
'ਰਜਬਲੀ' ਵਾਹਲੀ ਕੁਜੋਂ, ਮਹਿੰਗੀ ਜ੍ਹੀ ਉਲਾਦ ਨੀ।
ਵਹੀ 'ਚ ਦਰਜ ਲੈਣਾ-ਦੇਣਾਂ ਯਾਦ ਨੀਂ।

**ਨਵੀਂ ਭਰਜਾਈ ਛੰਦ—3**

ਸੁਣੋ ਸ਼ਰੋਸ਼ ਕਦੀਮਰੀ ਦੇ ਸੇਕ ਜੀ,
ਵਿਆਹ ਕੇ ਨਵੀਂ ਭਰਜਾਈ ਲਿਆਂਦੀ ਲੋਕ ਜੀ,
ਸੱਥਾ ਚੰਦ ਦਿੱਤੇ ਸਮਾਨ ਰਿਹਾ ਦੇਕ ਜੀ।

ਗੱਲ ਸਿਲਾਂ ਆਲੇ ਸੈੱਬ ਨਾ ਵਡਿਆਈ ਮਾਰਨੀ।
ਵਿਆਹੀ ਐਂਗਲੋ-ਮਿਡਲ ਫੇਲ੍ਹ ਸਰਦਾਰਨੀ।
ਵਹੁਟੀ ਪੜ੍ਹਲੀ ਪਤੰਗ ਜਾਣੀਂ ਡਿੰਗ ਜੀ,
ਭਾਵੇਂ ਹਿੰਦੂ ਹੋਵੇ ਭਾਵੇਂ ਹੋਵੇ ਸਿੰਘ ਜੀ,
ਚਾਹੁੰਦੀ ਸਭਨਾਂ ਨੂੰ ਹੋਣ ਮੇਰਲਿੰਗ ਜੀ,
ਦੋਵੇਂ ਹੱਥ ਛੱਡ ਸੈਕਲ ਫੜੇਂਦੀ ਚੜ੍ਹੀ ਐ।
ਮੇਰੀ ਨਵੀਂ ਫਰਜਾਣੀ ਅੰਗਰੇਜ਼ੀ ਪੜ੍ਹੀ ਐ।

ਸੰਗ ਦਾਜ 'ਚ ਲਿਆਈ ਰੰਗ ਭੇਜ ਸੀ,
ਢੂਰੀ ਬਾਂਟਿਆ ਸੰ ਖਾਂਦੇ ਅੰਗਰੇਜ਼ ਸੀ।
ਡਾਹਲੀ ਕੁਰਸੀ ਸਟੂਲ, ਸ਼ੀਸ਼ਾ, ਮੇਜ ਸੀ,
ਉਬਾਲੇ ਕੇਤਲੀ 'ਚ ਅਤੇ ਚੀਨੀ ਦੇ ਪਿਆਲੇ ਨੇ।
ਗੋਰੀ ਗੌਲ ਪੋਗੇ ਫੈਂਚਜ਼ੀਆਂ ਦੇ ਵਾਂਗੂੰ ਫਾਲੇ ਨੇ।
ਨੱਕ ਬਿੰਨ੍ਹਿਆਂ ਨਾ ਕੰਨਾਂ ਵਿੱਚ ਲੇਕ ਸੀ,
ਖਾਂਦੀ ਵੂੰਕਣਾ ਤੇ ਆਂਡੇ ਦੇਵੇ ਸੇਕ ਸੀ।
ਬਿਸਕੁਟ ਅੰਦਰਸੇ ਮਿੱਠੇ ਕੇਕ ਸੀ,
ਕੱਚੇ ਮਾਸ ਨੂੰ ਅਲੌਂਦੀ ਫਮਜਾਫ ਜਣੀ ਐ।
ਮੇਰੀ ਨਵੀਂ ਫਰਜਾਣੀ ਅੰਗਰੇਜ਼ੀ ਪੜ੍ਹੀ ਐ।

ਜਾਣੇ ਏ. ਬੀ. ਸੀ. ਨਾ ਜਾਣੇ ਐੜਾ-ਊੜਾ ਜੀ,
ਪਾਣੀ ਮਾਸ਼ਕੀ ਭਰਨ ਚੂਹੜਾ ਕੂੜਾ ਜੀ,
ਬਹਿਜੇ ਬਾਰ ਦੇ ਦਿਵਾਲੇ ਡਾਹਕੇ ਮੂੜ੍ਹਾ ਜੀ,
ਨਾਲੇ ਵਿੱਚ ਲੇਮੀ ਲਮਕੇ ਰਸੌਲ਼ੀ ਗਾਟੇ ਦੇ।
ਸੋਹਣੀ ਰਖਦੀ ਹਮੇਸ਼ਾ ਖੁਲ੍ਹੇ ਬੂਹੇ ਬਾਟੇ ਦੇ।
ਕਦੇ ਫੇਰੇ ਨਾ ਬਹਾਰੀ ਪੌਂਦੇ ਘੱਟੇ ਜੀ,
ਹੱਥ ਟੁੱਟਣ ਕਦੇ ਨਾ ਦਾਣੇਂ ਛੱਟੇ ਜੀ,
ਮੇਮਾਂ ਵਾਂਗਰਾਂ ਬਿੱਲੀ ਦੇ ਮੂੰਹ ਨੂੰ ਚੱਟੇ ਜੀ,
ਚੂਪੇ-ਗੰਨਿਆਂ ਦੇ ਸਮਾਨ ਬਾਗ਼ਾਂ ਦੀ ਨੜੀ ਐ।
ਮੇਰੀ ਨਵੀਂ ਫਰਜਾਣੀ ਅੰਗਰੇਜ਼ੀ ਪੜ੍ਹੀ ਐ।

ਰੱਬ ਐਹੋ ਜੇ ਸਮਝਣ ਅਹਿਲਕਾਰਾਂ ਨੂੰ,
ਰਲਾ ਸਾਨੂੰ ਕੀ ਖਬਰ ਜੱਟ ਗੁਆਰਾਂ ਨੂੰ,

ਇੱਕ ਬਾਪਾਂ ਜਿਆ ਮੰਗਾ ਲਿਆ ਗਿਆਰਾਂ ਬਾਰਾਂ ਨੂੰ,
ਉਹਨੂੰ ਟੈਨਸ ਦੀ ਗੇਮ ਦਾ ਜ਼ਿਆਦਾ ਖਿਆਲ ਜਿਆ।
ਜਾਲੀ ਫੜਨੇ ਬਟੇਰੇ ਘਰੇ ਲਾ ਲਿਆ ਜਾਲ਼ ਜਿਆ।
ਕਦੇਂ ਸੇਵੀਆਂ ਖਵਾਵੇ ਕਦੇ ਖੀਰ ਨੂੰ,
ਮੂੰਹੋਂ ਤੋਤੂ ਕਹਿ ਬੁਲੌਂਦੀ ਮੇਰੇ ਵੀਰ ਨੂੰ,
ਸੰਦਾ ਕਾਂਟਾ ਨਾ ਪਸਿੰਦ ਸਿਆਲ ਹੀਰ ਨੂੰ,
ਬੂਟ ਓਹਦੇ ਤੇ ਬਣਾਵੇ ਮਾਂ ਬਥੇਰਾ ਲੜੀ ਐ।
ਮੇਰੀ ਨਵੀਂ ਭਰਜਾਈ ਅੰਗਰੇਜ਼ੀ ਪੜ੍ਹੀ ਐ।

ਘੁੰਡ ਸੋਹਰੇ ਕੋਲੋਂ ਕਰਦੀ ਨਾ ਓਹਲੇ ਜੀ,
ਪੈਹਲਾਂ ਸੀਟ੍ਹੀਆਂ ਵਜਾਵੇ ਪਿੱਛੋਂ ਬੋਲੇ ਜੀ।
ਲੈਕੇ ਪਾਲਸ਼ ਨਵ੍ਹਾਂ ਦਾ ਨੌਂਹ ਤੇ ਛੋਹਲੇ ਜੀ,
ਮੇਰੀ ਮਾਂ ਦਾ ਪੱਕਿਆ ਨਾ ਖਾਂਹਦੀ ਪਰਸ਼ਾਦਾ ਜਿਆ।
ਲਾਲ ਬੁੱਲ੍ਹ ਕੁੱਤਿਆਂ ਦਾ ਮੁਰਦਾਰ ਖਾਹਦਾ ਜਿਆ।
ਪੌਂਦੀ ਸੂੰਬੜਾਂ ਦੀ ਖੈਲ ਦਾ ਸਵੈਟਰ ਐ,
ਲੈਕੇ ਇੰਕੀ ਪੈਨਫੌਂਟ ਲਿਖੇ ਲੈਟਰ ਐ,
ਕਰ ਲਾਬ ਕਹਿੰਦੀ ਫੈਨ ਨਾਟ ਮੈਟਰ ਐ,
ਰੱਖੇ ਜੇਬ 'ਚ ਰੁਮਾਲ ਹੱਥ ਉਤੇ ਘੜੀ ਐ।
ਮੇਰੀ ਨਵੀਂ ਭਰਜਾਈ ਅੰਗਰੇਜ਼ੀ ਪੜ੍ਹੀ ਐ।

ਪੜ੍ਹੇ ਅਖ਼ਬਾਰ ਦਿੱਸਦੀ ਸਿਆਣੀ ਐ,
ਮੂੰਹ ਨੂੰ ਪੌਡਰ ਲਗਾਕੇ ਫੂਕ ਜਾਂਦੀ ਐ,
ਦੋਵੇਂ ਅੱਖੀਆਂ ਸਬੂਤ ਹੈ ਨਾ ਕਾਣੀ ਐ,
ਟੋਰੀ ਸ਼ਾਬੋ ਲਾਵੇ ਐਨਕ ਬਥੇਰੇ ਚਿਰ ਦੀ।
ਆਵੇ ਧੱਕੇ ਖਾਕੇ ਜੰਗਲ ਅੰਦਰ ਫਿਰਦੀ।
ਪਾਕੇ ਦੁੱਧ 'ਚ ਡੈਬਲ-ਰੋਟੀ ਰੱਜੀ ਸੀ,
ਖਾਣੀ ਚਾਨਸ ਬੁਲ੍ਹਾਂ ਤੇ ਛੁਰੀ ਵੱਜੀ ਸੀ,
ਹੁੰਡਾ ਖਲੂਕੇ ਅੰਦਰ ਦੌਸ ਭੱਜੀ ਸੀ,
ਦੀਹਦੀ ਕੁੱਜੇ ਜੂੰ 'ਚ ਕਰਦੀ ਪਸ਼ਾਬ ਖੜ੍ਹੀ ਐ।
ਮੇਰੀ ਨਵੀਂ ਭਰਜਾਈ ਅੰਗਰੇਜ਼ੀ ਪੜ੍ਹੀ ਐ।

'ਬਾਬੂ' ਵੀਰ ਨੂੰ ਬਣਾ ਗਿਆ ਕੱਲ੍ਹ ਕਾਲ ਸੀ,
ਬਹੂ ਇੱਕ ਦਿਨ ਲੜੀ ਮੱਸ ਨਾਲ਼ ਸੀ,

ਉਹਨੂੰ ਚੰਗੀ ਅਗਰੇਜ਼ੀ ਵਿੱਚ ਗਾਲ਼ ਸੀ
ਭੁੱਲ ਆਖ ਬੈਠੀ ਬੁੜੀ ਨੂੰ 'ਬਲੱਡੀ ਫੂਲ' ਸੀ।
ਮੂੰਹੋਂ ਘੋਟਵੇਂ ਦਾ ਘੜੀ 'ਚ ਬਣਾ ਲਿਆ ਰੂਲ ਸੀ।
ਪੈਹਲਾਂ ਮੁੰਡੀਆਂ ਦੇ ਨਾਲ ਚੰਗੀ ਚਿੱਕ ਸੀ,
ਗਿੱਠ-ਗਿੱਠ ਥਾਂ ਸਰੀਰੋਂ ਲਾਹਤੀ ਛਿੱਲ ਸੀ,
ਮਾਰਿਆ ਘੋਟਣਾ ਮੂੰਹਾਂ 'ਚ ਥੁੱਕ ਛਿੱਕ ਸੀ,
'ਬਾਬੂ' ਫੱਦੜੀ ਅੱਜਬ ਟੋਰ ਜ੍ਹੀ ਵੀ ਅੜੀ ਐ।
ਮੇਰੀ ਨਵੀਂ ਭਰਜਾਈ ਅੰਗਰੇਜ਼ੀ ਪੜ੍ਹੀ ਐ।